ਸ਼ੁੱਕਰਵਾਰ, 26 ਮਈ, 2023

12 ਜੇਠ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 71

ਅੰਕ/NO. : 355

ਨਵਾਂ ਜ਼ਮਾਨਾ

DAILY NAWAN ZAMANA • FRIDAY, 26 MAY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਦਸਵੀਂ ਦਾ ਨਤੀਜਾ ਅੱਜ

ਮੁਹਾਲੀ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦੀ ਮਾਰਚ 'ਚ ਕਰਵਾਈ ਗਈ ਪ੍ਰੀਖਿਆ ਦਾ ਨਤੀਜਾ 26 ਮਈ ਨੂੰ ਸਵੇਰੇ 11:30 ਵਜੇ ਐਲਾਨਿਆ ਜਾਵੇਗਾ। ਨਤੀਜਾ 27 ਮਈ ਨੂੰ ਬੋਰਡ ਦੀ ਵੈੱਬਸਾਈਟ 'ਤੇ ਉਪਲੱਬਧ ਕਰਵਾਇਆ ਜਾਵੇਗਾ।

ਮੁਨੱਵਰ ਰਾਣਾ ਦੀ ਹਾਲਤ ਨਾਜ਼ੁਕ

ਲਖਨਊ : ਨਾਮਵਰ ਸ਼ਾਇਰ ਮੁਨੱਵਰ ਰਾਣਾ (70) ਦੀ ਹਾਲਤ ਬੇਹੱਦ ਨਾਜ਼ੁਕ ਹੈ। ਉਨ੍ਹਾ ਨੂੰ ਇੱਥੇ ਅਪੋਲੋ ਹਸਪਤਾਲ 'ਚ ਵੈਂਟੀਲੇਟਰ 'ਤੇ ਰੱਖਿਆ ਗਿਆ ਹੈ। ਰਾਣਾ ਦੀ ਧੀ ਸੁਮੱਈਆ ਰਾਣਾ ਨੇ ਦੱਸਿਆ ਕਿ ਪਿਛਲੇ ਮੰਗਲਵਾਰ ਨੂੰ ਅਪੋਲੋ ਹਸਪਤਾਲ 'ਚ ਪਿੱਤੇ ਦੇ ਅਪਰੇਸ਼ਨ ਤੋਂ ਬਾਅਦ ਉਨ੍ਹਾ ਦੀ ਤਬੀਅਤ ਵਿਗੜ ਗਈ ਸੀ। ਗਲੇ ਦੇ ਕੈਂਸਰ ਤੋਂ ਪੀੜਤ ਰਾਣਾ ਦਾ ਡਾਇਲਿਸਿਸ ਵੀ ਕਰਵਾਇਆ ਜਾਂਦਾ ਹੈ।

ਜੈਨ ਚੱਕਰ ਖਾ ਕੇ ਡਿੱਗੇ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਵੀਰਵਾਰ ਤਿਹਾੜ ਜੇਲ੍ਹ ਦੇ ਗੁਸਲਖਾਨੇ 'ਚ ਚੱਕਰ ਖਾ ਕੇ ਡਿੱਗ ਗਏ ਤੇ ਉਨ੍ਹਾ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਜੈਨ ਮਨੀ ਲਾਂਡਰਿੰਗ ਮਾਮਲੇ 'ਚ ਪਿਛਲੇ ਸਾਲ ਮਈ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਤਿਹਾੜ ਜੇਲ੍ਹ 'ਚ ਬੰਦ ਹਨ।

ਸੁਸ਼ੀਲ ਗੁਪਤਾ ਹਰਿਆਣਾ 'ਆਪ' ਦੇ ਨਵੇਂ ਪ੍ਰਧਾਨ

ਨਵੀਂ ਦਿੱਲੀ : ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੂੰ 'ਆਪ' ਦੀ ਹਰਿਆਣਾ ਇਕਾਈ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅਸ਼ੋਕ ਤੰਵਰ ਨੂੰ ਪ੍ਰਚਾਰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਸਾਬਕਾ ਵਿਧਾਇਕ ਨਿਰਮਲ ਸਿੰਘ ਕੌਮੀ ਜਾਇੰਟ ਸਕੱਤਰ ਅਤੇ ਅਨੁਰਾਗ ਢਾਂਡਾ ਸੀਨੀਅਰ ਮੀਤ ਪ੍ਰਧਾਨ ਬਣਾਏ ਗਏ ਹਨ।

ਪੰਛੀ ਨਾਲ ਟਕਰਾਉਣ ਤੋਂ ਬਾਅਦ ਉਡਾਣ ਰੱਦ

ਮੇਂਗਲੂਰੂ : ਦੁਬਈ ਜਾ ਰਿਹਾ ਇੰਡੀਗੋ ਜਹਾਜ਼ ਵੀਰਵਾਰ ਸਵੇਰੇ ਸਾਢੇ 8 ਵਜੇ ਦੇ ਕਰੀਬ ਇਥੋਂ ਦੇ ਕੌਮਾਂਤਰੀ ਹਵਾਈ ਅੱਡੇ ਦੇ ਰਨਵੇਅ 'ਤੇ ਪੰਛੀ ਨਾਲ ਟਕਰਾਅ ਗਿਆ, ਜਿਸ ਕਾਰਨ ਉਡਾਣ ਰੱਦ ਕਰਨੀ ਪਈ। ਘਟਨਾ ਤੋਂ ਬਾਅਦ 160 ਯਾਤਰੀਆਂ ਨੂੰ ਕਿਸੇ ਹੋਰ ਜਹਾਜ਼ ਰਾਹੀਂ ਰਵਾਨਾ ਕੀਤਾ ਗਿਆ।

ਸਵੀਨਾ ਪਨੂੰ ਅਮਰੀਕਾ 'ਚ ਜੱਜ ਬਣੀ

ਨਿਊਯਾਰਕ : ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ੋਮ ਵੱਲੋਂ ਐਲਾਨੇ 27 ਨਵੇਂ ਜੱਜਾਂ 'ਚ ਇੱਕ ਭਾਰਤੀ-ਅਮਰੀਕੀ ਅਟਾਰਨੀ ਸਵੀਨਾ ਪਨੂੰ ਵੀ ਸ਼ਾਮਲ ਹੈ, ਜੋ ਸਟੈਨਿਸਲੌਸ ਕਾਊਂਟੀ ਸੁਪੀਰੀਅਰ ਕੋਰਟ 'ਚ ਜੱਜ ਵਜੋਂ ਸੇਵਾ ਕਰੇਗੀ। ਪਨੂੰ ਨੇ ਪੰਜਾਬ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਯੂਨੀਵਰਸਿਟੀ ਆਫ ਏਬਰਡੀਨ ਸਕੂਲ ਆਫ ਲਾਅ ਤੋਂ ਮਾਸਟਰ ਆਫ ਲਾਅ ਦੀ ਡਿਗਰੀ ਹਾਸਲ ਕੀਤੀ।

ਬਰਫਬਾਰੀ ਕਾਰਨ ਹੇਮਕੁੰਟ ਯਾਤਰਾ ਰੋਕੀ

ਅੰਮ੍ਰਿਤਸਰ : ਉਤਰਾਖੰਡ 'ਚ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਬੁੱਧਵਾਰ ਰਾਤ ਭਾਰੀ ਬਰਫਬਾਰੀ ਕਾਰਨ ਦੋ ਦਿਨਾਂ ਵਾਸਤੇ ਯਾਤਰਾ ਰੋਕ ਦਿੱਤੀ ਗਈ ਹੈ। ਸ਼ਰਧਾਲੂਆਂ ਦਾ ਜੱਥਾ ਵੀਰਵਾਰ ਸਵੇਰੇ ਗੁਰਦੁਆਰਾ ਗੋਬਿੰਦ ਧਾਮ ਤੋਂ ਛੇ ਕਿਲੋਮੀਟਰ ਦੂਰ ਗੁਰਦੁਆਰਾ ਹੇਮਕੁੰਟ ਸਾਹਿਬ ਲਈ ਰਵਾਨਾ ਹੋਇਆ ਸੀ, ਪਰ ਰਸਤੇ ਵਿਚ ਅਟਲਾਕੋਟੀ ਕੋਲ ਰੋਕ ਦਿੱਤਾ ਗਿਆ ਤੇ ਯਾਤਰੂ ਗੁਰਦੁਆਰਾ ਗੋਬਿੰਦ ਧਾਮ ਪਰਤ ਆਏ। ਮੌਸਮ ਵਿਭਾਗ ਨੇ 26 ਮਈ ਨੂੰ ਵੀ ਮੌਸਮ ਖਰਾਬ ਰਹਿਣ ਦੀ ਭਵਿੱਖਬਾਣੀ ਕੀਤੀ ਹੈ।

ਲਾਰੈਂਸ ਨੂੰ ਗੁਜਰਾਤ ਤੋਂ ਲਿਆ ਕੇ ਮੰਡੋਲੀ ਜੇਲ੍ਹ 'ਚ ਰੱਖਿਆ

ਨਵੀਂ ਦਿੱਲੀ : ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਵੀਰਵਾਰ ਸਵੇਰੇ ਗੁਜਰਾਤ ਦੀ ਜੇਲ੍ਹ ਤੋਂ ਲਿਆ ਕੇ ਦਿੱਲੀ ਦੀ ਮੰਡੋਲੀ ਜੇਲ੍ਹ 'ਚ ਰੱਖਿਆ ਗਿਆ। ਗੈਂਗਸਟਰ ਟਿੱਲੂ ਤਾਜਪੁਰੀਆ ਦਾ 2 ਮਈ ਨੂੰ ਤਿਹਾੜ ਜੇਲ੍ਹ 'ਚ ਗੋਗੀ ਗੈਂਗ ਦੇ ਚਾਰ ਮੈਂਬਰਾਂ ਵੱਲੋਂ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਗਿਆ ਸੀ। ਗੁਜਰਾਤ ਦੇ ਅੱਤਵਾਦ ਵਿਰੋਧੀ ਦਸਤੇ ਨੇ ਪਿਛਲੇ ਮਹੀਨੇ ਬਿਸ਼ਨੋਈ ਨੂੰ ਸਰਹੱਦ ਪਾਰੋਂ ਡਰੱਗ ਤਸਕਰੀ ਦੇ ਮਾਮਲੇ 'ਚ ਹਿਰਾਸਤ 'ਚ ਲਿਆ ਸੀ।

ਪੰਜਾਬੀ 'ਵਰਸਿਟੀ ਦੀ ਪ੍ਰੀਖਿਆ ਬਰਾਂਚ 'ਚ ਅੱਗ

ਪਟਿਆਲਾ : ਵੀਰਵਾਰ ਸਵੇਰੇ ਕਰੀਬ 7 ਵਜੇ ਪੰਜਾਬੀ ਯੂਨੀਵਰਸਿਟੀ 'ਚ ਪ੍ਰੀਖਿਆ ਬਰਾਂਚ ਦੀ ਨਵੀਂ ਇਮਾਰਤ ਦੀ ਦੂਜੀ ਤੇ ਤੀਜੀ ਮੰਜ਼ਲ ਵਿਚ ਅੱਗ ਲੱਗ ਗਈ। ਮੁੱਢਲੀ ਜਾਂਚ ਮੁਤਾਬਕ ਅੱਗ ਸ਼ਾਰਟ ਸਰਕਟ ਕਾਰਨ ਲੱਗੀ। ਦੋ ਸੁਰੱਖਿਆ ਮੁਲਾਜ਼ਮ ਧੂੰਏਂ ਕਾਰਨ ਬੇਹੋਸ਼ ਹੋ ਗਏ, ਪਰ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਗਈ ਹੈ। ਯੂਨੀਵਰਸਿਟੀ ਅਧਿਕਾਰੀਆਂ ਨੇ ਕਿਹਾ ਕਿ ਉਹ ਨੁਕਸਾਨ ਦਾ ਪੂਰਾ ਮੁਲਾਂਕਣ ਕਰਨਗੇ।

ਕੋਟਾ 'ਚ ਢਾਈ ਹਫਤਿਆਂ 'ਚ ਚੌਥੇ ਸਟੂਡੈਂਟ ਵੱਲੋਂ ਖੁਦਕੁਸ਼ੀ

ਜੈਪੁਰ : ਰਾਜਸਥਾਨ ਦੇ ਕੋਟਾ 'ਚ ਨੀਟ ਦੀ ਕੋਚਿੰਗ ਲੈ ਰਹੇ ਬਿਹਾਰ ਦੇ 16 ਸਾਲਾ ਆਰੀਅਨ ਨੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਉਹ ਕਰੀਬ ਸਾਲ ਪਹਿਲਾਂ ਸ਼ਹਿਰ 'ਚ ਆਇਆ ਸੀ ਤੇ ਕਮਲਾ ਉਦਯਾਨ ਇਲਾਕੇ 'ਚ ਰਹਿ ਰਿਹਾ ਸੀ। ਉਸ ਨੇ ਬੁੱਧਵਾਰ ਰਾਤ ਕਰੀਬ 9 ਵਜੇ ਆਪਣੇ ਕਮਰੇ 'ਚ ਫਾਹਾ ਲੈ ਲਿਆ। ਵਿਦਿਆਰਥੀ ਦੇ ਨੋਟਾਂ ਵਿੱਚੋਂ ਕੁੜੀ ਨੂੰ ਲਿਖੇ ਪੱਤਰ ਵੀ ਮਿਲੇ ਹਨ। ਇਹ ਚੌਥਾ ਮਾਮਲਾ ਹੈ, ਜਦੋਂ ਮੁਕਾਬਲੇ ਦੀ ਤਿਆਰੀ ਕਰ ਰਹੇ ਵਿਦਿਆਰਥੀ ਨੇ ਖੁਦਕੁਸ਼ੀ ਕੀਤੀ ਹੈ। 8 ਤੋਂ 11 ਮਈ ਦਰਮਿਆਨ ਤਿੰਨ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ। 5 ਮਹੀਨਿਆਂ 'ਚ ਖੁਦਕੁਸ਼ੀ ਅਤੇ ਖੁਦਕੁਸ਼ੀ ਦੀ ਕੋਸ਼ਿਸ਼ ਦੇ 10 ਮਾਮਲੇ ਸਾਹਮਣੇ ਆਏ ਹਨ।

ਫਰਜ਼ੀ ਵੀਡੀਓ ਕਾਲ ਤੋਂ ਜ਼ਰਾ ਬਚ ਕੇ



ਨਵੀਂ ਦਿੱਲੀ : ਅੱਜਕੱਲ੍ਹ ਮੋਬਾਇਲ ਲੱਗਭੱਗ ਸਾਰਿਆਂ ਕੋਲ ਹੈ। ਫੋਨ 'ਤੇ ਗੱਲ ਹੁੰਦੀ ਹੈ, ਵਟਸਐਪ 'ਤੇ ਵੀਡੀਓ ਕਾਲ ਹੁੰਦੀ ਹੈ, ਪੈਸੇ ਤੁਰਤ-ਫੁਰਤ ਟਰਾਂਸਫਰ ਹੁੰਦੇ ਹਨ। ਇਸ 'ਚ ਧੋਖਾਧੜੀ ਵੀ ਖੂਬ ਹੋਣ ਲੱਗੀ ਹੈ। ਪਿਛਲੇ ਦਿਨੀਂ ਇੱਕ ਠੱਗ ਨੇ ਇੱਕ ਡਾਕਟਰ ਤੋਂ ਸਾਢੇ ਚਾਰ ਕਰੋੜ ਰੁਪਏ ਉਡਾਅ ਲਏ। ਹੁਣ ਇੱਕ ਬੈਂਕਰ ਵੀ ਇਸ ਤਰ੍ਹਾਂ ਦੀ ਠੱਗੀ ਦਾ ਸ਼ਿਕਾਰ ਹੋਈ ਹੈ। ਪੱਛਮੀ ਦਿੱਲੀ ਦਾ ਇਹ ਨਵਾਂ ਮਾਮਲਾ ਹੈ। ਮਹਿਲਾ ਦੇ ਖਾਤੇ 'ਚੋਂ 2 ਲੱਖ ਰੁਪਏ ਉਡਾਅ ਲਏ ਗਏ। ਮਹਿਲਾ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਦੱਸਿਆ, 'ਉਨ੍ਹਾਂ ਖੁਦ ਨੂੰ ਮੁੰਬਈ ਕ੍ਰਾਇਮ ਬਾਂਚ ਨਾਲ ਜੁੜਿਆ ਦੱਸਿਆ ਅਤੇ ਕਿਹਾ ਕਿ ਮੇਰਾ ਅਕਾਊਂਟ ਅੱਤਵਾਦੀਆਂ ਦੀ ਫੰਡਿੰਗ ਨਾਲ ਸੰਬੰਧਤ ਜੁੜਿਆ ਹੋਇਆ ਹੈ। ਇਸ ਤੋਂ ਬਾਅਦ ਉਨ੍ਹਾਂ ਰੁਪਏ ਟਰਾਂਸਫਰ ਕਰਾਉਣ ਲਈ ਮਜਬੂਰ ਕੀਤਾ।' ਮਹਿਲਾ ਦਾ ਕਹਿਣਾ ਹੈ ਕਿ ਉਹ ਇੱਕ ਬੈਂਕ 'ਚ ਸੀ, ਜਦ ਉਸ ਕੋਲ ਅਗਿਆਤ ਨੰਬਰ ਤੋਂ ਫੋਨ ਆਇਆ। ਦੱਸਿਆ ਗਿਆ ਕਿ ਕਾਲ ਕੋਰੀਅਰ ਕੰਪਨੀ ਤੋਂ ਹੈ। ਉਨ੍ਹਾ ਜ਼ਿਆਦਾ ਜਾਣਕਾਰੀ ਲਈ 1 ਦਬਾਉਣ ਲਈ ਕਿਹਾ। ਅਪਰੇਟਰ ਨੇ ਕਿਹਾ ਕਿ ਇੱਕ ਕੋਰੀਅਰ ਨੂੰ ਜ਼ਬਤ ਕੀਤਾ ਗਿਆ ਹੈ ਅਤੇ ਤੁਹਾਡੇ ਖਿਲਾਫ਼ ਇੱਕ ਐੱਫ ਆਈ ਆਰ ਦਰਜ ਕੀਤੀ ਗਈ ਹੈ। ਮੈਨੂੰ ਲੱਗਾ ਕਿ ਕਿਸੇ ਨੇ ਮੇਰੇ ਨਾਂਅ ਤੋਂ ਕੋਰੀਅਰ ਭੇਜਿਆ ਹੋਵੇਗਾ। ਮੈਂ ਡਰ ਗਈ, ਠੀਕ ਨਾਲ ਸੋਚ ਨਹੀਂ ਸਕੀ ਅਤੇ ਉਸ ਦੇ ਜਾਲ 'ਚ ਫਸ ਗਈ।

ਫੋਨ ਕਰਨ ਵਾਲੀ ਔਰਤ ਨੇ ਕਿਹਾ ਕਿ ਉਹ ਮੁੰਬਈ 'ਚ ਨਾਰਕੋਟਿਕਸ ਡਿਪਾਰਟਮੈਂਟ ਨਾਲ ਜੋੜ ਰਹੀ ਹੈ। ਇਸ ਤੋਂ ਬਾਅਦ ਉਸੇ ਸਕਾਇਪ ਕਾਲ 'ਤੇ ਆਉਣ ਲਈ ਕਿਹਾ। ਵੀਡੀਓ 'ਚ ਦਿਖਾ ਕੇ ਬੈਕਗਰਾਊਂਡ 'ਚ ਨਾਰਕੋਟਿਕਸ ਡਿਪਾਰਟਮੈਂਟ ਦੇ ਲੋਗੋ ਦੇ ਨਾਲ 4-5 ਲੋਕ ਦਿਖਾਈ ਦੇ ਰਹੇ ਸਨ। ਠੱਗਾਂ ਨੇ ਕਿਹਾ ਕਿ ਕੋਰੀਅਰ 'ਚ ਪਾਸਪੋਰਟ, ਕੱਪੜੇ ਅਤੇ ਡਰੱਗ ਮਿਲੇ ਹਨ ਅਤੇ ਉਸ ਖਿਲਾਫ਼ ਕਈ ਸ਼ਿਕਾਇਤਾਂ ਦਰਜ ਕਰਾਈਆਂ ਗਈਆਂ ਹਨ। ਮਹਿਲਾ ਨੇ ਦੱਸਿਆ, 'ਉਹ ਦੋ ਘੰਟੇ ਤੱਕ ਇਸੇ ਤਰ੍ਹਾਂ ਪ੍ਰੇਸ਼ਾਨ ਕਰਦੇ ਰਹੇ, ਜਦ ਉਨ੍ਹਾਂ ਨੂੰ ਲੱਗਾ ਕਿ ਮੈਂ ਸੋਚ ਨਹੀਂ ਪਾ ਰਹੀ ਤਾਂ ਉਨ੍ਹਾਂ ਕਿਹਾ ਕਿ ਆਰ ਬੀ ਆਈ ਮੇਰੇ ਖਾਤੇ ਦੀ ਜਾਂਚ ਕਰੇਗਾ ਅਤੇ ਮੈਨੂੰ ਪੈਸੇ ਟਰਾਂਸਫਰ ਕਰਨ ਲਈ ਕਿਹਾ ਗਿਆ। ਮੈਂ ਉਨ੍ਹਾਂ ਨੂੰ ਬੇਨਤੀ ਕਰਕੇ ਆਪਣੀ ਗੱਲ ਕਹਿੰਦੀ ਰਹੀ, ● ਬਾਕੀ ਸਫ਼ਾ 2 'ਤੇ

- ਆਨਲਾਈਨ ਠੱਗੀ ਤੋਂ ਬਚਣ ਲਈ ਹਰ ਗੈਰ-ਜ਼ਰੂਰੀ ਕਾਲ ਤੋਂ ਬਚੋ
- ਜਿਸ ਈ ਮੇਲ 'ਚ ਤੁਹਾਡੀ ਨਿੱਜੀ ਅਤੇ ਖਾਤੇ ਦੀ ਜਾਣਕਾਰੀ ਮੰਗੀ ਜਾਵੇ, ਉਸ ਦਾ ਜਵਾਬ ਨਾ ਦਿਓ।
- ਫੋਨ ਕਾਲ 'ਤੇ ਕਹਿਣ 'ਤੇ ਕੋਈ ਐਪ ਜਾਂ ਫਾਇਲ ਡਾਊਨਲੋਡ ਨਾ ਕਰੋ
- ਜੇਕਰ ਕੋਈ ਪੁਲਸ ਵਿਭਾਗ ਨਾਲ ਸੰਬੰਧਤ ਕਹਿੰਦਾ ਹੈ ਤਾਂ ਸਕਾਇਪ ਕਾਲ 'ਤੇ ਨਾ ਜਾਓ
- ਸਾਮਾਨ ਭੇਜਿਆ ਗਿਆ ਜਾਂ ਰੋਕਿਆ, ਇਸ ਬਾਰੇ ਕੋਰੀਅਰ ਕੰਪਨੀ ਫੋਨ ਕਾਲ ਜਾਂ ਈਮੇਲ 'ਤੇ ਤੁਹਾਡੀ ਨਿੱਜੀ ਜਾਣਕਾਰੀ ਕਦੀ ਨਹੀਂ ਮੰਗੇਗੀ।
- ਕਸਟਮਰ ਕੇਅਰ ਨੰਬਰ ਕੰਪਨੀ ਜਾਂ ਸੰਸਥਾ ਦੀ ਅਧਿਕਾਰਤ ਵੈੱਬਸਾਇਟ ਤੋਂ ਜ਼ਰੂਰ ਪੱਕਾ ਕਰੋ।

ਮਾਨ ਦਾ ਚੰਨੀ ਨੂੰ ਅਲਟੀਮੇਟਮ

ਪੈਸੇ ਮੰਗਣ ਵਾਲੇ ਦਾ ਨਾਂਅ ਦੱਸੋ, ਨਹੀਂ ਤਾਂ 31 ਨੂੰ ਮੈਂ ਦੱਸਾਂਗਾ

ਮੈਂ ਬੇਕਸੂਰ, ਸਬੂਤ ਹੈ ਤਾਂ ਮੈਨੂੰ ਅੰਦਰ ਹੀ ਕਰ ਦਿਓ : ਚੰਨੀ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚਿਤਾਵਨੀ ਦਿੱਤੀ ਹੈ ਕਿ ਖਿਡਾਰੀ ਤੋਂ ਨੌਕਰੀ ਬਦਲੇ ਰਿਸ਼ਵਤ ਮੰਗਣ ਬਾਰੇ ਜਾਣਕਾਰੀ 31 ਮਈ ਬਾਅਦ ਦੁਪਹਿਰ 2 ਵਜੇ ਤੱਕ ਜਨਤਕ ਕਰਨ, ਨਹੀਂ ਤਾਂ ਉਹ ਸਭ ਕੁਝ ਜਨਤਕ ਕਰ ਦੇਣਗੇ। ਮਾਨ ਨੇ ਟਵੀਟ ਕੀਤਾ ਹੈ- ਮਾਣਯੋਗ ਚਰਨਜੀਤ ਚੰਨੀ ਜੀ, ਆਦਰ ਸਹਿਤ ਤੁਹਾਨੂੰ 31 ਮਈ ਬਾਅਦ ਦੁਪਹਿਰ 2 ਵਜੇ ਤੱਕ ਆਪਣੇ ਭਤੀਜੇ-ਭਾਣਜੇ ਵੱਲੋਂ ਖਿਡਾਰੀ ਤੋਂ ਨੌਕਰੀ ਬਦਲੇ ਰਿਸ਼ਵਤ ਮੰਗਣ ਬਾਰੇ ਸਾਰੀ ਜਾਣਕਾਰੀ ਜਨਤਕ ਕਰਨ ਦਾ ਮੌਕਾ ਦਿੰਦਾ ਹਾਂ। ਨਹੀਂ ਤਾਂ ਫੇਰ 31 ਮਈ ਬਾਅਦ ਦੁਪਹਿਰ 2 ਵਜੇ ਮੈਂ ਫੋਟੋਆਂ, ਨਾਂਅ ਅਤੇ ਮਿਲਣ ਵਾਲੀ ਥਾਂ ਸਮੇਤ ਸਭ ਕੁੱਝ ਪੰਜਾਬੀਆਂ ਸਾਹਮਣੇ ਰੱਖਾਂਗਾ।

ਇਸੇ ਦੌਰਾਨ ਚੰਨੀ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਜੇ ਮੁੱਖ ਮੰਤਰੀ ਕੋਲ ਕਿਸੇ ਵੀ ਭ੍ਰਿਸ਼ਟਾਚਾਰ ਦੇ ਸਬੂਤ ਹਨ ਤਾਂ ਉਹ ਟਵੀਟ ਕਰਕੇ ਤਰੀਕਾਂ ਬੰਨ੍ਹਣ ਨਾਲੋਂ ਪਰਚਾ ਦਰਜ ਕਰਕੇ ਉਨ੍ਹਾ ਨੂੰ ਅੰਦਰ ਦੇ ਦੇਣ। ਉਨ੍ਹਾ ਇਹ ਵੀ ਕਿਹਾ ਕਿ ਉਹ ਖੁਦ ਮਿਹਨਤ ਕਰਕੇ ਇਸ ਮੁਕਾਮ 'ਤੇ ਆਏ ਹਨ, ਉਨ੍ਹਾ ਵੱਲੋਂ ਕਦੇ ਵੀ ਕਿਸੇ ਖਿਡਾਰੀ ਨੂੰ ਨਹੀਂ ਕਿਹਾ ਗਿਆ ਕਿ ਉਹ ਜਾ ਕੇ ਉਸ ਦੇ ਭਤੀਜੇ ਜਾਂ ਭਾਣਜੇ ਨੂੰ ਮਿਲੇ। ਉਹ ਖੁਦ ਵੀ ਆਪਣੇ ਪਰਵਾਰਕ ਮੈਂਬਰਾਂ ਨੂੰ ਪੁੱਛ ਚੁੱਕੇ ਹਨ ਕਿ ਉਨ੍ਹਾਂ ਨੂੰ ਇਸ ਸੰਬੰਧੀ ਕੋਈ ਮਿਲਿਆ ਹੈ। ਪਰਵਾਰ ਵੀ ਕਹਿ ਰਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਚੰਨੀ ਨੇ ਕਿਹਾ ਕਿ ਜੇ ਸੀ ਐੱਮ ਮਾਨ ਕੋਲ ਕੋਈ ਸਬੂਤ ਹੈ ਤਾਂ ਉਹ ਕਾਰਵਾਈ ਕਰਨ, ਪਰ ਉਹ ਬੇਕਸੂਰ ਹਨ।

ਮਾਨ ਨੂੰ ਜ਼ੈੱਡ ਪਲੱਸ ਸੁਰੱਖਿਆ

ਚੰਡੀਗੜ੍ਹ : ਕੇਂਦਰ ਸਰਕਾਰ ਨੇ ਤਾਜ਼ਾ ਖੁਫੀਆ ਇਨਪੁੱਟ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ੈੱਡ ਪਲੱਸ ਸੀ ਆਰ ਪੀ ਐੱਫ ਸੁਰੱਖਿਆ ਕਵਰ ਪ੍ਰਦਾਨ ਕੀਤਾ ਹੈ। ਇਹ ਜਵਾਨ ਪੂਰੇ ਭਾਰਤ 'ਚ ਉਨ੍ਹਾ ਨਾਲ ਰਹਿਣਗੇ।

ਪੰਜਾਬ ਦੇ ਸੈਂਕੜੇ ਕਿਸਾਨ ਭਲਵਾਨਾਂ ਦੇ ਧਰਨੇ 'ਚ ਪੁੱਜੇ

ਨਵੀਂ ਦਿੱਲੀ/ਬਠਿੰਡਾ (ਗਿਆਨ ਸੈਦਪੁਰੀ/ਬਖਤੌਰ ਢਿੱਲੋਂ)

ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਅਤੇ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਦਾ ਜਥਾ ਵੀਰਵਾਰ ਜੰਤਰ ਮੰਤਰ ਵਿਖੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਮਹਿਲਾ ਭਲਵਾਨਾਂ ਵੱਲੋਂ ਇਨਸਾਫ ਲਈ ਲਾਏ ਹੋਏ ਧਰਨੇ ਵਿੱਚ ਪਹੁੰਚਿਆ।

ਕਿਸਾਨ ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਜਦੋਂ ਤੱਕ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਗ੍ਰਿਫਤਾਰ ਕਰਕੇ ਸੀਖਾਂ ਪਿੱਛੇ ਬੰਦ ਨਹੀਂ ਕੀਤਾ ਜਾਂਦਾ, ਓਨਾ ਚਿਰ ਜਥੇਬੰਦੀ ਅੰਦੋਲਨ ਚਲਾ ਰਹੇ ਖਿਡਾਰੀਆਂ ਦੇ ਹਰ ਫੈਸਲੇ 'ਤੇ ਪਹਿਰਾ ਦੇਵੇਗੀ। ਉਹਨਾਂ ਕਿਹਾ ਕਿ ਦੇਸ਼ ਦੀ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪਰਚਾ ਦਰਜ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਦੋਸ਼ੀ ਨੂੰ ਬਚਾਉਣ ਲਈ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਦੇਸ਼ ਦੀਆਂ ਜਮਹੂਰੀ ਕਦਰਾਂ-ਕੀਮਤਾਂ ਦਾ ਕਤਲ ਕਰ ਰਹੀ ਹੈ।

ਧਰਨੇ ਨੂੰ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ, ਸੂਰਤ ਸਿੰਘ ਧਰਮਕੋਟ ਅਤੇ ਲਖਬੀਰ ਸਿੰਘ ਨਿਜ਼ਾਮਪੁਰ ਨੇ ਵੀ ਸੰਬੋਧਨ ਕੀਤਾ। ਪੰਜਾਬ ਭਰ ਵਿੱਚੋਂ ਜਥੇਬੰਦੀ ਦੇ ਆਗੂ ਚਮਕੌਰ ਸਿੰਘ, ਜਸਵੀਰ ਸਿੰਘ ਝੱਜ, ਬਲਕਾਰ ਸਿੰਘ ਵਲਟੋਹਾ, ਰੂਪ ਸਿੰਘ ਢਿੱਲੋਂ, ਤਰਸੇਮ ਸਿੰਘ ਨੰਗਲ, ਚਰਨਜੀਤ ਸਿੰਘ, ਹਰਦੇਵ ਸਿੰਘ ਬਖਸ਼ੀਵਾਲਾ, ਕੁਲਵੰਤ ਬਾਵਾ, ਹਰਦਿਆਲ ਸਿੰਘ ਘਾਲੀ, ਸੁਬੇਗ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਮੁਹਾਲੀ, ਬਰਿਜ ਲਾਲ ਪਟਿਆਲਾ, ਜਸਵਿੰਦਰ ਸਿੰਘ ਮੰਗਲ, ਵਜ਼ੀਰ ਚੰਦ, ਸਤਿਆਪਾਲ ਸੈਣੀ, ਮੁਕੰਦ ਸਿੰਘ, ਜੈਪਾਲ ਸਿੰਘ, ਗੁਰਪ੍ਰੀਤ ਕੌਰ ਅਤੇ ਗੁਰਪ੍ਰੀਤ ਸਿੰਘ ਕੱਟਿਆਂਵਾਲੀ ਆਦਿ ਹਾਜ਼ਰ ਸਨ।

ਪਵਾਰ ਵੱਲੋਂ ਵੀ 'ਆਪ' ਦੀ ਹਮਾਇਤ

ਮੁੰਬਈ : ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਇਥੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਨਾਲ ਮੁਲਾਕਾਤ ਕੀਤੀ। ਪਵਾਰ ਨੇ ਉਨ੍ਹਾਂ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ।

ਕੇਜਰੀਵਾਲ ਤੇ ਮਾਨ ਨੇ ਬੁੱਧਵਾਰ ਸ਼ਿਵ ਸੈਨਾ (ਯੂ ਬੀ ਟੀ) ਦੇ ਪ੍ਰਧਾਨ ਊਧਵ ਠਾਕਰੇ ਨਾਲ ਦਿੱਲੀ 'ਚ ਸੇਵਾਵਾਂ ਦੇ ਨਿਯੰਤਰਣ ਲਈ ਕੇਂਦਰ ਸਰਕਾਰ ਦੇ ਆਰਡੀਨੈਂਸ ਵਿਰੁੱਧ 'ਆਪ' ਦੀ ਲੜਾਈ ਲਈ ਸਮਰਥਨ ਮੰਗਣ ਵਾਸਤੇ ਮੁਲਾਕਾਤ ਕੀਤੀ ਸੀ।

ਲਿੰਚਿੰਗ ਮਾਮਲੇ 'ਚ 4 'ਗਊ ਰੱਖਿਅਕਾਂ' ਨੂੰ 7-7 ਸਾਲ ਕੈਦ ਦੀ ਸਜ਼ਾ

ਜੈਪੁਰ : ਰਾਜਸਥਾਨ ਦੇ ਅਲਵਰ ਦੇ ਰਕਬਰ ਖਾਨ ਨੂੰ ਕੁੱਟ ਕੇ ਮਾਰਨ ਦੇ ਮਾਮਲੇ 'ਚ ਸਥਾਨਕ ਅਦਾਲਤ ਨੇ ਚਾਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ 7-7 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਕਰੀਬ ਪੰਜ ਸਾਲ ਪਹਿਲਾਂ ਰਕਬਰ ਉਰਫ ਅਕਬਰ ਨੂੰ 'ਗਊ ਰੱਖਿਅਕਾਂ' ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਅਦਾਲਤ ਨੇ ਪੰਜਵੇਂ ਮੁਲਜ਼ਮ ਨਵਲ ਕਿਸ਼ੋਰ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰ ਦਿੱਤਾ। ਵਿਸ਼ੇਸ਼ ਸਰਕਾਰੀ ਵਕੀਲ ਅਸ਼ੋਕ ਸ਼ਰਮਾ ਨੇ ਦੱਸਿਆ ਕਿ ਕੇਸ ਦੀ ਸੁਣਵਾਈ ਕਰਦਿਆਂ ਐਡੀਸ਼ਨਲ ਜ਼ਿਲ੍ਹਾ ਜੱਜ ਨੇ ਮੁਲਜ਼ਮ ਪਰਮਜੀਤ, ਧਰਮਿੰਦਰ, ਨਰੇਸ਼ ਅਤੇ ਵਿਜੇ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਇਤਿਹਾਸਕ ਮੀਲ ਪੱਥਰ

ਨਵੀਂ ਦਿੱਲੀ : ਪਹਿਲੀ ਵਾਰ ਮਿਗ-29 ਕੇ ਲੜਾਕੂ ਜਹਾਜ਼ ਨੇ ਦੇਸ਼ 'ਚ ਬਣੇ ਜੰਗੀ ਬੇੜੇ ਆਈ ਐੱਨ ਐੱਸ ਵਿਕਰਾਂਤ 'ਤੇ ਰਾਤ ਨੂੰ ਉਤਰ ਕੇ ਇਤਿਹਾਸ ਰਚ ਦਿੱਤਾ। ਭਾਰਤੀ ਜਲ ਸੈਨਾ ਇਸ ਨੂੰ ਇਤਿਹਾਸਕ ਮੀਲ ਪੱਥਰ ਮੰਨ ਰਹੀ ਹੈ।

ਇਹ ਪ੍ਰਾਪਤੀ ਬੁੱਧਵਾਰ ਰਾਤ ਉਦੋਂ ਹਾਸਲ ਕੀਤੀ ਗਈ, ਜਦੋਂ ਜੰਗੀ ਬੇੜਾ ਅਰਬ ਸਾਗਰ 'ਚ ਜਾ ਰਿਹਾ ਸੀ।

ਦੋ ਏ ਐੱਸ ਆਈ ਗ੍ਰਿਫ਼ਤਾਰ

ਚੰਡੀਗੜ੍ਹ : ਵਿਜੀਲੈਂਸ ਬਿਊਰੋ ਨੇ ਏ ਐੱਸ ਆਈ ਬਲਜਿੰਦਰ ਸਿੰਘ ਮੰਡ, ਇੰਚਾਰਜ ਪੁਲਸ ਚੌਕੀ ਫੇਜ਼-6 ਮੁਹਾਲੀ ਅਤੇ ਉਸ ਨਾਲ ਹੀ ਤਾਇਨਾਤ ਏ ਐੱਸ ਆਈ ਕੁਲਦੀਪ ਸਿੰਘ ਨੂੰ 25,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਰਵਿੰਦਰ ਕੁਮਾਰ ਵਾਸੀ ਮੁੰਡੀਆਂ ਕਲਾਂ (ਲੁਧਿਆਣਾ) ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਸੀ ਕਿ ਉਸ ਦੇ ਦੋਸਤ ਪਾਰਸ ਨੂੰ ਚੌਕੀ ਇੰਚਾਰਜ ਨੇ ਸ਼ਰਾਬ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ।

ਦੋਹਾਂ ਪੁਲਸ ਅਫਸਰਾਂ ਨੇ ਪਾਰਸ, ਜਿਸ ਦਾ ਆਉਣ ਵਾਲੇ ਦਿਨਾਂ 'ਚ ਵਿਆਹ ਹੋਣਾ ਤੈਅ ਸੀ, ਦੀ ਜ਼ਮਾਨਤ ਕਰਾਉਣ 'ਚ ਮਦਦ ਕਰਨ ਬਦਲੇ ਵੱਖ-ਵੱਖ ਤਰੀਕਾਂ 'ਤੇ 45,000 ਰੁਪਏ ਲਏ। ਦੋਹਾਂ ਨੇ ਇਸੇ ਮਾਮਲੇ 'ਚ ਇੱਕ ਹੋਰ ਦੋਸਤ ਹਰਮੀਤ ਸਿੰਘ ਨੂੰ ਬਤੌਰ ਸਹਿ-ਦੋਸ਼ੀ ਸ਼ਾਮਲ ਨਾ ਕਰਨ ਬਦਲੇ 50,000 ਰੁਪਏ ਹੋਰ ਮੰਗੇ।

ਵਿਜੀਲੈਂਸ ਨੇ ਮੰਡ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ 25,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਕੇਸ ਦੇ ਤਫਤੀਸ਼ੀ ਅਫਸਰ ਕੁਲਦੀਪ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਅੱਜ-ਨਾਮਾ

ਭਿੜਦੇ ਹਰਿਆਣਾ ਪੰਜਾਬ ਸਨ ਪਏ ਅੱਗੇ,
ਮੁੱਦਾ ਪਾਣੀ ਦਾ ਹੋਇਆ ਨਹੀਂ ਹੱਲ ਬੇਲੀ।
ਰਾਜਸਥਾਨ ਲਈ ਪਿਆ ਈ ਨਵਾਂ ਰੱਫੜ,
ਗਿਆ ਧਿਆਨ ਫਿਰ ਉਸ ਦੇ ਵੱਲ ਬੇਲੀ।
ਹਿਮਾਚਲ ਵਾਲੇ ਆ ਡੈਮ ਦਾ ਚੁੱਕ ਮੁੱਦਾ,
ਛੇੜਨ ਚੱਲ ਪਏ ਨਵੀਂ ਕੋਈ ਗੱਲ ਬੇਲੀ।
ਨਵਾਂ ਕੋਈ ਕੱਲ੍ਹ ਨੂੰ ਹੋਰ ਵੀ ਉੱਠ ਪੈਣਾ,
ਲਾਹੁੰਦੇ ਰਿਹੋ ਫਿਰ ਵਾਲ਼ ਦੀ ਖੱਲ ਬੇਲੀ।
ਮੁੜ ਮੁੜ ਉੱਠ ਕੇ ਮੁੱਦੇ ਫਿਰ ਬਹਿ ਜਾਂਦੇ,
ਰਾਜਸੀ ਗਰਜਾਂ ਦੀ ਭਖੀ ਪਈ ਭੱਠ ਬੇਲੀ।
ਮਾਰ ਲਿਆ ਦੇਸ਼ ਨੂੰ ਵੋਟਾਂ ਦੀ ਰਾਜਨੀਤੀ,
ਦੇਣਾ ਰਹਿਣ ਨਹੀਂ ਲੋਕਾਂ ਦਾ 'ਕੱਠ ਬੇਲੀ।

-ਤੀਸ ਮਾਰ ਖਾਂ

ਰਾਸ਼ਟਰਪਤੀ ਤੋਂ ਉਦਘਾਟਨ ਕਰਾਉਣ ਲਈ ਸੁਪਰੀਮ ਕੋਰਟ 'ਚ ਪਟੀਸ਼ਨ

ਨਵੀਂ ਦਿੱਲੀ : ਸੁਪਰੀਮ ਕੋਰਟ ਵਿਚ ਵੀਰਵਾਰ ਲੋਕਹਿਤ ਪਟੀਸ਼ਨ ਦਾਇਰ ਕਰਕੇ ਇਹ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਕਿ ਨਵੀਂ ਸੰਸਦ ਦੀ ਇਮਾਰਤ ਦਾ ਉਦਘਾਟਨ 28 ਮਈ ਨੂੰ ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਕੀਤਾ ਜਾਵੇ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਲੋਕ ਸਭਾ ਸਕੱਤਰੇਤ ਰਾਸ਼ਟਰਪਤੀ ਨੂੰ ਉਦਘਾਟਨ ਲਈ ਸੱਦਾ ਨਾ ਦੇ ਕੇ ਸੰਵਿਧਾਨ ਦੀ ਉਲੰਘਣਾ ਕਰ ਰਿਹਾ ਹੈ। ਵਕੀਲ ਜਯਾ ਸੁਕਿਨ ਵੱਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਲੋਕ ਸਭਾ ਸਕੱਤਰੇਤ ਵੱਲੋਂ 18 ਮਈ ਨੂੰ ਜਾਰੀ ਬਿਆਨ ਅਤੇ ਨਵੀਂ ਸੰਸਦ ਭਵਨ ਦੇ ਉਦਘਾਟਨ ਸੰਬੰਧੀ ਲੋਕ ਸਭਾ ਦੇ ਸਕੱਤਰ ਜਨਰਲ ਵੱਲੋਂ ਜਾਰੀ ਕੀਤੇ ਗਏ ਸੱਦੇ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ। ਪਟੀਸ਼ਨਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਨਿਯੁਕਤ ਕਰਦਾ ਹੈ ਅਤੇ ਹੋਰ ਮੰਤਰੀਆਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੇਂ ਸੰਸਦ ਕੰਪਲੈਕਸ ਦਾ ਉਦਘਾਟਨ 28 ਮਈ ਨੂੰ ਕਰਨਗੇ। ਬਹੁਤੀਆਂ ਵਿਰੋਧੀ ਪਾਰਟੀਆਂ ਨੇ ਰਾਸ਼ਟਰਪਤੀ ਤੋਂ ਉਦਘਾਟਨ ਨਾ ਕਰਵਾਉਣ 'ਤੇ ਸਮਾਗਮ ਦੇ ਬਾਈਕਾਟ ਦਾ ਐਲਾਨ ਕੀਤਾ ਹੈ।

ਰਾਸ਼ਟਰਪਤੀ ਤੀਜੀ ਵਾਰ ਨਜ਼ਰਅੰਦਾਜ਼

ਨਵੀਂ ਦਿੱਲੀ : ਆਪ ਦੇ ਕਨਵੀਨਰ ਨੇ ਟਵੀਟ ਕੀਤਾ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਤਿੰਨ ਮੌਕਿਆਂ 'ਤੇ ਰਾਸ਼ਟਰਪਤੀ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾ ਕਿਹਾ ਹੈ ਕਿ ਪਹਿਲਾਂ ਪ੍ਰਭੂ ਸ੍ਰੀ ਰਾਮ ਮੰਦਰ ਦੇ ਸ਼ਿਲਾਨਿਆਸ 'ਤੇ ਮੋਦੀ ਜੀ ਨੇ ਤੱਤਕਾਲੀ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਜੀ ਨੂੰ ਨਹੀਂ ਸੱਦਿਆ। ਨਵੇਂ ਸੰਸਦ ਭਵਨ ਦੇ ਸ਼ਿਲਾਨਿਆਸ 'ਤੇ ਵੀ ਮੋਦੀ ਜੀ ਨੇ ਸ੍ਰੀ ਰਾਮ ਨਾਥ ਕੋਵਿੰਦ ਜੀ ਨੂੰ ਨਹੀਂ ਸੱਦਿਆ। ਹੁਣ ਨਵੇਂ ਸੰਸਦ ਭਵਨ ਦੇ ਉਦਘਾਟਨ ਨੂੰ ਵੀ ਮੌਜੂਦਾ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਦੇ ਹੱਥੋਂ ਨਹੀਂ ਕਰਵਾ ਰਹੇ। ਦੇਸ਼-ਭਰ ਦਾ ਐੱਸ ਸੀ ਤੇ ਐੱਸ ਟੀ ਸਮਾਜ ਪੁੱਛ ਰਿਹਾ ਹੈ ਕਿ ਕੀ ਉਨ੍ਹਾਂ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ, ਇਸ ਲਈ ਨਹੀਂ ਸੱਦਦੇ ?

26-MAY-PAGE-1.qxd 5/25/2023 10:39 PM Page 2

ਸਮਾਜ ਸੇਵੀ ਤੇ ਚੰਗੀ ਕਾਰਗੁਜ਼ਾਰੀ ਵਾਲੇ ਅਧਿਆਪਕਾਂ ਦਾ ਸਨਮਾਨ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਪ੍ਰਾਇਮਰੀ ਸਕੂਲ ਮੁੱਦਕੀ ਵਿਖੇ ਵਿਸ਼ੇਸ਼ ਸਨਮਾਨ ਸਮਾਰੋਹ ਰੱਖਿਆ ਗਿਆ। ਇਸ ਸਨਮਾਨ ਸਮਾਰੋਹ ਵਿਚ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਫਿਰੋਜ਼ਪੁਰ ਰਾਜੀਵ ਕੁਮਾਰ ਛਾਬੜਾ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਫਿਰੋਜ਼ਪੁਰ ਸੁਖਵਿੰਦਰ ਸਿੰਘ, ਬੀਪੀਈਓ ਘੱਲ ਖੁਰਦ ਅੰਮ੍ਰਿਤਪਾਲ ਸਿੰਘ ਬਰਾੜ ਅਤੇ ਈਟੀਟੀ ਅਧਿਆਪਕ ਯੂਨੀਅਨ ਦੇ ਪੰਜਾਬ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਮੁਖੀ ਬਿਬੇਕਾਨੰਦ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਮੁੱਦਕੀ ਨੂੰ ਸਮੇਂ-ਸਮੇਂ 'ਤੇ ਆਪਣੀਆਂ ਸੇਵਾਵਾਂ ਦੇਣ ਵਾਲੇ ਵਰਿੰਦਰ ਸਿੰਘ ਖਾਲਸਾ, ਬਲਵਿੰਦਰ ਸਿੰਘ ਖੁਰਮੀ, ਜਤਿੰਦਰ ਸਿੰਘ ਘਾਲੀ, ਮਹਿੰਦਰ ਸਿੰਘ ਸਾਬਕਾ ਐੱਮਸੀ, ਰਵਿੰਦਰ ਕੁਮਾਰ ਗਰਗ, ਲਖਵਿੰਦਰ ਪਾਲ ਲੱਕੀ ਸ਼ਰਮਾ, ਮਾਸਟਰ ਛਿੰਦਰ ਸਿੰਘ, ਇੰਦਰਜੀਤ ਸਿੰਘ, ਕੁਲਦੀਪ ਸਿੰਘ ਤੇ ਹੋਰ ਸਮਾਜ ਸੇਵੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਕਲੱਸਟਰ ਮੁੱਦਕੀ ਦੇ ਸਮੂਹ ਸਕੂਲਾਂ ਵਿਚੋਂ ਸਰਵੋਤਮ ਕਾਰਗੁਜ਼ਾਰੀ ਵਾਲੇ ਦੋ ਅਧਿਆਪਕਾਂ ਅਮਨਦੀਪ ਸਿੰਘ ਫਿੱਡੇ ਤੇ ਮਨਪ੍ਰੀਤ ਕੌਰ ਮੁੱਦਕੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮੂਹ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਮੁੱਦਕੀ ਤੇ ਸਮੂਹ ਅਧਿਆਪਕ ਕਲੱਸਟਰ ਮੁੱਦਕੀ ਵੀ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਲਖਵੀਰ ਕੌਰ ਨੇ ਨਿਭਾਈ।

ਆਈ.ਐੱਸ.ਐੱਫ਼. ਕਾਲਜ 'ਚ ਆਊਟ ਕਮ ਰਿਸਰਚ 'ਤੇ ਵੈਬੀਨਾਰ

ਮੋਗਾ (ਅਮਰਜੀਤ ਬੱਬਰੀ)-ਆਈ.ਐਸ.ਐਫ਼. ਕਾਲਜ ਆਫ ਫਾਰਮੇਸੀ ਵਿਖੇ ਨੀਡ ਆਫ ਹੈਲਥ ਇਕੋਨਿਕਸ ਐਂਡ ਆਊਟ ਕਮ ਰਿਸਰਚ ਤੇ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਵੈਬੀਨਾਰ ਦੇ ਕੋਆਡੀਨੇਟਰ ਤੇ ਪਲੇਸਮੈਂਟ ਅਫ਼ਸਰ ਡਾ. ਅਮਨਦੀਪ ਸਿੰਘ ਨੇ ਦੱਸਿਆ ਕਿ ਮੁੱਖ ਸਪੀਕਰ ਕਾਰਿਸਟੇਟੀ ਸੀ.ਈ.ਓ ਤੇ ਮੈਨੇਜਿੰਗ ਡਾਇਰੈਕਟਰ ਮੈਨਸਪਰਿੰਗ ਆਨਲਾਈਨ ਟ੍ਰੇਨਿੰਗ ਦੁਆਰਾ ਆਪਣਾ ਲੈਕਚਰ ਦਿੱਤਾ। ਸਪੀਕਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਨੀਡਲ ਆਫ਼ ਹੈਲਥ ਇਕੋਨਿਮਕਸ ਤੇ ਆਊਟ ਕਮ ਰਿਸਰਚ ਦਾ ਭਵਿੱਖ ਬਹੁਤ ਹੀ ਉਪਯੋਗੀ ਤੇ ਵਿਦਿਆਰਥੀਆਂ ਲਈ ਅਪਾਰ ਸੰਭਾਵਨਾਵਾਂ ਹੋਵੇਗੀ। ਇਸ ਵਿੱਚ ਦੇਸ ਅਤੇ ਵਿਦੇਸ਼ ਵਿਚ ਮਿਲਣ ਵਾਲੀ ਨੌਕਰੀ ਦੇ ਨਾਲ-ਨਾਲ ਕਈ ਮੌਕੇ ਪ੍ਰਾਪਤ ਹੋਣਗੇ, ਜੋ ਹਾਈ ਸੈਲਰੀ ਅਤੇ ਹੈਲਥ ਕੇਅਰ ਸਿਸਟਮ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਵੈਬੀਨਾਰ ਵਿੱਚ 100 ਤੋਂ ਵੱਧ ਵਿਦਿਆਰਥੀਆਂ, ਟੀਚਰਾਂ ਨੇ ਹਿੱਸਾ ਲਿਆ। ਇਸ ਵੈਬੀਨਾਰ ਦੇ ਸਫ਼ਲ ਆਯੋਜਨ ਤੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ.ਜੀ.ਡੀ.ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ.ਕੇ.ਨਾਰੰਗ ਨੇ ਸਾਰੀ ਫੈਕਿਲਟੀ ਸਟਾਫ਼ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਵੈਬੀਨਾਰ ਦੇ ਅਖੀਰ ਵਿੱਚ ਡਾ. ਐਸਮੀਨ ਨੇ ਸਾਰਿਆ ਦਾ ਵੈਬੀਨਾਰ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ।

ਸਰਕਾਰੀ ਪ੍ਰਾਇਮਰੀ ਸਕੂਲ ਮੁੱਦਕੀ 'ਚ ਐੱਸ ਐੱਮ ਸੀ ਕਮੇਟੀ ਦਾ ਨਿਰਮਾਣ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਪ੍ਰਾਇਮਰੀ ਸਕੂਲ ਮੁੱਦਕੀ ਦੀ ਸਕੂਲ ਪ੍ਰਬੰਧਕ ਕਮੇਟੀ ਦਾ ਨਿਰਮਾਣ ਕੀਤਾ ਗਿਆ। ਸਕੂਲ ਮੁਖੀ ਬਿਬੇਕਾਨੰਦ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਮੇਟੀ ਦੇ ਨਿਰਮਾਣ ਲਈ ਸਮੇਂ ਸਮੇਂ 'ਤੇ ਮਾਪਿਆਂ ਨੂੰ ਸੂਚਿਤ ਕੀਤਾ ਗਿਆ ਸੀ। ਸਮੂਹ ਮਾਪਿਆਂ ਦੀ ਸਹਿਮਤੀ ਨਾਲ ਮਨਦੀਪ ਕੌਰ, ਜੋਤੀ, ਮਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਮਾਇਆ, ਸੋਨੂੰ ਰਾਣੀ, ਸੁਖਵਿੰਦਰ ਕੌਰ, ਕਰਮਜੀਤ ਕੌਰ ਅਤੇ ਕੁਲਬੀਰ ਕੌਰ ਦੀ ਚੋਣ ਕਮੇਟੀ ਮੈਂਬਰ ਵਜੋਂ ਕੀਤੀ ਗਈ। ਇਨ੍ਹਾਂ ਕਮੇਟੀ ਮੈਂਬਰਾਂ ਨੇ ਆਪਣੇ ਵਿਚੋਂ ਸੁਖਵਿੰਦਰ ਕੌਰ ਨੂੰ ਚੇਅਰਮੈਨ ਅਤੇ ਕੁਲਬੀਰ ਕੌਰ ਨੂੰ ਵਾਇਸ ਚੇਅਰਮੈਨ ਵਜੋਂ ਚੁਣਿਆ। ਇਸ ਮੌਕੇ ਸਮਾਜ ਸੇਵੀ ਵਰਿੰਦਰ ਸਿੰਘ ਖਾਲਸਾ ਨੂੰ ਸਮਾਜ ਸੇਵੀ ਮੈਂਬਰ ਅਤੇ ਮਾਸਟਰ ਛਿੰਦਰ ਸਿੰਘ ਨੂੰ ਸਿੱਖਿਆ ਸ਼ਾਸਤਰੀ ਤੇ ਮਹਿੰਦਰ ਸਿੰਘ ਐੱਮਸੀ ਨੂੰ ਸਥਾਨਕ ਅਥਾਰਟੀ ਮੈਂਬਰ ਵਜੋਂ ਲਿਆ ਗਿਆ। ਲਖਵੀਰ ਕੌਰ ਈਟੀਟੀ ਅਧਿਆਪਕਾਂ ਨੂੰ ਅਧਿਆਪਕ ਮੈਂਬਰ ਤੇ ਸੁਮਨ ਕੌਰ ਨੂੰ ਵਿਦਿਆਰਥੀ ਮੈਂਬਰ ਵਜੋਂ ਚੁਣਿਆ ਗਿਆ। ਕਮੇਟੀ ਸਕੱਤਰ ਦੀ ਜ਼ਿੰਮੇਵਾਰੀ ਸਕੂਲ ਮੁਖੀ ਬਿਬੇਕਾਨੰਦ ਨਿਭਾਉਣਗੇ। ਇਸ ਮੌਕੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਸਕੂਲ ਦੀ ਬਿਹਤਰੀ ਲਈ ਕੰਮ ਕਰਨ ਦਾ ਤਹੱਈਆ ਕੀਤਾ ਗਿਆ।

ਝੋਨੇ ਦੇ ਸੀਜ਼ਨ ਤੋਂ ਪਹਿਲਾਂ ਓਵਰਲੋਡ ਟਰਾਂਸਫਾਰਮਰ ਤੇ ਢਿੱਲੀਆਂ ਤਾਰਾਂ ਦੀ ਮੁਰੰਮਤ ਕੀਤੀ ਜਾਵੇ : ਪੀਰ ਮੁਹੰਮਦ

ਮੱਖੂ (ਰਛਪਾਲ ਸਿੰਘ ਸੰਧੂ)-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮੱਖੂ ਦੀ ਮੀਟਿੰਗ ਗੁਰਦੇਵ ਸਿੰਘ ਖਜ਼ਾਨਚੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਇਲਾਕੇ ਦੇ ਕਿਸਾਨ ਆਗੂ ਅਤੇ ਵਰਕਰ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਲਖਵਿੰਦਰ ਸਿੰਘ ਪੀਰ ਮੁਹੰਮਦ ਸਿੰਘ ਤੇ ਪ੍ਰਗਟ ਸਿੰਘ ਤਲਵੰਡੀ ਨੇ ਪਾਵਰਕਾਮ ਤੋਂ ਮੰਗ ਕਰਦਿਆਂ ਕਿਹਾ ਕਿ ਝੋਨੇ ਦੇ ਸੀਜ਼ਨ ਤੋਂ ਪਹਿਲਾਂ-ਪਹਿਲਾਂ ਢਿੱਲੀਆਂ ਤਾਰਾਂ ਕੱਸੀਆਂ ਜਾਣ ਅਤੇ ਓਵਰਲੋਡ ਟਰਾਂਸਫਾਰਮਰ ਬਦਲੇ ਜਾਣ ਤਾਂ ਜੋ ਝੋਨੇ ਦੇ ਸੀਜ਼ਨ ਦੌਰਾਨ ਕਿਸਾਨ ਫਾਲਟਾਂ ਤੋਂ ਬਚ ਸਕਣ ਤੇ ਖੇਤੀਬਾੜੀ ਸੈਕਟਰ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਮਿਲ ਸਕੇ। ਝੋਨੇ ਦੇ ਸੀਜਨ ਦੌਰਾਣ ਢਿੱਲੀਆਂ ਤਾਰਾਂ ਕਾਰਨ ਆਮ ਤੌਰ 'ਤੇ ਫਾਲਟ ਪੈ ਜਾਂਦਾ ਹੈ। ਓਵਰਲੋਡ ਟਰਾਂਸਫਾਰਮਰ ਦੇ ਫੇਸ ਵਾਰ ਵਾਰ ਉਡਦੇ ਹਨ ਅਤੇ ਅਖੀਰ ਸੜ ਜਾਂਦੇ ਹਨ। ਜਿਸ ਕਾਰਨ ਕਈ ਕਈ ਘੰਟੇ ਬਿਜਲੀ ਬੰਦ ਰਹਿੰਦੀ ਹੈ। ਜਿਸ ਨਾਲ ਜਿਥੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ ਉਥੇ ਸਰਕਾਰ ਦਾ ਵੀ ਲੱਖਾਂ ਦਾ ਨੁਕਸਾਨ ਹੁੰਦਾ ਹੈ। ਇਸ ਲਈ ਝੋਨੇ ਦੀ ਬਿਜਾਈ ਸ਼ੁਰੂ ਤੋਂ ਪਹਿਲਾਂ ਢਿੱਲੀਆਂ ਤਾਰਾਂ ਤੇ ਓਵਰਲੋਡ ਟਰਾਂਸਫਾਰਮਰ ਬਦਲੇ ਜਾਣ। ਇਸ ਮੌਕੇ ਚੰਨਣ ਸਿੰਘ ਅਮੀਵਾਲਾ, ਦਵਿੰਦਰ ਸਿੰਘ, ਦਰਸ਼ਨ ਸਿੰਘ, ਸੁਖਵੰਤ ਸਿੰਘ ਖਡੂਰ, ਬੁੱਧ ਸਿੰਘ ਮਲੰਗਸ਼ਾਹ ਵਾਲਾ, ਗੁਰਵੇਲ ਸਿੰਘ ਪੱਧਰੀ, ਗੁਰਦੀਪ ਸਿੰਘ, ਪਾਲਾ ਸਿੰਘ ਆਦਿ ਕਿਸਾਨ ਹਾਜ਼ਰ ਸਨ।

ਪੰਚਮ ਪਾਤਸ਼ਾਹ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ : ਜੱਸੀ ਸੋਹੀਆਂ ਵਾਲਾ

ਨਾਭਾ (ਵਰਿੰਦਰ ਵਰਮਾ)-ਸਥਾਨਕ ਡਿਫੈਂਸ ਕਲੋਨੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਜ਼ਿਲਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਸਾਰਾ ਜੀਵਨ ਪ੍ਰਮਾਤਮਾ ਦੀ ਭਜਨ ਬੰਦਗੀ ਤੇ ਨਿਮਰਤਾ ਹਲੀਮੀ ਨਾਲ ਬਤੀਤ ਕੀਤਾ ਅਤੇ ਉਨ੍ਹਾਂ ਨੇ ਮੁਗਲ ਹਕੂਮਤ ਦੇ ਜਬਰ ਵਿਰੁੱਧ ਤੱਤੀ ਤਵੀ 'ਤੇ ਬੈਠਦਿਆਂ ਆਪਣੀ ਸ਼ਹੀਦੀ ਦੇ ਕੇ ਸਬਰ ਦੀ ਅਨੋਖੀ ਮਿਸਾਲ ਕਾਇਮ ਕੀਤੀ। ਸਾਨੂੰ ਉਨਾਂ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ। ਇਸ ਮੌਕੇ ਮਾਸਟਰ ਮਨਦੀਪ ਸਿੰਘ ਤੇ ਮੁਹੱਲਾ ਨਿਵਾਸੀਆ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਕਰਨਵੀਰ ਸਿੰਘ ਤੇਜੇ, ਨਿਰਭੈ ਸਿੰਘ, ਭਰਪੂਰ ਸਿੰਘ ਸਾਬਕਾ ਸਰਪੰਚ, ਮਹਿੰਦਰ ਕੁਮਾਰ, ਚਰਨਜੀਤ ਸਿੰਘ, ਅਜੈਬ ਸਿੰਘ, ਗਗਨਦੀਪ ਸਿੰਘ ਆਦਿ ਵੀ ਮੌਜੂਦ ਸਨ।

ਭਾਕਿਯੂ ਸਿੱਧੂਪੁਰ ਵੱਲੋਂ ਪਹਿਲਵਾਨਾਂ ਦੇ ਹੱਕ 'ਚ ਮੋਮਬੱਤੀ ਮਾਰਚ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਜੰਤਰ ਮੰਤਰ ਦਿੱਲੀ ਵਿਖੇ ਕੁਸ਼ਤੀ ਪਹਿਲਵਾਨ ਕੁੜੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੌਰਾਨ ਦੇਸ਼ ਭਰ 'ਚ ਕੈਂਡਲ ਮਾਰਚ ਕਰਨ ਦੇ ਦਿੱਤੇ ਸੱਦੇ 'ਤੇ ਅੱਜ ਕਸਬਾ ਮਹਿਲ ਕਲਾਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਮੋਮਬੱਤੀ ਮਾਰਚ ਕੀਤਾ ਗਿਆ। ਇਸ ਮੌਕੇ ਸਮੂਹ ਇਨਸਾਫ ਪਸੰਦ ਲੋਕਾਂ ਨੇ ਭਾਗ ਲਿਆ। ਇਹ ਮਾਰਚ ਅਨਾਜ ਮੰਡੀ ਮਹਿਲ ਕਲਾਂ ਤੋਂ ਸ਼ੁਰੂ ਹੋ ਕੇ ਮੁੱਖ ਬੱਸ ਸਟੈਂਡ ਤੋਂ ਦੀ ਹੁੰਦਾ ਹੋਇਆ ਸਾਰੇ ਬਜ਼ਾਰ 'ਚ ਸ਼ਾਂਤੀਪੂਰਵਕ ਰੋਸ ਪ੍ਰਦਰਸ਼ਨ ਕਰਨ ਉਪਰੰਤ ਸਮਾਪਤ ਹੋਇਆ।

ਇਸ ਮੌਕੇ ਬੋਲਦਿਆਂ ਭਾਕਿਯੂ ਸਿੱਧੂਪੁਰ ਦੇ ਉੱਘੇ ਆਗੂ ਰਾਮ ਸਿੰਘ ਲੱਖਾ ਖਿਆਲੀ, ਕਰਨੈਲ ਸਿੰਘ ਗਾਂਧੀ, ਭਾਈ ਮਨਜੀਤ ਸਿੰਘ ਸਹਿਜੜਾ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਸੰਘਰਸ਼ ਕਰ ਰਹੀਆਂ ਕੁਸ਼ਤੀ ਪਹਿਲਵਾਨ ਕੁੜੀਆਂ ਨੂੰ ਤੁਰੰਤ ਇਨਸਾਫ ਦੇਵੇ। ਉਨ੍ਹਾਂ ਕਿਹਾ ਕਿ ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਨਾਅਰੇ ਦੇਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਾਮਲੇ ਸੰਬੰਧੀ ਕਿਉਂ ਚੁੱਪ ਵੱਟੀ ਬੈਠੇ ਹਨ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਅਖਵਾਉਣ ਵਾਲੇ ਦੇਸ਼ ਅੰਦਰ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ਾਂ 'ਚ ਘਿਰੇ ਬ੍ਰਿਜ ਭੂਸ਼ਣ ਸ਼ਰਨ ਖਿਲਾਫ ਕਾਰਵਾਈ ਨਾ ਹੋਣਾ ਬੇਹੱਦ ਸ਼ਰਮਨਾਕ ਗੱਲ ਹੈ। ਕੇਂਦਰ ਸਰਕਾਰ ਦੇ ਇਸ ਪੱਖਪਾਤੀ ਰਵੱਈਏ ਖਿਲਾਫ ਲੋਕ ਰੋਹ ਦਿਨ ਬਦਿਨ ਹੋਰ ਵਧਦਾ ਜਾ ਰਿਹਾ ਹੈ। ਸਮੂਹ ਇਨਸਾਫ ਪਸੰਦ ਜਥੇਬੰਦੀਆਂ ਵੱਲੋਂ ਥਾਂ ਥਾਂ ਰੋਸ ਪ੍ਰਦਰਸ਼ਨ ਕਰਕੇ ਪੀੜਤ ਪਹਿਲਵਾਨ ਕੁੜੀਆਂ ਦੇ ਸੰਘਰਸ਼ ਨੂੰ ਭਰਵੀਂ ਹਮਾਇਤ ਦਿੱਤੀ ਜਾ ਰਹੀ ਹੈ। ਇਸ ਮੌਕੇ ਨੰਬਰਦਾਰ ਮਹਿੰਦਰ ਸਿੰਘ, ਚਮਕੌਰ ਸਿੰਘ ਮਿੱਠੂ, ਪ੍ਰਧਾਨ ਹਰਭਜਨ ਸਿੰਘ, ਖਜ਼ਾਨਚੀ ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਨੌਜਵਾਨ ਆਗੂ ਹਰਜੀਤ ਸਿੰਘ ਖਿਆਲੀ, ਮਹਿੰਦਰ ਸਿੰਘ ਮਹਿਲ ਕਲਾਂ ਆਦਿ ਹਾਜ਼ਰ ਸਨ।

ਕਾਂਗਰਸ ਦੀ ਬਲਾਕ ਪੱਧਰੀ ਮੀਟਿੰਗ 'ਚ ਨਵਾਂ ਹਲਕਾ ਇੰਚਾਰਜ ਲਗਾਉਣ ਦੀ ਉਠੀ ਮੰਗ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਕਾਂਗਰਸ ਪਾਰਟੀ ਮਹਿਲ ਕਲਾਂ ਬਲਾਕ ਦੀ ਮੀਟਿੰਗ ਇਥੇ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਹੋਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਸੂਬਾਈ ਲੀਡਰਸ਼ਿਪ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਅਤੇ ਪੰਚਾਇਤੀ ਚੋਣਾਂ ਵਿਚ ਕਾਂਗਰਸ ਪਾਰਟੀ ਵੱਲੋਂ ਸਾਫ ਸੁਥਰੇ ਅਕਸ ਵਾਲੇ ਵਰਕਰਾਂ ਨੂੰ ਅੱਗੇ ਲਿਆਂਦਾ ਜਾਵੇਗਾ। ਉਨ੍ਹਾ ਸਮੂਹ ਆਗੂਆਂ, ਵਰਕਰਾਂ ਨੂੰ ਆਪਸੀ ਮਤਭੇਦ ਭੁਲਾ ਕੇ ਪਾਰਟੀ ਦੀ ਮਜ਼ਬੂਤੀ ਲਈ ਜੁਟ ਜਾਣ ਲੈਣ ਦੀ ਅਪੀਲ ਕੀਤੀ। ਬਲਾਕ ਪ੍ਰਧਾਨ ਨਿਰਮਲ ਸਿੰਘ, ਮਨਜੀਤ ਸਿੰਘ ਮਹਿਲ ਖੁਰਦ, ਡਾ. ਅਮਰਜੀਤ ਸਿੰਘ, ਸਾਉਣ ਸਿੰਘ ਗਹਿਲ, ਬੱਗਾ ਸਿੰਘ ਮਹਿਲ ਕਲਾਂ ਨੇ ਪਾਰਟੀ ਹਾਈਕਮਾਂਡ ਪਾਸੋਂ ਮੰਗ ਕੀਤੀ ਕਿ ਵਿਧਾਨ ਸਭਾ ਹਲਕਾ ਮਹਿਲ ਕਲਾਂ ਦਾ ਇੰਚਾਰਜ ਜਲਦ ਲਗਾਇਆ ਜਾਵੇ ਤਾਂ ਜੋ ਆਉਂਦੀਆਂ ਚੋਣਾਂ ਵਿੱਚ ਆਪਣੀ ਦੀ ਸਥਿਤੀ ਹੋਰ ਮਜ਼ਬੂਤ ਬਣ ਸਕੇ। ਜ਼ਿਲ੍ਹਾ ਪ੍ਰਧਾਨ ਕਾਲਾ ਢਿੱਲੋਂ ਵੱਲੋਂ ਕਾਂਗਰਸ ਪਾਰਟੀ ਦੇ ਪੁਰਾਣੇ ਵਰਕਰ ਨਾਮਧਾਰੀ ਭੁਪਿੰਦਰ ਸਿੰਘ ਛਾਪਾ ਨੂੰ ਬਲਾਕ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕਰਕੇ ਨਿਯੁਕਤੀ ਪੱਤਰ ਦਿਤਾ ਗਿਆ। ਇਸ ਮੌਕੇ ਸੂਰਤ ਸਿੰਘ ਬਾਜਵਾ, ਜਰਨੈਲ ਸਿੰਘ ਠੁੱਲੀਵਾਲ, ਨਾਜਰ ਸਿੰਘ ਵਜੀਦਕੇ, ਦਲਜੀਤ ਸਿੰਘ ਮਾਨ, ਡਾ. ਬਲਵੰਤ ਰਾਏ, ਸਰਬਜੀਤ ਸਿੰਘ ਸਰਬੀ, ਚੇਅਰਪਰਸਨ ਹਰਜਿੰਦਰ ਕੌਰ ਹਰੀ, ਪਰਮਜੀਤ ਕੌਰ ਕੁਰੜ, ਰਫੀਕ ਮੁਹੰਮਦ, ਮਨੋਜ ਕੁਮਾਰ ਨਾਈਵਾਲਾ ਆਦਿ ਆਗੂ ਵੀ ਹਾਜ਼ਰ ਸਨ।

ਛੀਨੀਵਾਲ ਕਲਾਂ 'ਚ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ

28 ਮਈ ਤੱਕ ਜੁਰਮਾਨੇ ਰੱਦ ਨਾ ਹੋਏ ਤਾਂ ਡੀ ਸੀ ਦਫਤਰ ਦਾ ਕਰਾਂਗੇ ਘਿਰਾਓ : ਛੀਨੀਵਾਲ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਛੀਨੀਵਾਲ ਕਲਾਂ ਵਿਖੇ ਕਿਸਾਨ ਜਥੇਬੰਦੀਆਂ ਤੇ ਪਿੰਡ ਵਾਸੀਆਂ ਦੀ ਅਹਿਮ ਇਕੱਤਰਤਾ ਗੁਰਦੁਆਰਾ ਜੰਡਸਰ ਸਾਹਿਬ ਵਿਖੇ ਹੋਈ। ਇਸ ਮੌਕੇ ਸੰਬੋਧਨ ਕਰਦਿਆਂ ਭਾਕਿਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਕਲਾਂ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸਾਨਾਂ ਨੇ ਮੁਸਤਰਕਾ ਮਾਲਕਾਨਾ ਜ਼ਮੀਨ ਨੂੰ ਉਪਜਾਊ ਕਰਨ ਲਈ ਕੁੱਝ ਹਿੱਸਾ ਰੇਤਾ ਚੁੱਕ ਕੇ ਨੀਵੀਂ ਜ਼ਮੀਨ 'ਚ ਪਾਇਆ ਅਤੇ ਪਿੰਡ ਦੇ ਵਿਕਾਸ ਕਾਰਜਾਂ ਲਈ ਮਿੱਟੀ ਦੀ ਵਰਤੋਂ ਕੀਤੀ ਗਈ ਸੀ, ਪਰ ਕੁੱਝ ਲੋਕਾਂ ਵੱਲੋਂ ਇਸ ਸਬੰਧੀ ਸ਼ਿਕਾਇਤ ਕੀਤੀ ਗਈ ਹੈ, ਜਿਸ ਉਪਰੰਤ ਸਬੰਧਤ ਅਧਿਕਾਰੀਆਂ ਨੇ ਆ ਕੇ ਮਾਇੰਗ ਨਾ ਹੋਣ ਬਾਰੇ ਕਿਹਾ ਸੀ। ਪਰ ਹੁਣ ਸਰਕਾਰ ਵੱਲੋਂ ਕਿਸਾਨਾਂ ਨੂੰ ਸਵਾ ਦੋ ਲੱਖ ਰੁਪਏ ਦੇ ਕਰੀਬ ਜੁਰਮਾਨੇ ਦੇ ਨੋਟਿਸ ਭੇਜੇ ਗਏ ਹਨ। ਇਸ ਸਬੰਧੀ ਕਿਸਾਨ ਵਾਰ ਵਾਰ ਡਿਪਟੀ ਕਮਿਸ਼ਨਰ ਤੇ ਕੈਬਨਿਟ ਮੰਤਰੀ ਮੀਤ ਹੇਅਰ ਨੂੰ ਮਿਲ ਕੇ ਮੰਗ ਪੱਤਰ ਦੇ ਚੁੱਕੇ ਹਨ, ਪਰ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ 28 ਮਈ ਤੱਕ ਕਿਸਾਨਾਂ ਨੂੰ ਕੀਤੇ ਜੁਰਮਾਨੇ ਰੱਦ ਨਾ ਕੀਤੇ ਤਾਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਡੀ.ਸੀ. ਦਫਤਰ ਬਰਨਾਲਾ ਦਾ ਪੱਕੇ ਤੌਰ 'ਤੇ ਘਿਰਾਓ ਕੀਤਾ ਜਾਵੇਗਾ। ਭਾਕਿਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਛੀਨੀਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਮੁਸਤਰਕਾ ਮਾਲਕਾਂ ਦੀਆਂ ਜ਼ਮੀਨਾਂ ਪੰਚਾਇਤਾਂ ਰਾਹੀਂ ਖੋਹਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਜਦੋਂਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਨ੍ਹਾਂ ਜ਼ਮੀਨਾਂ 'ਤੇ ਸਟੇਅ ਦਿੱਤੀ ਹੋਈ ਹੈ ਅਤੇ ਇਹ ਕੇਸ ਫੈਸਲੇ ਅਧੀਨ ਹੈ, ਪਰ ਸਰਕਾਰ ਵੱਲੋਂ ਕਿਸਾਨਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਛੀਨੀਵਾਲ ਕਲਾਂ 'ਚ ਕਿਸਾਨਾਂ ਦਾ ਇਸ ਜ਼ਮੀਨ ਤੋਂ ਉਜਾੜਾ ਕਰਕੇ ਲਤੀਫਪੁਰ, ਜਲੰਧਰ ਵਰਗੀ ਸਥਿਤੀ ਪੈਦਾ ਨਾ ਕਰੇ। ਕਿਸਾਨਾਂ ਵੱਲੋਂ ਕਿਸੇ ਵੀ ਕੀਮਤ 'ਤੇ ਇਸ ਜ਼ਮੀਨ 'ਤੇ ਸਰਕਾਰੀ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਨੰਬਰਦਾਰ ਅਵਤਾਰ ਸਿੰਘ, ਜਗਦੇਵ ਸਿੰਘ ਭੋਲਾ, ਸੂਬੇਦਾਰ ਹਰਮਿੰਦਰ ਸਿੰਘ, ਨਿਰਭੈ ਸਿੰਘ ਮੈਂਬਰ, ਦਰਸ਼ਨ ਸਿੰਘ, ਸੁਖਮਿੰਦਰ ਸਿੰਘ ਕਲੱਬ ਪ੍ਰਧਾਨ, ਜਗਤਾਰ ਸਿੰਘ, ਮਨਜੀਤ ਸਿੰਘ, ਸਾਧੂ ਸਿੰਘ ਚੀਮਾ, ਗੁਰਸੇਵਕ ਸਿੰਘ, ਜਗਰਾਜ ਸਿੰਘ, ਜਸਵਿੰਦਰ ਸਿੰਘ, ਗੁਰਤੇਜ ਸਿੰਘ, ਕੌਰ ਸਿੰਘ, ਲਾਲ ਸਿੰਘ ਆਦਿ ਹਾਜ਼ਰ ਸਨ।

ਡੈਮੋਕ੍ਰੇਟਿਕ ਟੀਚਰ ਫ਼ਰੰਟ ਇਕਾਈ ਫ਼ਿਰੋਜ਼ਪੁਰ ਦੀ ਮੀਟਿੰਗ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਡੈਮੋਕ੍ਰੇਟਿਕ ਟੀਚਰ ਫ਼ਰੰਟ ਪੰਜਾਬ ਦੀ ਇਕਾਈ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਰਾਮ ਸ਼ਰਮਾ ਤੇ ਜ਼ਿਲ੍ਹਾ ਸਕੱਤਰ ਰਾਜਦੀਪ ਸੰਧੂ ਦੀ ਅਗਵਾਈ ਹੇਠ ਹੋਈ, ਜਿਸ ਵਿਚ ਪੰਜਾਬ ਸਰਕਾਰ ਵੱਲੋਂ ਅਧਿਆਪਕ ਵਰਗ ਦੀਆਂ ਵਾਰ-ਵਾਰ ਉਠਾਈਆਂ ਪ੍ਰਮੁੱਖ ਮੰਗਾਂ ਨੂੰ ਅਣਗੌਲਿਆ ਕਰਨ ਦੀ ਸਖ਼ਤ ਸ਼ਬਦਾਂ 'ਚ ਆਲੋਚਨਾ ਕੀਤੀ ਗਈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਅਤੇ ਵਿਭਾਗੀ ਅਧਿਕਾਰੀਆਂ ਵੱਲੋਂ ਸੀਐੱਚਟੀ ਤੋਂ ਬੀਪੀਈਓ ਦੀਆਂ ਤਰੱਕੀਆਂ ਨੂੰ ਬਿਨਾਂ ਵਜ੍ਹਾ ਬੇਲੋੜਾ ਲਟਕਾਇਆ ਜਾ ਰਿਹਾ ਹੈ, ਜਿਸ ਦਾ ਖ਼ਮਿਆਜ਼ਾ ਪ੍ਰਾਇਮਰੀ ਸਕੂਲਾਂ ਦੇ ਪ੍ਰਬੰਧ ਤੇ ਸੀਐੱਚਟੀ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਪ੍ਰਾਇਮਰੀ ਵਿਭਾਗ ਵਿਚ ਬਹੁਤ ਸਾਰੀਆਂ ਬੀਪੀਈਓ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਅਧਿਆਪਕ ਤਰੱਕੀਆਂ ਨੂੰ ਉਡੀਕਦੇ ਸੇਵਾ-ਮੁਕਤ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਬਣਦਾ ਹੱਕ ਨਹੀਂ ਦਿੱਤਾ ਜਾ ਰਿਹਾ। ਇਸ ਲਈ ਡੀਟੀਐੱਫ ਪੰਜਾਬ ਸਰਕਾਰ ਪਾਸੋਂ ਸਿੱਖਿਆ ਵਿਭਾਗ ਵਿਚ ਸਾਰੀਆਂ ਬਣਦੀਆਂ ਤਰੱਕੀਆਂ ਤੁਰੰਤ ਲਾਗੂ ਕਰਨ ਦੀ ਪੁਰਜ਼ੋਰ ਮੰਗ ਕਰਦੀ ਹੈ। ਇਸ ਤੋਂ ਇਲਾਵਾ ਹੋਰ ਜ਼ੋਰਦਾਰ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਬਹਾਲ ਕਰਨ, ਪੇ ਕਮਿਸ਼ਨ ਦੇ ਬੰਦ ਪਏ ਭੱਤੇ ਜਾਰੀ ਕਰਨ, ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਅਤੇ ਬਦਲੀਆਂ ਉੱਪਰ 2 ਸਾਲ ਦੇ ਸਟੇਅ ਨੂੰ ਘੱਟ ਕਰਨ ਆਦਿ ਭਖਵੀਆਂ ਮੰਗਾਂ ਮੰਨਣ ਦੀ ਸਰਕਾਰ ਨੂੰ ਅਪੀਲ ਕੀਤੀ ਗਈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਯੁੱਧਜੀਤ ਸਰਾਂ, ਮੀਤ ਪ੍ਰਧਾਨ ਉਡੀਕ ਚਾਵਲਾ, ਜ਼ਿਲ੍ਹਾ ਵਿੱਤ ਸਕੱਤਰ ਗਗਨ ਬਰਾੜ, ਜਥੇਬੰਦਕ ਸਕੱਤਰ ਗੁਰਦੇਵ ਸਿੰਘ ਭਾਗੋਕੇ, ਅਵਤਾਰ ਪੁਰੀ, ਵਿਸ਼ਾਲ ਸਹਿਗਲ, ਰਮਾਕਾਂਤ ਯਾਦਵ, ਗੁਰਪ੍ਰੀਤ ਸਿੰਘ, ਸੰਤੋਖ ਸਿੰਘ, ਗੁਰਮੀਤ ਸਿੰਘ, ਨਸੀਬ ਕੁਮਾਰ, ਸਤੀਸ਼ ਕੁਮਾਰ, ਗਗਨ ਕੁਮਾਰ, ਕੁਲਦੀਪ ਸਿੰਘ, ਅਕਸ਼ ਕੁਮਾਰ, ਤਰਸੇਮ ਸਿੰਘ, ਵਿਕਾਸ ਕੁਮਾਰ, ਹਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਬਲਰਾਜ ਸਿੰਘ ਆਦਿ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਨ੍ਹਾਂ ਮੰਗਾਂ ਵੱਲ ਜਲਦ ਗ਼ੌਰ ਨਾ ਕੀਤਾ ਗਿਆ ਤਾਂ ਅਧਿਆਪਕ ਵਰਗ ਤਿੱਖਾ ਸੰਘਰਸ਼ ਵਿੱਢੇਗਾ।

ਬਾਬਾ ਫ਼ਰੀਦ ਕਾਲਜ 'ਚ 'ਐੱਮ ਬੀ ਏ ਤੋਂ ਬਾਅਦ ਉੱਦਮੀ ਕੈਰੀਅਰ' ਵਿਸ਼ੇ 'ਤੇ ਸੈਸ਼ਨ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਾਬਾ ਫ਼ਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਇੱਕ ਮੋਹਰੀ ਬੀ-ਸਕੂਲ) ਦੇ ਬਿਜ਼ਨੈੱਸ ਸਟੱਡੀਜ਼ ਵਿਭਾਗ ਵੱਲੋਂ 'ਐੱਮ.ਬੀ.ਏ. ਤੋਂ ਬਾਅਦ ਉੱਦਮੀ ਕੈਰੀਅਰ' ਵਿਸ਼ੇ 'ਤੇ ਇੱਕ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਵਿੱਚ ਕਾਲਜ ਅਲੂਮਨੀ ਤੇ ਬਰਗਰ ਪੁਆਇੰਟ ਦੇ ਮਾਲਕ ਸ੍ਰ. ਹਰਪ੍ਰੀਤ ਸਿੰਘ ਨੇ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ। ਇਸ ਗੱਲਬਾਤ ਦਾ ਉਦੇਸ਼ ਐੱਮ.ਬੀ.ਏ. ਪਹਿਲਾ ਸਾਲ ਦੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਤੇ ਉਨ੍ਹਾਂ ਦੇ ਉਦਮੀ ਹੁਨਰ ਨੂੰ ਵਧਾਉਣਾ ਸੀ।

ਸਰੋਤ ਵਿਅਕਤੀ ਸ੍ਰ. ਹਰਪ੍ਰੀਤ ਸਿੰਘ ਨੇ ਆਪਣੀ ਗੱਲ ਦੀ ਸ਼ੁਰੂਆਤ ਇੱਕ ਵਿਦਿਆਰਥੀ ਹੋਣ ਤੱਕ ਦੇ ਆਪਣੇ ਸਫ਼ਰ ਨੂੰ ਸਾਂਝਾ ਕਰਕੇ ਕੀਤੀ ਤੇ ਫਿਰ ਉਸ ਨੇ ਦੱਸਿਆ ਕਿ ਕਿਵੇਂ ਇੱਕ ਉਦਮੀ ਵਜੋਂ ਬਰਗਰ ਪੁਆਇੰਟ ਵਿੱਚ ਸਿਰਫ਼ ਇੱਕ ਛੋਟੇ ਨਿਵੇਸ਼ ਨਾਲ ਵਾਧਾ ਕੀਤਾ। ਇਸ ਦੌਰਾਨ ਦਰਪੇਸ਼ ਬਹੁਤ ਸਾਰੀਆਂ ਚੁਨੌਤੀਆਂ ਬਾਰੇ ਗੱਲ ਕਰਦਿਆਂ ਉਸ ਨੇ ਆਪਣੇ ਉੱਦਮੀ ਹੁਨਰ ਜਿਵੇਂ ਕਿ ਪ੍ਰਭਾਵਸ਼ਾਲੀ ਸੰਚਾਰ, ਸਮਾਂ ਪ੍ਰਬੰਧਨ, ਫ਼ੈਸਲੇ ਲੈਣ ਤੇ ਜੋਖ਼ਮ ਲੈਣ ਆਦਿ ਸਾਂਝੇ ਕੀਤੇ। ਗੱਲਬਾਤ ਦੌਰਾਨ ਸ੍ਰ. ਹਰਪ੍ਰੀਤ ਸਿੰਘ ਨੇ ਇੱਕ ਮਜ਼ਬੂਤ ਵਪਾਰਕ ਯੋਜਨਾ ਤੇ ਮਾਰਕੀਟਿੰਗ ਰਣਨੀਤੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਕਾਰੋਬਾਰ ਨੂੰ ਉਤਸ਼ਾਹਤ ਕਰਨ ਤੇ ਹੋਰ ਗਾਹਕਾਂ ਨੂੰ ਆਕਰਸ਼ਿਤ ਕਰਨ ਲਈ ਇੰਸਟਾਗ੍ਰਾਮ ਤੇ ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਵਰਤੋਂ ਕਿਵੇਂ ਕੀਤੀ। ਉਨ੍ਹਾਂ ਨੇ ਗਾਹਕਾਂ ਦੀਆਂ ਲੋੜਾਂ ਨੂੰ ਸਮਝਣ ਤੇ ਉਨ੍ਹਾਂ ਨੂੰ ਸੰਤੁਸ਼ਟ ਕਰਨ ਲਈ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ। ਇਸ ਤੋਂ ਇਲਾਵਾ ਸ੍ਰ. ਹਰਪ੍ਰੀਤ ਸਿੰਘ ਨੇ ਟੀਮ ਪ੍ਰਬੰਧਨ ਤੇ ਕਰਮਚਾਰੀਆਂ ਨਾਲ ਚੰਗੇ ਸਬੰਧ ਬਣਾਏ ਰੱਖਣ ਦੇ ਆਪਣੇ ਤਜਰਬੇ ਸਾਂਝੇ ਕੀਤੇ।

ਉਨ੍ਹਾ ਐੱਮ.ਬੀ.ਏ. ਪਹਿਲਾ ਸਾਲ ਦੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸ. ਹਰਪ੍ਰੀਤ ਸਿੰਘ ਨੇ ਸਵਾਲਾਂ ਦੇ ਜਵਾਬ ਧੀਰਜ ਨਾਲ ਦਿੱਤੇ ਤੇ ਉਦਮਤਾ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ। ਇਹ ਸੈਸ਼ਨ ਬਹੁਤ ਹੀ ਜਾਣਕਾਰੀ ਭਰਪੂਰ ਤੇ ਪ੍ਰੇਰਨਾਦਾਇਕ ਸੀ। ਇਸ ਨੇ ਐੱਮ.ਬੀ.ਏ. ਪਹਿਲਾ ਸਾਲ ਦੇ ਵਿਦਿਆਰਥੀਆਂ ਨੂੰ ਉਦਮਤਾ ਦੀ ਮਹੱਤਤਾ ਤੇ ਕਾਰੋਬਾਰ ਵਿੱਚ ਸਫਲ ਹੋਣ ਲਈ ਲੋੜੀਂਦੇ ਹੁਨਰਾਂ ਨੂੰ ਸਮਝਣ 'ਚ ਮਦਦ ਕੀਤੀ। ਕੁੱਲ ਮਿਲਾ ਕੇ ਇਹ ਭਾਸ਼ਣ ਵਿਦਿਆਰਥੀਆਂ ਲਈ ਇੱਕ ਵਧੀਆ ਸਿੱਖਣ ਦਾ ਤਜਰਬਾ ਸੀ ਤੇ ਉਨ੍ਹਾਂ ਨੇ ਅਜਿਹੇ ਜਾਣਕਾਰੀ ਭਰਪੂਰ ਸੈਸ਼ਨ ਲਈ ਬਿਜ਼ਨਸ ਸਟੱਡੀਜ਼ ਵਿਭਾਗ ਦਾ ਧੰਨਵਾਦ ਕੀਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਬੀ.ਐੱਫ.ਸੀ.ਐੱਮ.ਟੀ. ਦੇ ਵਾਈਸ ਪ੍ਰਿੰਸੀਪਲ ਡਾ. ਸਚਿਨ ਦੇਵ ਨੇ ਬਿਜ਼ਨੈੱਸ ਸਟੱਡੀਜ਼ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਕੈਬਨਿਟ ਮੰਤਰੀ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

ਮਲੋਟ (ਗੁਰਮੀਤ ਸਿੰਘ ਮੱਕੜ)

ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਨੇ ਅੱਜ ਆਪਣੇ ਜੱਦੀ ਵਿਧਾਨ ਸਭਾ ਹਲਕਾ ਮਲੋਟ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਜਾਇਜ਼ ਸਮੱਸਿਆਵਾਂ ਨੂੰ ਮੌਕੇ 'ਤੇ ਹੱਲ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਲੋਕਾਂ ਨੂੰ ਜੋ ਸਮੱਸਿਆਵਾਂ ਆ ਰਹੀਆਂ ਹਨ, ਇਹ ਪਿਛਲੀਆਂ ਸਰਕਾਰਾਂ ਦੀ ਹੀ ਦੇਣ ਹੈ ਤੇ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੀਵਰੇਜ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਤੇ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਤੋਂ

ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਵਚਨਬੱਧ : ਡਾ. ਬਲਜੀਤ ਕੌਰ

ਮਲੋਟ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ ਕੈਬਨਿਟ ਮੰਤਰੀ ਡਾ. ਬਲਜੀਤ ਕੌਰ।

ਇਲਾਵਾ ਸਿਹਤ ਸਹੂਲਤਾਂ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ, ਸਰਕਾਰ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਆਪਣੇ ਦੌਰੇ ਦੌਰਾਨ ਪੀਣ ਵਾਲਾ ਪਾਣੀ ਮੁਹੱਈਆ ਕਰਨ, ਸੀਵਰੇਜ ਦੀ ਸਮੱਸਿਆ ਦੇ ਹੱਲ ਕਰਨ ਤੇ ਬਿਜਲੀ ਦੀਆਂ ਤਾਰਾਂ ਨੂੰ ਉੱਚਾ ਚੁੱਕਣ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਅੱਜ ਬਿਜਲੀ ਬੰਦ ਰਹੇਗੀ

ਲੁਧਿਆਣਾ (ਐੱਮ. ਐੱਸ. ਭਾਟੀਆ)-ਪੀ.ਐੱਸ.ਪੀ.ਸੀ.ਐੱਲ. ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ ਜ਼ਰੂਰੀ ਰੱਖ-ਰਖਾਅ ਦੇ ਕੰਮ ਕਰਕੇ ਲੁਧਿਆਣਾ ਦੇ 11 ਕੇ ਵੀ ਫੀਡਰ 26 ਮਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜੀ.ਐੱਨ.ਈ. ਕਾਲਜ, ਆਈ.ਟੀ.ਆਈ. ਕਾਲਜ, ਮਰਾਡੋ, ਪੂਰਬੀ ਤਹਿਸੀਲ ਕੈਂਪਸ, ਨਨਕਾਣਾ ਸਕੂਲ, ਕਰਨੈਲ ਸਿੰਘ ਨਗਰ ਗੁਰੂ ਨਾਨਕ ਕਲੋਨੀ ਬਲਾਕ ਏ, ਬੀ, ਸੀ, ਡਾਬਾ ਰੋਡ ਤੇ ਨਾਲ ਲੱਗਦੇ ਇਲਾਕੇ, ਗਿੱਲ ਰੋਡ, ਨਗਰ ਨਿਗਮ ਦਫਤਰ ਦੇ ਨਾਲ ਲੱਗਦਾ ਖੇਤਰ, ਸੋਖੀ ਫੈਕਟਰੀ ਤੇ ਨਾਲ ਲੱਗਦਾ ਖੇਤਰ, ਹਰਕ੍ਰਿਸ਼ਨ ਸਕੂਲ ਤੇ ਨਾਲ ਲੱਗਦਾ ਖੇਤਰ, ਗਿੱਲ ਰੋਡ, ਏ ਟੀ ਆਈ ਕਾਲਜ ਸਾਈਡ, ਈਸਰ ਨਗਰ ਬਲਾਕ ਏ, ਬੀ, ਸੀ, ਲੋਹਾਰਾ ਪਿੰਡ, ਸੁਖਦੇਵ ਨਗਰ, ਕੈਪਟਨ ਨਗਰ, ਢਿੱਲੋਂ ਨਗਰ, ਸਟਾਰ ਰੋਡ ਦੇ ਨਾਲ ਲੱਗਦੇ ਖੇਤਰ 'ਚ ਬੰਦ ਰਹੇਗੀ।

ਸਾਬਕਾ ਸਰਪੰਚ 'ਤੇ ਜਾਨਲੇਵਾ ਹਮਲਾ ਕਰਨ ਵਾਲੇ 2 ਗ੍ਰਿਫ਼ਤਾਰ : ਐੱਸ ਐੱਸ ਪੀ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਸੁਰੇਂਦਰ ਲਾਂਬਾ (ਆਈ.ਪੀ.ਐਸ) ਐਸ.ਐਸ.ਪੀ. ਸੰਗਰੂਰ ਨੇ ਪੁਲਸ ਲਾਈਨ ਸੰਗਰੂਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਲੁੱਟਾਂ ਖੋਹਾਂ ਕਰਨ ਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਮੂਨਕ ਵਿਖੇ ਸਾਬਕਾ ਸਰਪੰਚ ਉਤੇ ਕਥਿਤ ਜਾਨਲੇਵਾ ਹਮਲਾ ਕਰਨ ਵਾਲੇ 02 ਵਿਅਕਤੀਆਂ ਨੂੰ ਦੋ ਘੰਟਿਆਂ ਅੰਦਰ ਗ੍ਰਿਫਤਾਰ ਕਰਕੇ ਵਾਰਦਾਤ ਸਮੇਂ ਵਰਤਿਆ 01 ਪਿਸਤੌਲ ਦੇਸੀ 32 ਬੋਰ, 4 ਕਾਰਤੂਸ ਜਿੰਦਾ ਤੇ 2 ਚੱਲੇ ਹੋਏ ਕਾਰਤੂਸ ਦੇ ਖੋਲ ਸਮੇਤ ਮੋਟਰਸਾਈਕਲ ਬ੍ਰਾਮਦ ਕੀਤੇ ਹਨ। ਸ੍ਰੀ ਸੁਰੇਂਦਰ ਲਾਂਬਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 24 ਮਈ 2023 ਨੂੰ ਵਕਤ ਕਰੀਬ ਦੁਪਹਿਰ 2 ਵਜੇ ਕ੍ਰਿਸ਼ਨ ਸਿੰਘ ਪੁੱਤਰ ਰਾਮਦੀਆ ਵਾਸੀ ਬੰਗਾਂ ਨੂੰ ਬਾਹਰਲੇ ਨੰਬਰ ਤੋਂ ਧਮਕੀ ਭਰੀ ਫੋਨ ਕਾਲ ਆਈ। ਫਿਰ ਕੱਲ੍ਹ ਰਾਤ ਵਕਤ ਕਰੀਬ 10:00 ਵਜੇ ਕ੍ਰਿਸ਼ਨ ਸਿੰਘ ਨੂੰ ਆਪਣੇ ਘਰ ਦੇ ਬਾਹਰ ਫਾਇਰ ਹੋਣ ਦੀ ਅਵਾਜ਼ ਸੁਣਾਈ ਦਿੱਤੀ ਤਾਂ ਜਦੋਂ ਕ੍ਰਿਸ਼ਨ ਸਿੰਘ ਨੇ ਆਪਣੇ ਘਰ ਦੇ ਬਾਹਰ ਜਾ ਕੇ ਦੇਖਿਆ ਤਾਂ ਇੱਕ ਮੋਟਰਸਾਈਕਲ ਉਤੇ ਤਿੰਨ ਵਿਅਕਤੀ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਨੇ ਕ੍ਰਿਸ਼ਨ ਸਿੰਘ ਨੂੰ ਕਥਿਤ ਮਾਰ ਦੇਣ ਦੀ ਨੀਅਤ ਨਾਲ ਉਸ ਪਰ ਫਾਇਰ ਕੀਤੇ, ਜੋ ਫਾਇਰ ਲੱਗਣ ਤੋਂ ਬਚ ਗਿਆ ਅਤੇ ਤਿੰਨੇ ਮੋਟਰਸਾਈਕਲ ਸਵਾਰ ਮੌਕੇ ਤੋਂ ਭੱਜ ਗਏ। ਐਸ.ਐਸ.ਪੀ ਨੇ ਦੱਸਿਆ ਕਿ ਕ੍ਰਿਸ਼ਨ ਸਿੰਘ ਉਕਤ ਦੇ ਬਿਆਨ 'ਤੇ ਮੁਕੱਦਮਾ ਥਾਣਾ ਮੂਨਕ ਬਰਖਿਲਾਫ ਰਾਜੀਵ ਪੁੱਤਰ ਬਲਵਾਨ ਵਾਸੀ ਬੰਗਾਂ ਤੇ 02 ਨਾਮਲੂਮ ਵਿਅਕਤੀ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਐੱਸ ਐੱਸ ਪੀ ਨੇ ਦੱਸਿਆ ਕਿ ਦੌਰਾਨੇ ਤਫਤੀਸ਼ ਸ੍ਰੀ ਮਨੋਜ ਗੋਰਸੀ ਉਪ ਕਪਤਾਨ ਪੁਲਸ ਸਬ ਡਵੀਜ਼ਨ ਮੂਨਕ ਦੀ ਅਗਵਾਈ ਹੇਠ ਥਾਣਾ ਮੂਨਕ ਦੀ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਕਥਿਤ ਦੋਸੀਆਂ ਜਸਵਿੰਦਰ ਸਿੰਘ ਉਰਫ ਜੱਸੀ ਪੁੱਤਰ ਸਮਸ਼ੇਰ ਸਿੰਘ ਤੇ ਹੈਪੀ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਬੰਗਾਂ ਨੂੰ ਨਾਮਜ਼ਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ 25 ਮਈ 2023 ਨੂੰ ਹੀ 02 ਘੰਟਿਆਂ ਦੇ ਅੰਦਰ-ਅੰਦਰ ਕਥਿਤ ਦੋਸ਼ੀ ਰਾਜੀਵ ਪੁੱਤਰ ਬਲਵਾਨ ਤੇ ਜਸਵਿੰਦਰ ਸਿੰਘ ਉਰਫ ਜੱਸੀ ਪੁੱਤਰ ਸਮਸ਼ੇਰ ਸਿੰਘ ਵਾਸੀਆਨ ਬੰਗਾਂ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਸਮੇਂ ਵਰਤਿਆ ਅਸਲਾ 01 ਪਿਸਤੌਲ ਦੇਸੀ 32 ਬੋਰ ਸਮੇਤ 04 ਕਾਰਤੂਸ ਜਿੰਦਾ ਤੇ 02 ਚੱਲੇ ਕਾਰਤੂਸ ਦੇ ਖੋਲ ਸਮੇਤ ਮੋਟਰਸਾਈਕਲ ਬ੍ਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਥਿਤ ਦੋਸੀ ਹੈਪੀ ਸਿੰਘ ਦੀ ਗ੍ਰਿਫਤਾਰੀ ਬਾਕੀ ਹੈ ਤੇ ਮਾਮਲੇ ਦੀ ਤਫਤੀਸ਼ ਜਾਰੀ ਹੈ।

ਗੁਰੂ ਰਵਿਦਾਸ ਜੀ ਪਰਿਵਾਰ ਪਿੰਡ ਲਹਿਰਾ ਧੂਰਕੋਟ ਵੱਲੋਂ ਸ਼ਹੀਦ ਸ੍ਰ. ਕਰਤਾਰ ਸਿੰਘ ਸਰਾਭਾ ਜੀ ਦਾ ਜਨਮ ਦਿਨ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਛਾਂਦਾਰ ਤੇ ਫੁੱਲਦਾਰ ਬੂਟੇ ਲਗਾ ਕੇ ਮਨਾਇਆ ਗਿਆ। ਪ੍ਰਧਾਨ ਬੰਟੀ ਲਹਿਰਾ ਨੇ ਸੁਨੇਹੇ 'ਚ ਕਿਹਾ ਕਿ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਸ਼ਹੀਦ ਸਾਡੇ ਆਦਰਸ਼ ਹਨ, ਸਾਨੂੰ ਹਮੇਸ਼ਾ ਇਨ੍ਹਾਂ ਸੂਰਬੀਰ ਯੋਧਿਆਂ ਅੱਗੇ ਸਿਜਦਾ ਕਰਨਾ ਚਾਹੀਦਾ ਹੈ। ਇਸ ਕਾਰਜ ਵਿੱਚ ਗੁਰਮੇਲ ਸਿੰਘ, ਹਰਵਿੰਦਰ ਸਿੰਘ ਹੈਰੀ, ਕਰਨ ਲਹਿਰਾ, ਹੈਰੀ ਸਿੰਘ ਤੇ ਗੁਰਸੇਵਕ ਸਿੰਘ ਦਾ ਸਹਿਯੋਗ ਰਿਹਾ। (ਤਸਵੀਰ ਤੇ ਵੇਰਵਾ: ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

'ਰਿਜ਼ਰਵੇਸ਼ਨ ਚੋਰ ਫੜੋ ਮੋਰਚਾ' ਦੇ ਹੱਕ 'ਚ ਨਿੱਤਰੀ ਵਾਲਮੀਕੀ ਮਜ਼੍ਹਬੀ ਸਿੱਖ ਮਹਾਂ ਸਭਾ

ਮੋਗਾ (ਅਮਰਜੀਤ ਬੱਬਰੀ)-ਵਲਮੀਕੀ ਮਜ਼ਬੀ ਸਿੱਖ ਮਹਾਂਸਭਾ ਵੱਲੋਂ ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਮੁਹਾਲੀ ਦੇ ਹੱਕ ਵਿੱਚ ਮੋਗਾ ਤੋਂ ਬਿਲਾਸਪੁਰ ਤੱਕ ਕਾਰਾਂ ਵਿੱਚ ਅਰਥੀ ਫੂਕ ਮਾਰਚ ਕੱਢਿਆ ਗਿਆ।

ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਕੇ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਵਲਮੀਕੀ ਮਜ਼੍ਹਬੀ ਸਿੱਖ ਮਹਾਂਸਭਾ ਦੇ ਆਗੂ ਬਰਜਿੰਦਰ ਧਾਲੀਵਾਲ ਤੇ ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਦੇ ਆਗੂ ਪ੍ਰੋ. ਹਰਨੇਕ ਸਿੰਘ ਨੇ ਦੱਸਿਆ ਕਿ ਮੋਰਚਾ 20 ਜੂਨ ਤੋਂ ਮੁਹਾਲੀ ਵਿਖੇ ਇਸ ਕਰਕੇ ਧਰਨੇ 'ਤੇ ਬੈਠਾ ਹੈ ਕਿ ਕੁਝ ਸਵਰਨ ਵਰਗ ਨਾਲ ਸਬੰਧਤ ਵਿਅਕਤੀ ਜਾਲ੍ਹੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ ਕਰ ਰਹੇ ਹਨ ਅਤੇ ਸਰਕਾਰ ਤੋਂ ਅਨੁਸੂਚਿਤ ਜਾਤੀ ਵਾਲਾ ਲਾਭ ਲੈ ਰਹੀ ਹੈ। ਆਗੂਆਂ ਨੇ ਦੱਸਿਆ ਕਿ ਇਸ ਸਬੰਧੀ ਅਸੀਂ ਸਰਕਾਰ ਨੂੰ ਕਈ ਵਾਰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਦੀ ਜਾਂਚ ਕਰਵਾਈ ਜਾਵੇ ਤੇ ਜਿਹੜੇ ਵਿਅਕਤੀ ਅਜਿਹੇ ਜਾਲ੍ਹੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਕਰ ਰਹੇ ਹਨ, ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰਕੇ ਉਨ੍ਹਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਅੱਜ ਸੈਂਕੜੇ ਵਾਲਮੀਕੀ ਮਜ਼੍ਹਬੀ ਸਿੱਖ ਮਹਾਂਸਭਾ ਦੇ ਮੈਂਬਰ ਤੇ ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਦੇ ਆਗੂ ਅੱਜ ਦਲਿਤ ਸਮਾਜ ਦੇ ਗੂੰਗੇ ਤੇ ਬੋਲੇ ਕਸਬਾ ਨਿਹਾਲ ਸਿੰਘ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ ਮੰਗ ਪੱਤਰ ਦੇਣ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚ ਸਕੇ। ਉਨ੍ਹਾ ਇਸ ਗੱਲ ਦਾ ਸਰਕਾਰ 'ਤੇ ਗਿਲਾ ਕੀਤਾ ਕਿ ਕਿਸਾਨਾਂ ਦੇ ਧਰਨੇ ਨਾਲ ਗੱਲਬਾਤ ਕਰਨ ਲਈ ਵਿਧਾਇਕ ਧਾਲੀਵਾਲ ਝੱਟ ਪਹੁੰਚ ਜਾਂਦੇ ਹਨ ਤੇ ਹੋਰਨਾਂ ਵਰਗਾਂ ਦੇ ਧਰਨਿਆਂ ਮੌਕੇ ਸਪੀਕਰ ਸੰਧਵਾਂ ਪਹੁੰਚ ਜਾਂਦੇ ਹਨ, ਪਰ ਦਲਿਤ ਸਮਾਜ ਵੱਲੋਂ ਲਗਾਏ ਧਰਨੇ 'ਤੇ ਬੈਠੇ ਲੋਕਾਂ ਲਈ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਕੋਲ ਗੱਲਬਾਤ ਕਰਨ ਦਾ ਸਮਾਂ ਨਹੀਂ ਹੈ।

ਉਨ੍ਹਾ ਕਿਹਾ ਕਿ ਦਲਿਤ ਸਮਾਜ ਦੇ ਗੂੰਗੇ ਤੇ ਬੋਲੇ ਵਿਧਾਇਕਾਂ ਨੂੰ ਜਗਾਉਣ ਲਈ ਉਹ ਸਾਰੇ ਰਿਜ਼ਰਵ ਹਲਕਿਆਂ ਦੇ ਵਿਧਾਇਕਾਂ ਨੂੰ ਮੰਗ ਪੱਤਰ ਦੇਣਗੇ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਮਸਲੇ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਸਮੁੱਚਾ ਦਲਿਤ ਵਰਗ ਸਰਕਾਰ ਦਾ ਡੱਟ ਕੇ ਵਿਰੋਧ ਕਰੇਗਾ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਅਨੁਸੂਚਿਤ ਸਮਾਜ ਦੇ ਲੋਕ ਹਾਜ਼ਰ ਸਨ।

ਸ਼ਹਿਰ 'ਚ ਪੁਲਸ ਨਫਰੀ ਤੇ ਪੀ ਸੀ ਆਰ ਮੁਲਾਜ਼ਮ ਵਧਾਉਣ ਦੀ ਮੰਗ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਵਿੱਚ ਚੋਰਾਂ ਤੇ ਝਪਟਮਾਰਾਂ ਨੇ ਹੜਕੰਪ ਮਚਾ ਕੇ ਰੱਖਿਆ ਹੋਇਆ ਹੈ, ਆਏ ਦਿਨ ਸ਼ਹਿਰ ਵਿੱਚ ਜਾਂ ਤਾਂ ਚੋਰਾਂ ਵੱਲੋਂ ਕਿਸੇ ਦੁਕਾਨਦਾਰ ਦੀ ਦੁਕਾਨ ਨੂੰ ਨਿਸ਼ਾਨਾ ਬਣਾਇਆ ਹੁੰਦਾ ਹੈ ਜਾਂ ਫਿਰ ਮੋਟਰਸਾਈਕਲ ਸਵਾਰ ਲੁਟੇਰੇ ਝਪਟ ਮਾਰ ਕੇ ਤੁਰੇ ਜਾਂਦੇ ਰਾਹਗੀਰਾਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਨੌਂ ਦੋ ਗਿਆਰਾ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਸ਼ਿਕਾਰ ਹੋਇਆ ਵਿਅਕਤੀ ਜਾਂ ਔਰਤ ਸਿਰਫ਼ ਰੌਲਾ ਪਾਉਣ ਜੋਗੀ ਰਹਿ ਜਾਂਦੀ ਅਤੇ ਉਨ੍ਹਾਂ ਦੀ ਉੱਘ-ਸੁੱਘ ਨਹੀਂ ਨਿਕਲਦੀ। ਭਰੋਸੇਯੋਗ ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਇਹ ਸਭ ਸ਼ਹਿਰ ਵਿੱਚ ਪੁਲਸ ਮੁਲਾਜ਼ਮਾਂ ਦੀ ਨਫ਼ਰੀ ਦੀ ਘਾਟ ਤੇ ਪੀ.ਸੀ.ਆਰ. ਮੋਟਰਸਾਈਕਲਾਂ ਦੀ ਘਾਟ ਦਾ ਨਤੀਜਾ ਹੀ ਹੈ ਕਿ ਆਏ ਦਿਨ ਸ਼ਹਿਰ ਵਿੱਚ ਚੋਰੀਆਂ ਤੇ ਝਪਟਮਾਰਾਂ ਦੀ ਵਾਰਦਾਤਾਂ ਵਾਪਰ ਰਹੀਆਂ ਹਨ। ਦੱਸਣਯੋਗ ਹੈ ਕਿ ਸ਼ਹਿਰ ਵੱਡਾ ਹੋਣ ਦੇ ਕਾਰਨ ਘੱਟ ਤੋਂ ਘੱਟ 5-6 ਪੀ ਸੀ ਆਰ ਮੋਟਰਸਾਈਕਲਾਂ ਦਾ ਸਥਾਨਕ ਸ਼ਹਿਰ ਵਿੱਚ ਹਰ ਵੇਲੇ ਤਾਇਨਾਤ ਹੋਣਾ ਜ਼ਰੂਰੀ ਹੈ, ਪਰ ਪਤਾ ਲੱਗਾ ਹੈ ਕਿ ਮੌਜੂਦਾ ਸਮੇਂ 'ਚ ਸ਼ਹਿਰ ਵਿੱਚ ਇੱਕ ਹੀ ਪੀ ਸੀ ਆਰ ਮੋਟਰਸਾਈਕਲ ਹੂਟਰ ਮਾਰ ਦਾ ਦੇਖਿਆ ਜਾਂਦਾ ਹੈ ਅਤੇ ਉਸ ਉੱਪਰ ਵੀ ਕਈ ਵਾਰ ਇੱਕ ਮੁਲਾਜ਼ਮ ਹੀ ਤਾਇਨਾਤ ਹੁੰਦਾ ਹੈ।

ਦੂਜੇ ਪਾਸੇ ਜੇ ਗੱਲ ਸਥਾਨਕ ਥਾਣੇ ਵਿੱਚ ਪੁਲਸ ਨਫਰੀ ਦੀ ਕੀਤੀ ਜਾਵੇ ਤਾਂ ਪਤਾ ਲੱਗਾ ਹੈ ਕਿ ਸਥਾਨਕ ਸ਼ਹਿਰ ਵਿੱਚ ਪੁਲਸ ਮੁਲਾਜ਼ਮਾਂ ਦੀ ਘਾਟ ਹੋਣ ਦੇ ਕਾਰਨ ਸ਼ਹਿਰ 'ਚ ਬਹੁਤ ਘੱਟ ਪੁਲਸ ਮੁਲਾਜ਼ਮ ਡਿਊਟੀ 'ਤੇ ਤਾਇਨਾਤ ਹੁੰਦੇ ਹਨ। ਸਥਾਨਕ ਸ਼ਹਿਰ ਵਾਸੀਆਂ ਨੇ ਜ਼ਿਲ੍ਹਾ ਪੁਲਸ ਮੁਖੀ ਜੇ. ਇਲਨਚੇਲੀਅਨ ਤੋਂ ਮੰਗ ਕੀਤੀ ਹੈ ਕਿ ਸਥਾਨਕ ਸ਼ਹਿਰ ਵਿੱਚ ਹੋ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਸਥਾਨਕ ਸ਼ਹਿਰ ਵਿੱਚ ਪੁਲਸ ਨਫਰੀ ਵਧਾਉਣ ਦੇ ਨਾਲ ਨਾਲ ਪੀ ਸੀ ਆਰ ਮੋਟਰਸਾਈਕਲਾਂ ਦੀ ਗਿਣਤੀ ਵੀ ਵਧਾਈ ਜਾਵੇ ਤਾਂ ਜੋ ਸਥਾਨਕ ਸ਼ਹਿਰ ਵਿੱਚ ਰਹਿਣ ਵਾਲੇ ਲੋਕ ਆਪਣੇ ਆਪ ਨੂੰ, ਜੋ ਅੱਜ ਅਸੁਰੱਖਿਅਤ ਸਮਝ ਰਹੇ ਹਨ, ਸੁਰੱਖਿਅਤ ਮਹਿਸੂਸ ਕਰਨ।

...ਸ.ਫਾ 1 ਦੇ ਬਾਕੀ

ਫਰਜ਼ੀ ਵੀਡੀਓ ਕਾਲ..

ਪਰ ਉਨ੍ਹਾਂ ਕਿਹਾ ਕਿ ਮੇਰਾ ਅਪਰਾਧੀਆਂ ਅਤੇ ਅੱਤਵਾਦੀਆਂ ਨਾਲ ਸੰਬੰਧ ਜੁੜਿਆ ਹੈ।' ਠੱਗਾਂ ਨੇ ਜੋ ਵਾਲਿਟ ਦੱਸਿਆ, ਮਹਿਲਾ ਨੇ ਪੈਸੇ ਭੇਜ ਦਿੱਤੇ। ਜਦ ਤੱਕ ਉਸ ਨੂੰ ਮਹਿਸੂਸ ਹੋਇਆ ਕਿ ਉਸ ਨਾਲ ਧੋਖਾਧੜੀ ਹੋਈ ਹੈ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਮਹਿਲਾ ਨੇ ਦਿੱਲੀ ਸਾਇਬਰ ਸੈੱਲ 'ਚ ਇਸ ਦੀ ਸ਼ਿਕਾਇਤ ਕੀਤੀ। ਮਹਿਲਾ ਨੇ ਦੱਸਿਆ ਕਿ ਕੋਰੀਅਰ ਕੰਪਨੀ ਵੱਲੋਂ ਫੋਨ ਕਰਨ ਵਾਲੇ ਨੇ ਕਿਹਾ ਕਿ ਤਾਇਪੇ ਭੇਜਿਆ ਗਿਆ ਤੁਹਾਡੇ ਵੱਲੋਂ ਪੈਕੇਜ ਡਲਿਵਰ ਨਹੀਂ ਹੋਇਆ। ਜਦ ਮੈਂ ਕਿਹਾ ਕਿ ਮੈਂ ਤਾਂ ਕੋਈ ਪੈਕੇਜ ਭੇਜਿਆ ਹੀ ਨਹੀਂ, ਉਸ ਨੇ ਕਿਹਾ ਕਿ ਉਸ 'ਤੇ ਤੁਹਾਡਾ ਆਧਾਰ ਕਾਰਡ ਹੈ। ਅਪਰੇਟਰ ਨੇ ਕਿਹਾ ਕਿ ਪੈਕੇਜ 'ਚ ਕੱਪੜੇ, ਲੈਪਟਾਪ, ਪਾਸਪੋਰਟ ਅਤੇ ਡਰੱਗ ਹੈ। ਇਸ ਤੋਂ ਬਾਅਦ ਉਸ ਨੇ ਕਥਿਤ ਤੌਰ 'ਤੇ ਨਾਰਕੋਟਿਕਸ ਡਵੀਜ਼ਨ ਦੱਸਿਆ ਤੇ ਫੋਨ ਕਨੈਕਟ ਕਰ ਦਿੱਤਾ। ਉਸ ਨੂੰ ਸਕਾਇਪ ਡਾਊਨਲੋਡ ਕਰਨ ਨੂੰ ਕਿਹਾ ਗਿਆ। ਕੁਝ ਸਮੇਂ ਬਾਅਦ ਮਹਿਲਾ ਆਪਣੇ ਡਾਕਟਰ ਨਾਲ ਮਿਲੀ ਅਤੇ ਪੂਰੀ ਗੱਲ ਦੱਸੀ। ਉਨ੍ਹਾ ਨੇ ਕਿਹਾ ਕਿ ਇਹ ਧੋਖਾਧੜੀ ਹੋ ਸਕਦੀ ਹੈ, ਫਿਰ ਮਹਿਲਾ ਨੇ ਇੰਟਰਨੈੱਟ 'ਤੇ ਸਰਚ ਕੀਤਾ ਅਤੇ ਪਤਾ ਚੱਲਿਆ ਕਿ ਇਸ ਤਰ੍ਹਾਂ ਦਾ ਹੀ ਇੱਕ ਕੇਸ ਹੁਣੇ ਜਿਹੇ ਹੋਇਆ ਸੀ। ਵਟਸਐਪ 'ਤੇ ਵੀਡੀਓ ਕਾਲ ਕਰਕੇ ਵੀ ਠੱਗਾਂ ਵੱਲੋਂ ਬਲੈਕਮੇਲ ਕਰਕੇ ਠਗੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਦਾ ਇੱਕ ਮਾਮਲਾ ਲਖਨਊ 'ਚ 28 ਸਾਲਾ ਇੰਜੀਨੀਅਰ ਅੰਕਿਤ ਕੁਮਾਰ ਨਾਲ ਹੋਇਆ। ਅੰਕਿਤ ਕੁਮਾਰ ਨੂੰ ਰਾਤ ਅਚਾਨਕ ਅਣਜਾਣ ਨੰਬਰ ਤੋਂ ਵੀਡੀਓ ਕਾਲ ਆਈ। ਅੰਕਿਤ ਨੇ ਵੀਡੀਓ ਕਾਲ ਨੂੰ ਰਸੀਵ ਕਰ ਲਿਆ, ਦੂਜੇ ਪਾਸੇ ਇੱਕ ਲੜਕੀ ਦੀ ਅਸ਼ਲੀਲ ਤਸਵੀਰ ਸਾਹਮਣੇ ਆਈ। ਅਚਾਨਕ ਅਣਜਾਣ ਨੰਬਰ ਤੋਂ ਵਟਸਐਪ 'ਤੇ ਆਈ ਵੀਡੀਓ ਕਾਲ ਅਤੇ ਫਿਰ ਉਸ ਵੀਡੀਓ ਕਾਲ 'ਤੇ ਕੱਪੜੇ ਉਤਾਰਦੀ ਲੜਕੀ ਨੂੰ ਦੇਖ ਅੰਕਿਤ ਕੁਝ ਸਮਝ ਨਹੀਂ ਸਕਿਆ। ਥੋੜ੍ਹੀ ਦੇਰ 'ਚ ਉਸ ਨੇ ਵੀਡੀਓ ਕਾਲ ਬੰਦ ਕਰ ਦਿੱਤੀ। ਅੱਧੇ ਘੰਟੇ ਬਾਅਦ ਵਟਸਐਪ 'ਤੇ ਵੀਡੀਓ ਆਇਆ। ਉਸ 'ਚ ਅੰਕਿਤ ਦੀ ਅਸ਼ਲੀਲ ਵੀਡੀਓ ਸੀ। ਨਾਲ ਹੀ ਧਮਕੀ ਆ ਗਈ ਕਿ ਜੇ ਪੈਸੇ ਨਹੀਂ ਦਿੱਤੇ ਤਾਂ ਇਹ ਵੀਡੀਓ ਵਾਇਰਲ ਕਰ ਦਿੱਤੀ ਜਾਵੇਗੀ। ਦੂਜੇ ਦਿਨ ਉਸ ਦੇ ਮੋਬਾਇਲ 'ਤੇ ਇੱਕ ਮੈਸੇਜ ਆਇਆ। ਮੈਸੇਜ 'ਚ ਅੰਕਿਤ ਤੋਂ ਗੂਗਲ ਪੇ 'ਤੇ ਪੈਸੇ ਦੀ ਮੰਗ ਕੀਤੀ ਗਈ। ਪੈਸੇ ਨਾ ਦੇਣ 'ਤੇ ਉਸ ਦੀ ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਦਿੱਤੀ ਗਈ। ਉਸ ਨੇ ਇਸ ਦੀ ਸਾਰੀ ਜਾਣਕਾਰੀ ਪੁਲਸ ਨੂੰ ਦਿੱਤੀ। ਇੰਟਰਨੈੱਟ ਮੋਬਾਇਲ ਦੇ ਇਸ ਦੌਰ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਕਿਸੇ ਦੇ ਨਾਲ ਵੀ ਹੋ ਸਕਦੀਆਂ ਹਨ। ਫੇਸਬੁਕ ਦੀ ਫਰਜ਼ੀ ਆਈ ਡੀ ਬਣਾ ਕੇ ਦੋਸਤਾਂ ਤੋਂ ਪੈਸੇ ਮੰਗਾਉਣ ਵਾਲਿਆਂ ਦੀ ਤਰ੍ਹਾਂ ਹੁਣ ਸਾਇਬਰ ਕਰਾਇਮ ਕਰਨ ਵਾਲਿਆਂ ਦਾ ਇਹ ਤਰੀਕਾ ਚਰਚਾ 'ਚ ਨਹੀਂ ਆਇਆ, ਪਰ ਤੁਸੀਂ ਸਾਵਧਾਨ ਹੋ ਜਾਓ।

asREC (India) Limited ਰਜਿ: ਦਫਤਰ : 201/202 ਏ, ਬਿਲਡਿੰਗ ਨੰ: 2, ਸੋਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ, ਚਕਾਲਾ, ਅੰਧੇਰੀ (ਈ) ਮੁੰਬਈ-400093, ਸ਼ਾਖਾ ਦਫਤਰ : 402, ਚੌਥੀ ਮੰਜ਼ਲ, ਅਪਰਾ ਟਾਵਰ, ਐਸ ਸੀ ਓ-130-131-132, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

ਐੱਸਟਸ ਦੀ ਵਿਕਰੀ ਲਈ ਜਨਤਕ ਨਿਲਾਮੀ [ਵੇਖੋ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 6 (2)]

ਅਚੱਲ/ਚੱਲ ਐੱਸਟਸ ਦੀ ਵਿਕਰੀ ਲਈ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਅਤੇ 6 (2) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਈ-ਨਿਲਾਮੀ ਵਿਕਰੀ ਨੋਟਿਸ। ਆਮ ਜਨਤਾ ਨੂੰ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਐਸ਼ਰੈੱਕ ਇੰਡੀਆ ਲਿਮ: ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ/ਚੱਲ ਜਾਇਦਾਦਾਂ, ਜਿਨ੍ਹਾਂ ਦਾ ਸਕਿਉਰਡ ਕ੍ਰੈਡਿਟਰ ਵੱਲੋਂ ਸੰਕੇਤਕ/ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ', 'ਉੱਥੇ ਜੋ ਵੀ ਹੈ' ਅਤੇ 'ਨੋ ਰੀਕੋਰਸ' ਦੇ ਆਧਾਰ 'ਤੇ ਕੀਤੀ ਜਾਵੇਗੀ। ਸਰਫੇਸੀ ਐਕਟ ਤਹਿਤ ਹੇਠਾਂ ਦਰਸਾਈਆਂ ਜਾਇਦਾਦਾਂ ਦੀ ਈ-ਨਿਲਾਮੀ 13.06.2023 ਨੂੰ ਦੁਪਹਿਰ 1.00 ਵਜੇ ਤੋਂ ਸ਼ਾਮ ਦੇ 3.00 ਵਜੇ ਤੱਕ ਕੀਤੀ ਜਾਵੇਗੀ।

ਏ) ਕਰਜ਼ਦਾਰ ਦਾ ਨਾਂਅ ਅਤੇ ਪਤਾ ਬੀ) ਗਰੰਟਰਾਂ/ਰਹਿਣਕਾਰਾਂ ਦਾ ਨਾਂਅ	ਏ) ਡਿਮਾਂਡ ਨੋਟਿਸ ਦੀ ਮਿਤੀ (13 (2)) ਬੀ) ਸੰਕੇਤਕ ਕਬਜ਼ੇ ਦੀ ਮਿਤੀ (13 (4)) ਸੀ)-16.11.2017 ਨੂੰ ਮਾਣਯੋਗ ਡੀ ਆਰ ਟੀ-111 ਚੰਡੀਗੜ੍ਹ ਵੱਲੋਂ ਜਾਰੀ ਆਰ ਸੀ ਅਨੁਸਾਰ ਦਾਅਵਾ ਰਕਮ	ਭੌਤਿਕ ਕਬਜ਼ੇ/ਸੰਕੇਤਕ ਕਬਜ਼ੇ ਦੇ ਵੇਰਵੇ	ਜਾਇਦਾਦ ਦਾ ਵੇਰਵਾ	ਏ) ਰਾਖਵੀਂ ਕੀਮਤ ਬੀ) ਬਿਆਨਾ ਰਕਮ ਡਿਪਾਜ਼ਟ ਸੀ) ਬੋਲੀ ਵਾਧਾ ਰਕਮ
ਮੈਸ: ਪੁਰਤੀ ਐਕਸਪੋਰਟਸ ਡੀ-3, ਟੈਕਸਟਾਇਲ ਕਾਲੋਨੀ ਇੰਡਸਟਰੀਅਲ ਏਰੀਆ-ਏ, ਲੁਧਿਆਣਾ ਅਤੇ ਨਾਲ ਹੀ ਭੱਠਾ ਬੂਆ ਰੋਡ, ਨੇੜੇ ਜਾਲੀਵਾਲੀ ਫੈਕਟਰੀ, ਹੰਬੜਾਂ, ਲੁਧਿਆਣਾ, ਮਾਲਕ ਗੁਰਪ੍ਰੀਤ ਸਿੰਘ ਗਰੰਟਰ/ਰਹਿਣਕਾਰ 1. ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਸਰਦਾਰ ਸਿੰਘ 2. ਸ੍ਰੀ ਸਰਦਾਰ ਸਿੰਘ ਪੁੱਤਰ ਬਲਵੰਤ ਸਿੰਘ 3. ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਇੰਦਰਜੀਤ ਸਿੰਘ 4. ਸ੍ਰੀਮਤੀ ਵਰਿੰਦਰ ਕੌਰ ਪਤਨੀ ਸ੍ਰੀ ਜਗਪ੍ਰੀਤ ਸਿੰਘ 5. ਸ੍ਰੀ ਇੰਦਰਪ੍ਰੀਤ ਸਿੰਘ ਪੁੱਤਰ ਸ੍ਰੀ ਸਰਦਾਰ ਸਿੰਘ 6. ਸ੍ਰੀ ਜਗਪ੍ਰੀਤ ਸਿੰਘ ਪੁੱਤਰ ਸ੍ਰੀ ਸਰਦਾਰ ਸਿੰਘ 7. ਸ੍ਰੀ ਅਮਰਜੀਤ ਸਿੰਘ ਪੁੱਤਰ ਸ੍ਰੀ ਕੁਲਦੀਪ ਸਿੰਘ 8. ਸ੍ਰੀਮਤੀ ਮਹਿੰਦਰ ਕੌਰ ਪਤਨੀ ਸ੍ਰੀ ਸਰਦਾਰ ਸਿੰਘ 9. ਸ੍ਰੀ ਮੁਖਤਿਆਰ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ ਸਾਰੇ ਵਾਸੀ ਬੀ-34-5575/4 ਗਲੀ ਨੰ. 4, ਰਘੁਬੀਰ ਪਾਰਕ, ਜੱਸੀਆਂ ਰੋਡ, ਹੈਬੋਵਾਲ ਕਲਾਂ, ਲੁਧਿਆਣਾ।	ਏ) 31.03.2012 ਬੀ) 22.08.2012 ਸੀ) ਰੁਪਏ 8,54,85,418.00 (ਅੱਠ ਕਰੋੜ ਚੁਰੰਜਾ ਲੱਖ ਪਚਾਸੀ ਹਜ਼ਾਰ ਚਾਰ ਸੌ ਅਠਾਰਾਂ ਰੁਪਏ ਕੇਵਲ) ਜਮ੍ਹਾਂ 16.12.2012 ਤੋਂ ਅਦਾਇਗੀ ਦੀ ਮਿਤੀ ਤੱਕ ਵਿਆਜ, ਲਾਗਤਾਂ, ਚਾਰਜਿਜ ਅਤੇ ਖਰਚੇ	ਖਾਲੀ ਪਲਾਟ/ ਭੌਤਿਕ	ਸ੍ਰੀਮਤੀ ਵਰਿੰਦਰ ਕੌਰ ਪਤਨੀ ਜਗਪ੍ਰੀਤ ਸਿੰਘ ਦੇ ਨਾਂਅ 'ਤੇ ਰਿਹਾਇਸ਼ੀ ਜਾਇਦਾਦ ਪਲਾਟ ਨੰ. 168, ਰਕਬਾ 440 ਵਰਗ ਗਜ਼, ਖਸਰਾ ਨੰ. 12//16/2, 13, 17, 18,24 , 25/2, 22//3, 4, 5/2, 7/2, 8 ਅਤੇ ਖੱਤਾ ਨੰ. 191/224-225-226-227, ਜੈਨ ਇਨਕਲੇਵ, ਨੇੜੇ ਲੁਧਿਆਣਾ-ਹੰਬੜਾਂ ਰੋਡ, ਪੈਟਰੋਲ ਪੰਪ ਦੇ ਪਿਛਲੇ ਪਾਸੇ, ਪਿੰਡ ਫਗਲਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਜਮਾਂਬੰਦੀ ਸਾਲ 2007-08 ਨਾਲ ਸੰਬੰਧਤ ਸਭ ਕੁੱਝ।	ਏ) ਰੁਪਏ 11,22,000/- (ਗਿਆਰਾਂ ਲੱਖ ਬਾਈ ਹਜ਼ਾਰ ਰੁਪਏ ਕੇਵਲ) ਬੀ) ਰੁਪਏ 1,12,000/-(ਇੱਕ ਲੱਖ ਬਾਰਾਂ ਹਜ਼ਾਰ ਰੁਪਏ ਕੇਵਲ) ਸੀ)- ਰੁਪਏ 10,000.00/- (ਦਸ ਹਜ਼ਾਰ ਰੁਪਏ ਕੇਵਲ)

ਨਿਰੀਖਣ ਦੀ ਮਿਤੀ ਅਤੇ ਸਮਾਂ : ਜਾਇਦਾਦ : 06.06.2023 (ਦੁਪਹਿਰ 1.00 ਵਜੇ ਤੋਂ 2.00 ਵਜੇ ਤੱਕ)

ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 12.06.2023 (ਦਫਤਰੀ ਸਮੇਂ ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ)

ਈ-ਨਿਲਾਮੀ ਦੀ ਮਿਤੀ : 13.06.2023

ਸਮਾਂ ਦੁਪਹਿਰ 1.00 ਵਜੇ ਤੋਂ ਸ਼ਾਮ ਦੇ 3.00 ਵਜੇ ਤੱਕ (ਸਰਗਰਮ ਅਪਸਾਈਡ ਬੋਲੀ ਦੇ ਸਮੇਂ ਤੋਂ 5 ਮਿੰਟਾਂ ਦੇ ਵਾਧੇ ਨਾਲ)

ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਐਸ਼ਰੈੱਕ (ਇੰਡੀਆ) ਲਿਮ: ਵੱਲੋਂ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ, ਵੈੱਬਸਾਈਟ www.asrecindia.co.in ਜੋ ਕਿ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: ਆਕਸ਼ਨ ਟਾਈਗਰ, ਅਹਿਮਦਾਬਾਦ ਦੀ ਵੈੱਬਸਾਈਟ https://sarfaesi.auctiontiger.net 'ਤੇ ਵੀ ਉਪਲੱਬਧ ਹੈ। ਚਾਹਵਾਨ ਬੋਲੀਕਾਰ ਕੋਲ ਯੋਗ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਸੰਪਰਕ ਵਿਅਕਤੀ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀ ਲਿਮ: (ਆਕਸ਼ਨ ਟਾਈਗਰ) ਸ੍ਰੀ ਰਾਮ ਪ੍ਰਸਾਦ, ਮੋਬਾਈਲ ਨੰ: 8000023297, ਹੈਲਪਲਾਈਨ ਨੰ: 079-61200531/544/596/559 ਹੋਰ ਪੁੱਛਗਿੱਛ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਨਰੇਂਦਰਾ ਸਿੰਘ, ਸੰਪਰਕ ਨੰ: 96544 54624, ਲੈਂਡ ਲਾਈਨ ਨੰ: 0161-4625488, ਈਮੇਲ ਆਈ ਡੀ asrec.ludhiana@asrecindia.co.in ਨਾਲ ਕੰਮਕਾਜ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਵਿਕਰੀ ਨੋਟਿਸ ਉਪਰੋਕਤ ਕਰਜ਼ਦਾਰਾਂ ਅਤੇ ਗਰੰਟਰਾਂ/ਰਹਿਣਕਾਰਾਂ ਲਈ ਸਰਫੇਸੀ ਐਕਟ ਦੇ ਰੂਲ 8 (6) ਅਤੇ ਹੋਰ ਨਿਯਮਾਂ ਤਹਿਤ 15 ਦਿਨਾਂ ਦਾ ਵਿਧਾਨਕ ਵਿਕਰੀ ਨੋਟਿਸ ਵੀ ਹੈ, ਜੋ ਉਹਨਾਂ ਨੂੰ ਉਪਰੋਕਤ ਮਿਤੀ ਤੇ ਸਮੇਂ 'ਤੇ ਨਿਲਾਮੀ/ਵਿਕਰੀ ਅਤੇ ਉਹਨਾਂ ਵੱਲੋਂ ਉਪਰੋਕਤ ਦਰਸਾਏ ਬਕਾਏ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਖਰਚੇ ਨਿਲਾਮੀ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਅਦਾ ਕਰਕੇ ਐੱਸਟਸ ਦੇ ਪੁਨਰਗ੍ਰਹਿਣ ਦੀ ਨਸੀਹਤ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਜਾਇਦਾਦ, ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਦੀ ਮਰਜ਼ੀ ਨਾਲ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (5) ਅਧੀਨ ਕਿਸੇ ਵੀ ਤਰੀਕੇ ਨਾਲ ਵੇਚ ਦਿੱਤੀ ਜਾਵੇਗੀ, ਜੇਕਰ ਫਿਰ ਵੀ ਕੋਈ ਬਕਾਇਆ ਰਹਿ ਜਾਵੇਗਾ ਤਾਂ ਸਮੇਤ ਵਿਆਜ, ਲਾਗਤਾਂ ਅਤੇ ਚਾਰਜਿਸ ਦੇ ਵਸੂਲਿਆ ਜਾਵੇਗਾ।

ਮਿਤੀ : 26.05.2023 ਸਥਾਨ : ਲੁਧਿਆਣਾ ਸਹੀ/- ਅਧਿਕਾਰਤ ਅਫਸਰ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸਿੱਖਿਆ ਮੰਤਰੀ ਖਿਲਾਫ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਯੂਨੀਅਨ ਵੱਲੋਂ ਰੋਸ ਰੈਲੀ

ਪੱਟੀ, (ਬਲਦੇਵ ਸਿੰਘ ਕਿਰਤੋਵਾਲ /ਸਮਸੇਰ ਸਿੰਘ ਯੋਧਾ) -ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗ ਦਾ ਸਮਾਂ ਤੈਅ ਕੀਤਾ ਗਿਆ। ਯੂਨੀਅਨ ਨੂੰ ਸਮਾ ਦੇ ਕੇ ਸਿੱਖਿਆ ਮੰਤਰੀ ਦੇ ਨਾ ਆਉਣ ਕਾਰਨ ਯੂਨੀਅਨ ਨੇ ਸਥਾਨਕ ਸ਼ਹਿਰ ਅੰਦਰ ਰੋਸ ਪ੍ਰਦਰਸ਼ਨ ਕੀਤਾ। ਸਿੱਖਿਆ ਮੰਤਰੀ ਦੇ ਅੜੀਅਲ ਵਤੀਰੇ ਵਿਰੁੱਧ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੱਦੇ 'ਤੇ ਵੱਖ-ਵੱਖ ਮਹਿਕਮਿਆਂ ਦੇ ਮੁਲਾਜ਼ਮਾਂ ਨੇ ਹਿੱਸਾ ਲਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਮਿਡ ਡੇ ਮੀਲ ਵਰਕਰ ਸ਼ਾਮਲ ਸਨ। ਮਿਡ-ਡੇਅ ਮੀਲ ਵਰਕਰਾਂ ਨੂੰ ਉਜਰਤਾਂ ਦੇ ਘੇਰੇ ਵਿੱਚ ਲਿਆ ਕੇ ਘੱਟੋ ਘੱਟ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਹਨਤਾਨਾ, ਵਰਕਰਾਂ ਦਾ 10 ਲੱਖ ਦਾ ਮੁਫਤ ਬੀਮਾ ਕੀਤਾ ਜਾਵੇ, ਠੰਢੀਆਂ ਗਰਮ ਵਰਦੀਆਂ ਦਿੱਤੀਆਂ ਜਾਣ।

ਕੱਚੇ ਕਰਮਚਾਰੀ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਇਹ ਰੈਲੀ ਫੈਡਰੇਸ਼ਨ ਦੇ ਤਹਿਸੀਲ ਪ੍ਰਧਾਨ ਜੋਗਾ ਸਿੰਘ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਪੱਟੀ ਵਿਖੇ ਕੀਤੀ ਗਈ। ਜਿਸ ਨੂੰ ਮਿਡ ਡੇ ਮੀਲ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਜਸਬੀਰ ਕੌਰ ਰਜਨੀ, ਗੁਰਜੀਤ ਕੌਰ ਪੈਰਾ ਮੈਡੀਕਲ ਦੇ ਆਗੂ ਸਰਬਜੀਤ ਸਿੰਘ ਇਸਤਰੀ ਮੁਲਾਜ਼ਮ ਯੂਨੀਅਨ ਪੰਜਾਬ ਦੀ ਆਗੂ ਰਣਜੀਤ ਕੌਰ ਨੇ ਕਿਹਾ ਕਿ ਜੇ ਉਪਰੋਕਤ ਮੰਗਾਂ ਸਮਾਂ ਦੇ ਕੇ ਨਾ ਪ੍ਰਵਾਨ ਹੋਈਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਹੋਰਨਾਂ ਤੋਂ ਇਲਾਵਾ ਇਸਤਰੀ ਮੁਕਤੀ ਮੋਰਚਾ ਦੀ ਆਗੂ ਨਰਿੰਦਰ ਕੌਰ, ਪੈਨਸ਼ਨਰ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਜੰਡ, ਜਗਤਾਰ ਸਿੰਘ, ਰਾਜ ਸਿੰਘ ਨੇ ਸਿੱਖਿਆ ਮੰਤਰੀ ਵੱਲੋਂ ਜਥੇਬੰਦੀ ਨੂੰ ਸਮਾਂ ਦੇ ਕੇ ਨਾ ਮਿਲਣਾ ਜਥੇਬੰਦੀ ਦਾ ਨਿਰਾਦਰ ਹੈ। ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੂਬਾ ਪ੍ਰਧਾਨ ਪ ਸ ਸ ਫ ਦੇ ਸਤੀਸ਼ ਰਾਣਾ ਇਸ ਨਾਲ ਡੈਪੂਟੇਸ਼ਨ ਨੂੰ ਨਾ ਮਿਲਣਾ ਜਥੇਬੰਦੀ ਨਿਰਾਦਰ ਦਾ ਹੈ। ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਚੀਮਾ ਗੁਰਨਾਮ ਸਿੰਘ, ਬੇਅੰਤ ਕੌਰ, ਸੁਖਦੇਵ ਸਿੰਘ, ਰਾਜ ਕੌਰ, ਸੁਖਵਿੰਦਰ ਕੌਰ, ਅਨੀਤਾ, ਗੁਰਮੀਤ ਕੌਰ, ਇੰਦਰਜੀਤ ਕੌਰ, ਲਖਵੀਰ ਕੌਰ ਅਤੇ ਪੰਜਾਬ ਮਜ਼ਦੂਰ ਨਿਰਮਾਣ ਯੂਨੀਅਨ ਦੇ ਜ਼ਿਲ੍ਹਾ ਧਰਮ ਸਿੰਘ ਪੱਟੀ ਆਦਿ ਹਾਜ਼ਰ ਸਨ।

ਵਿਧਾਇਕ ਵੱਲੋਂ ਝੀਤਾ ਕਲਾਂ ਵਿਖੇ ਸੋਲਰ ਲਾਈਟਾਂ ਤੇ ਸੀਵਰੇਜ ਦਾ ਉਦਘਾਟਨ

ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਪੰਜਾਬ ਸਰਕਾਰ ਸੂਬੇ ਦੇ ਵਿਕਾਸ ਅਤੇ ਖਾਸਕਰ ਪਿੰਡਾਂ ਨੂੰ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਕੇ ਪੰਜਾਬ ਵਾਸੀਆਂ ਨਾਲ ਕੀਤੇ ਵਾਅਦੇ ਨਿਭਾ ਰਹੀ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਅਟਾਰੀ ਦੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਪਿੰਡ ਝੀਤਾ ਕਲਾਂ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਵਿਧਾਇਕ ਰਮਦਾਸ ਨੇ ਗੁਰਦੁਆਰਾ ਬਾਬਾ ਬੂਰੇ ਵਾਲਾ, ਝੀਤਾ ਕਲਾਂ ਤੋਂ ਪਿੰਡ ਝੀਤਾ ਕਲਾਂ ਤੱਕ 8 ਲੱਖ ਦੀ ਲਾਗਤ ਨਾਲ ਸੋਲਰ ਲਾਈਟਾਂ ਅਤੇ 4 ਲੱਖ ਦੀ ਲਾਗਤ ਨਾਲ ਤਿਆਰ ਕਰਵਾਏ ਗਏ ਸੀਵਰੇਜ ਦਾ ਉਦਘਾਟਨ ਕੀਤਾ। ਇਸ ਦੌਰਾਨ ਸਾਬਕਾ ਸਰਪੰਚ ਕਾਬਲ ਸਿੰਘ ਅਤੇ ਸਰਪੰਚ ਕੁਲਵੰਤ ਕੌਰ ਨੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਸੀਮਾ ਸੋਢੀ ਅਤੇ ਬੀ. ਡੀ.ਪੀ. ਓ. ਸੰਤੋਖ ਸਿੰਘ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਸੀਮਾ ਸੋਢੀ, ਬੀ. ਡੀ.ਪੀ. ਓ. ਸੰਤੋਖ ਸਿੰਘ, ਸਾਬਕਾ ਸਰਪੰਚ ਕਾਬਲ ਸਿੰਘ, ਬਾਬਾ ਬਿਕਰਮਜੀਤ ਸਿੰਘ, ਸਰਪੰਚ ਕੁਲਵੰਤ ਕੌਰ, ਬਲਾਕ ਪ੍ਰਧਾਨ ਲਵਪ੍ਰੀਤ ਸਿੰਘ, ਸੁਖਚੈਨ ਸਿੰਘ ਰਾਮਪੁਰਾ, ਕਸ਼ਮੀਰ ਸਿੰਘ, ਸਰਪੰਚ ਬੂਟਾ ਸਿੰਘ, ਜਗਜੀਤ ਸਿੰਘ ਕਾਲਾ, ਮਨਬੀਰ ਸਿੰਘ ਮਹਿਮਾ, ਕੁਲਵੰਤ ਸਿੰਘ ਮੈਂਬਰ, ਅਰਜਨ ਸਿੰਘ, ਹਰਭੈਲ ਸਿੰਘ, ਜਸਪਾਲ ਸਿੰਘ, ਹਰਦੀਪ ਸਿੰਘ, ਗੋਪਾਲ ਸਿੰਘ, ਮੁਕੰਦ ਸਿੰਘ, ਜੋਗਿੰਦਰ ਸਿੰਘ, ਸਰਪੰਚ ਕੁਲਦੀਪ ਸਿੰਘ, ਸਰਪੰਚ ਨਿਰਮਲ ਸਿੰਘ, ਗੋਰਾ ਸਿੰਘ, ਬਖਸ਼ੀਸ਼ ਸਿੰਘ, ਸੋਨੂੰ, ਸੁਖਜੀਤ ਸਿੰਘ ਸੋਨੀ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸੈਕਟਰੀ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਸੈਕੰਡਰੀ ਸਕੂਲ ਭੰਗਾਲੀ 'ਚ ਵਿਦਿਆਰਥੀਆਂ ਦਾ ਵਿਸ਼ੇਸ਼ ਕਵੀ ਦਰਬਾਰ

ਝਬਾਲ (ਹਰਜਿੰਦਰ ਸਿੰਘ ਸੋਨੀ/ ਰੌਬਿਨ ਸਿੰਘ ਸੋਨੀ)-ਪ੍ਰਿੰਸੀਪਲ ਸੁਖਵਿੰਦਰਜੀਤ ਸਿੰਘ ਅਤੇ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੇ ਪ੍ਰਧਾਨ ਤੇ ਅਧਿਆਪਕ ਨਿਰਮਲ ਕੌਰ ਕੋਟਲਾ ਤੇ ਮੀਡੀਆ ਇੰਚਾਰਜ ਕੰਵਲਪ੍ਰੀਤ ਥਿੰਦ ਝੰਡ ਦੇ ਉਪਰਾਲੇ ਸਦਕਾ ਪ੍ਰੋਗਰਾਮ ਉਲੀਕਿਆ ਗਿਆ। ਜਿਸ ਵਿੱਚ ਮਾਣ ਪੰਜਾਬੀਆਂ ਤੇ ਅੰਤਰਰਾਸ਼ਟਰੀ ਸਾਹਿਤਕ ਮੰਚ ਯੂ ਕੇ ਦੇ ਚੇਅਰਮੈਨ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਵਿਦਿਆਰਥੀਆਂ ਦੇ ਰੂਬਰੂ ਹੋਏ। ਜਿਨ੍ਹਾਂ ਨੂੰ ਪ੍ਰਿੰਸੀਪਲ ਸਕੂਲ ਦੇ ਸਮੂਹ ਅਧਿਆਪਕਾਂ ਨੇ ਮੁੱਖ ਮਹਿਮਾਨ ਵਜੋਂ ਸਨਮਾਨਤ ਕੀਤਾ। ਵਿਸ਼ੇਸ਼ ਮਹਿਮਾਨ ਸਤਿਕਾਰਯੋਗ ਜਗੀਰ ਕੌਰ ਮੀਰਾਂਕੋਟ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਅੰਤਰਰਾਸ਼ਟਰੀ ਸਾਹਿਤਕ ਮੰਚ ਦੇ ਹੋਰ ਅਹੁਦੇਦਾਰ ਰਾਜਬੀਰ ਕੌਰ ਬੀਰ ਗਰੇਵਾਲ, ਡਾ. ਗੁਰਸ਼ਿੰਦਰ ਕੌਰ, ਜੋਤੀ ਭਗਤ ਬਟਾਲਵੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਸਤਰੰਗੀ ਮੈਗਜ਼ੀਨ ਦੇ ਸੰਪਾਦਕ ਜਸਬੀਰ ਸਿੰਘ ਝਬਾਲ, ਕੁਲਦੀਪ ਸਿੰਘ ਕਾਹਲੋਂ ਵੀ ਸ਼ਾਮਲ ਸਨ। ਸ਼ੁਰੂਆਤੀ ਦੌਰ ਵਿੱਚ ਪ੍ਰਿੰਸੀਪਲ ਸੁਖਵਿੰਦਰਜੀਤ ਸਿੰਘ ਨੇ ਸਵਾਗਤੀ ਭਾਸ਼ਣ ਨਾਲ ਵਿਸ਼ੇਸ਼ ਕਵੀ ਦਰਬਾਰ ਦਾ ਆਗਾਜ਼ ਕੀਤਾ। ਵਿਦਿਆਰਥੀ ਜਸਪ੍ਰੀਤ ਕੌਰ, ਮਮਤਾਪ੍ਰੀਤ ਕੌਰ, ਅਰਸ਼ਦੀਪ ਸਿੰਘ, ਰਿਬੀਕਾ, ਸੁਖਮਨਪ੍ਰੀਤ ਕੌਰ, ਜੈਸਮੀਨ ਕੌਰ, ਜਸਨਪ੍ਰੀਤ ਸਿੰਘ, ਵੀਰਪਾਲ ਕੌਰ, ਗਗਨਦੀਪ ਕੌਰ, ਰਿਧੀਮਾ, ਅਨੁਰਾਗ ਸ਼ਰਮਾ, ਅਰਮਾਨਪ੍ਰੀਤ ਸਿੰਘ, ਸਿਮਰਨ ਕੌਰ, ਰਮਨਦੀਪ ਕੌਰ, ਜੈਸਮੀਨ ਕੌਰ, ਅਮ੍ਰਿਤਪਾਲ ਸਿੰਘ, ਕਰਨਬੀਰ ਸਿੰਘ ਨੇ ਭਾਗ ਲਿਆ। ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ 'ਤੇ ਆਪਣੀਆਂ ਕਵਿਤਾਵਾਂ ਸੁਣਾਈਆਂ। ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਨੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦੀ ਗੱਲ ਕੀਤੀ। ਵਿਸ਼ੇਸ਼ ਸਹਿਯੋਗ ਹਰਮਨਦੀਪ ਸਿੰਘ, ਹਰਵਿੰਦਰ ਸਿੰਘ, ਅਰਵਿੰਦਰ ਸਿੰਘ ਹਰਨੇਕ ਸਿੰਘ, ਗੁਰਮੀਤ ਸਿੰਘ, ਵਿਕਾਸ ਕੁਮਾਰ, ਨਵਜੋਤ ਸਿੰਘ, ਨਿਸ਼ਾ ਬਡਿਆਲ, ਮੋਨਿਕਾ ਰਾਣੀ, ਬਲਜਿੰਦਰ ਕੌਰ, ਰਾਜਬੀਰ ਕੌਰ, ਗੁਰਵਿੰਦਰ ਕੌਰ, ਵਨੀਤਾ ਕੁਮਾਰੀ, ਬਬੀਤਾ ਰਾਣੀ, ਸਿਮਰਤਪਾਲ ਕੌਰ, ਰਮਨਦੀਪ ਕੌਰ, ਚਰਨਜੀਤ ਕੌਰ ਅਤੇ ਸਮੂਹ ਸੇਵਾਦਾਰ ਦਾ ਰਿਹਾ। ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਵੱਲੋਂ ਪ੍ਰਿੰਸੀਪਲ ਸੁਖਵਿੰਦਰ ਸਿੰਘ , ਮੈਡਮ ਨਿਰਮਲ ਕੌਰ ਕੋਟਲਾ ਅਤੇ ਅਧਿਆਪਕ ਸਾਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਪਰੰਤ ਪ੍ਰਿੰਸੀਪਲ ਸਾਹਿਬ ਵੱਲੋਂ ਵਿਸ਼ੇਸ਼ ਤੌਰ 'ਤੇ ਮਹਿਮਾਨ ਜਗੀਰ ਕੌਰ ਮੀਰਾਂਕੋਟ ਤੇ ਆਏ ਹੋਏ ਸਾਰੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਅਖੀਰ ਵਿੱਚ ਨਿਰਮਲ ਕੌਰ ਕੋਟਲਾ ਨੇ ਪ੍ਰੋਗਰਾਮ ਦੀ ਸਫਲਤਾ ਦੀ ਵਧਾਈ ਦਿੰਦੇ ਹੋਏ ਸਭ ਦਾ ਧੰਨਵਾਦ ਕੀਤਾ ।

ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਲੜਕੀਆਂ ਨੂੰ ਮੁਫਤ ਕੋਚਿੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਰਾਹੀ ਪ੍ਰਯਾਸ ਐਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਦੇ ਸਹਿਯੋਗ ਨਾਲ ਲੜਕੀਆਂ ਨੂੰ ਮੁਫਤ ਕੋਚਿੰਗ ਸ਼ੁਰੂ ਕੀਤੀ ਗਈ ਹੈ, ਜਿਨਾਂ ਲੜਕੀਆਂ ਨੇ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੋਪ ਬਿਜ਼ਨੈਸ ਸਕੂਲ ਵਿੱਚ ਜਾਣਾ ਚਾਹੁੰਦੇ ਹਨ, ਇਹ ਕੋਚਿੰਗ ਉਨ੍ਹਾਂ ਲਈ ਵਰਦਾਨ ਹੈ। ਪ੍ਰਯਾਸ ਐਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਵੱਲੋਂ ਕੈਟ/ਐਮ.ਬੀ.ਏ ਦੀ ਤਿਆਰੀ ਕਰ ਰਹੀਆਂ 100 ਲੜਕੀਆਂ ਨੂੰ ਮੁਫਤ ਟ੍ਰੇਨਿੰਗ ਦਿੱਤੀ ਜਾਣੀ ਹੈ, ਜਿਸ ਦਾ ਮੁੱਖ ਉਦੇਸ਼ ਲੋੜਵੰਦ ਪ੍ਰਾਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਧਾਨ ਕਰਨਾ ਹੈ। ਇਸ ਕਰਕੇ ਪ੍ਰਯਾਸ ਐਜੂਕੇਸ਼ਨ ਅਤੇ ਚੈਰੀਟੇਬਲ ਸੋਸਾਇਟੀ ਵੱਲੋਂ ਮਿਸ਼ਨ ਪੰਜਾਬ 100 ਸ਼ੁਰੂ ਕੀਤਾ ਗਿਆ ਹੈ। ਅਪਲਾਈ ਕਰਨ ਲਈ ਯੋਗਤਾ, ਲੜਕੀ ਪੰਜਾਬ ਦੀ ਵਸਨੀਕ ਹੋਣੀ ਚਾਹੀਦੀ ਹੈ ਤੇ ਗ੍ਰੈਜੂਏਸ਼ਨ ਦੀ ਡਿਗਰੀ ਪੂਰੀ ਕਰ ਚੱਕੀ ਹੋਵੇ ਜਾਂ ਫਾਈਨਲ ਸਾਲ ਵਿੱਚ ਹੋਵੇ। ਇਹ ਰਜਿਸਟ੍ਰੇਸ਼ਨ ਬਿਲਕੁਲ ਮੁਫਤ ਹੈ। ਇਸ ਨੂੰ ਅਪਲਾਈ ਕਰਨ ਦੀ ਆਖਰੀ ਮਿਤੀ 27 ਮਈ ਹੈ ਤੇ ਪ੍ਰਵੇਸ਼ ਪ੍ਰੀਖਿਆ ਦੀ ਮਿਤੀ 28 ਮਈ 2023 ਹੈ ਟੈਸਟ ਦਾ ਸਮਾਂ 60 ਮਿੰਟ ਦਾ ਹੋਵੇਗਾ। ਟੈਸਟ ਦਾ ਸਮਾਂ ਅਤੇ ਸਥਾਨ ਬਾਰੇ ਪਹਿਲਾਂ ਹੀ ਪ੍ਰਾਰਥੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ। ਯੋਗ ਪ੍ਰਾਰਥੀਆਂ (ਲੜਕੀਆਂ) ਵੱਧ ਤੋਂ ਵੱਧ ਇਸ ਲਿੰਕ 'ਤੇ ਰਜਿਸਟਰ ਕਰਵਾਉਣ। ਰਜਿਸਟ੍ਰੇਸ਼ਨ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਹੈਲਪ ਲਾਈਨ ਨੰਬਰ 9877511555 'ਤੇ ਸੰਪਰਕ ਕੀਤਾ ਜਾਵੇ।

ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ ਬਲਾਕ ਤਰਸਿੱਕਾ ਦੀ ਸਰਬਸੰਮਤੀ ਨਾਲ ਚੋਣ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਰਕਾਰੀ ਪ੍ਰਾਇਮਰੀ ਸਕੂਲ ਗਾਗਭਾਣਾ ਬਲਾਕ ਰਈਆ-1 ਵਿਖੇ ਪ੍ਰਾਇਮਰੀ ਟੀਚਰਜ਼ ਐਸੋਸੀਏਸਨ ਬਲਾਕ ਤਰਸਿੱਕਾ ਦੀ ਚੋਣ ਸੂਬਾ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂ ਅਤੇ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਸਮੁੱਚੀ ਜ਼ਿਲ੍ਹਾ ਕਮੇਟੀ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਕਰਵਾਈ ਗਈ। ਮੀਟਿੰਗ ਵਿਚ ਸਤਬੀਰ ਸਿੰਘ ਬੋਪਾਰਾਏ, ਗੁਰਿੰਦਰ ਸਿੰਘਘੁੱਕੇਵਾਲੀ, ਦਿਲਬਾਗ ਸਿੰਘ ਬਾਜਵਾ, ਲਾਭ ਸਿੰਘ ਲਾਡਾ, ਸਰਬਜੀਤ ਸਿੰਘ ਵਿਛੋਆ, ਜਸਵਿੰਦਰ ਸਿੰਘ ਜੱਸ, ਨਛੱਤਰ ਸਿੰਘ ਬੱਲ, ਦਲਜੀਤ ਸਿੰਘ ਬੱਲ, ਲਵਪ੍ਰੀਤ ਸਿੰਘ ਆਦਿ ਆਗੂ ਹਾਜ਼ਰ ਸਨ। ਚੋਣ ਕਮੇਟੀ ਵੱਲੋਂ ਚੁਣੇ ਗਏ ਨਵੇਂ ਅਹੁਦੇਦਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਗੁਰਦੇਵ ਸਿੰਘ ਸੋਹੀ ਸਰਪ੍ਰਸਤ, ਸਾਹਿਬ ਸਿੰਘ ਮੁੱਖ ਬੁਲਾਰਾ ਪ੍ਰਧਾਨ, ਲਵਪ੍ਰੀਤ ਸਿੰਘ ਅਕਾਲਗੜ੍ਹ ਜਨਰਲ ਸਕੱਤਰ, ਗੁਰਪ੍ਰੀਤ ਸਿੰਘ ਨਵਾਂ ਪਿੰਡ ਸੀਨੀਅਰ ਮੀਤ ਪ੍ਰਧਾਨ, ਕੰਵਲਜੀਤ ਸਿੰਘ ਭਿੰਡਰ ਉਪ ਪ੍ਰਧਾਨ, ਜਸਵਿੰਦਰ ਸਿੰਘ ਭਿੰਡਰ ਵਿੱਤ ਸਕੱਤਰ, ਸਰਬਜੀਤ ਸਿੰਘ ਰੰਧਾਵਾ ਮੀਡੀਆ ਸਕੱਤਰ, ਗੁਰਪ੍ਰੀਤ ਸਿੰਘ ਸਿੱਧੂ ਮੁੱਖ ਬੁਲਾਰੇ, ਬਖਸ਼ੀਸ਼ ਸਿੰਘ ਵੇਰਕਾ ਸੰਪਰਕ ਸਕੱਤਰ, ਜਸਪਾਲ ਸਿੰਘ ਰਾਏਪੁਰ ਸੀਨੀਅਰ ਸਕੱਤਰ, ਮੱਖਣ ਸਿੰਘ ਤੇ ਬਿਕਰਮਜੀਤ ਸਿੰਘ ਸਲਾਹਕਾਰ। ਇਨ੍ਹਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਸਿੱਧੂ, ਲਵਪ੍ਰੀਤ ਸਿੰਘ ਢਪਈਆਂ, ਜਸਵਿੰਦਰ ਸਿੰਘ ਭਿੰਡਰ ਅਤੇ ਗੁਰਪ੍ਰੀਤ ਸਿੰਘ ਨਵਾਂ ਪਿੰਡ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਚੁਣਿਆ ਗਿਆ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਾਕਾ ਪਾਉਂਟਾ ਸਾਹਿਬ ਦੀ ਯਾਦ 'ਚ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਪ੍ਰਬੰਧ ਨੂੰ ਮਹੰਤਾਂ ਤੋਂ ਅਜ਼ਾਦ ਕਰਵਾਉਣ ਸਮੇਂ 1964 ਨੂੰ ਵਾਪਰੇ ਸਾਕੇ 'ਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਪਾਉਂਟਾ ਸਾਹਿਬ ਦੇ ਸਾਕੇ ਦੌਰਾਨ ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨ ਦਲ ਦੇ 11 ਸਿੰਘ ਸ਼ਹੀਦ ਹੋਏ ਸਨ। ਇਸ ਸਾਕੇ ਦੇ ਗਵਾਹ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲੇ ਹਨ, ਜਿਨ੍ਹਾਂ ਨੂੰ ਪੰਥ ਵੱਲੋਂ ਜਿੰਦਾ ਸ਼ਹੀਦ ਦਾ ਖਿਤਾਬ ਮਿਲਿਆ ਹੋਇਆ ਹੈ। ਸਾਕੇ ਦੀ ਸਲਾਨਾ ਯਾਦ ਮੌਕੇ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਮਨਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਭਾਈ ਰਾਜਦੀਪ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸ਼ਖ਼ਸੀਅਤਾਂ ਵੱਲੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਹਰਜਾਪ ਸਿੰਘ ਸੁਲਤਾਨਵਿੰਡ, ਗੁਰਪ੍ਰੀਤ ਸਿੰਘ ਝੱਬਰ, ਬਾਬਾ ਨੌਰੰਗ ਸਿੰਘ, ਬਾਬਾ ਗੁਰਦੇਵ ਸਿੰਘ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਸਿਮਰਜੀਤ ਸਿੰਘ, ਗੁਰਮੀਤ ਸਿੰਘ ਬੁੱਟਰ, ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ, ਜਸਵਿੰਦਰ ਸਿੰਘ ਜੱਸੀ, ਪਰਮਜੀਤ ਸਿੰਘ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ, ਗੁਰਮੀਤ ਸਿੰਘ, ਮੈਨੇਜਰ ਬਘੇਲ ਸਿੰਘ, ਸਤਨਾਮ ਸਿੰਘ ਰਿਆੜ, ਇਕਬਾਲ ਸਿੰਘ ਮੁਖੀ, ਭਗਵੰਤ ਸਿੰਘ ਧੰਗੇੜਾ ਅਤੇ ਗੁਰਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਰੋਜ਼ਗਾਰ ਕੈਂਪ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡਿਪਟੀ ਕਮਿਸ਼ਨਰ ਅਮਿਤ ਤਲਵਾੜ ਦੇ ਦਿਸ਼ਾ ਨਿਰਦੇਸ਼ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਰੋਜ਼ਗਾਰ ਕੈਂਪ ਲਗਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਿਕਰਮ ਜੀਤ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਅੰਮ੍ਰਿਤਸਰ ਨੇ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਮਸ਼ਹੂਰ ਕੰਪਨੀਆਂ ਸਾਡਾ ਪਿੰਡ, ਭਾਰਤੀ ਐਕਸਾ, ਫੋਨ ਪੇ, ਨਿਵਾ ਭੂਪਾ ਹੈਲਥ ਆਦਿ ਕੰਪਨੀਆ ਵੱਲੋਂ ਭਾਗ ਲਿਆ ਗਿਆ। ਇਸ ਰੋਜ਼ਗਾਰ ਕੈਂਪ ਵਿੱਚ ਕੰਪਨੀਆਂ ਵੱਲੋਂ ਸੇਲਜ਼ ਐਗਿਊਕੇਟਿਵ, ਡਿਊਟੀ ਮੈਨੇਜਰ, ਯੂਨੀਟ ਮੈਨੇਜਰ, ਅੰਜਸੀਂ ਮੈਨੇਜਰ ਕਸਟਮਰ ਕੇਅਰ, ਫੀਲਡ ਸੇਲਜ਼ ਐਗਿਊਕਿਊਟਿਵ, ਸਰਵਿਸ ਐਡਵਾਇਜ਼ਰ ਆਦਿ ਅਸਾਮੀਆਂ ਲਈ ਚੋਣ ਕੀਤੀ ਗਈ। ਇਸ ਰੋਜ਼ਗਾਰ ਕੈਂਪ ਵਿੱਚ 67 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ ਅਤੇ 67 ਉਮੀਦਵਾਰਾਂ ਨੂੰ ਨੌਕਰੀ ਲਈ ਚੋਣ/ਸ਼ਾਰਟਲਿਸਟ ਕੀਤਾ ਗਿਆ।

ਨਵ-ਨਿਯੁਕਤ ਐੱਸ ਡੀ ਓ ਕੁਲਵਿੰਦਰ ਸਿੰਘ ਦਾ ਨਿੱਘਾ ਸਨਮਾਨ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਇੰਪਲਾਈਜ਼ ਫੈਡਰੇਸ਼ਨ (ਚਾਹਲ) ਪੰਜਾਬ ਰਾਜ ਬਿਜਲੀ ਬੋਰਡ ਦੇ ਆਗੂਆਂ ਤੇ ਵਰਕਰਾਂ ਵੱਲੋਂ ਪ੍ਰਧਾਨ ਰਣਜੀਤ ਸਿੰਘ ਅਜਨਾਲਾ ਦੀ ਅਗਵਾਈ ਚ ਪਾਵਰਕਾਮ ਉਪ ਮੰਡਲ ਦਫ਼ਤਰ ਅਜਨਾਲਾ ਵਿਖੇ ਨਵ-ਨਿਯੁਕਤ ਹੋਏ ਐੱਸਡੀਓ ਕੁਲਵਿੰਦਰ ਸਿੰਘ ਦਾ ਨਿੱਘਾ ਕਰਦਿਆਂ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਣਜੀਤ ਸਿੰਘ ਅਜਨਾਲਾ ਦੱਸਿਆ ਕਿ ਕੁਲਵਿੰਦਰ ਸਿੰਘ ਇਸ ਤੋਂ ਪਹਿਲਾਂ ਸਬ ਡਵੀਜ਼ਨ ਜਸਤਰਵਾਲ ਵਿਖੇ ਬਤੌਰ ਐੱਸਡੀਓ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਹਰਜਿੰਦਰ ਸਿੰਘ ਨਿੱਕੋ, ਦਵਿੰਦਰ ਕੌਰ, ਸੁਖਮਨ ਕੌਰ, ਪ੍ਰਭਜੋਤ ਸਿੰਘ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਰਾਕੇਸ਼ ਕੁਮਾਰ ਅਤੇ ਸੰਦੀਪ ਕੁਮਾਰ ਆਦਿ ਹਾਜ਼ਰ ਸਨ ।

ਸੁਸ਼ੀਲ ਰਿੰਕੂ ਗੁਰਦੁਆਰਾ ਸੰਤਪੁਰਾ ਹੋਏ ਨਤਮਸਤਕ

ਆਦਮਪੁਰ (ਪਰਮਜੀਤ ਸਿੰਘ): ਜਲੰਧਰ ਜ਼ਿਮਨੀ ਚੋਣ ਦੀ ਜਿੱਤ ਦੀ ਖ਼ੁਸ਼ੀ 'ਚ ਗੁਰਦੁਆਰਾ ਸੰਤਪੁਰਾ ਯਾਦਗਾਰ ਸੰਤ ਬਾਬਾ ਵਿਸਾਖਾ ਸਿੰਘ ਪਿੰਡ ਕਾਲਰਾ ਦੇ ਅਸਥਾਨ 'ਤੇ ਆਪ ਪਾਰਟੀ ਦੇ ਐਮ ਪੀ ਸੁਸ਼ੀਲ ਕੁਮਾਰ ਰਿੰਕੂ,ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਐਮ ਐਲ ਏ ਬਲਕਾਰ ਸਿੰਘ ਕਰਤਾਰਪੁਰ, ਐਮ ਐਲ ਏ ਜਸਵੀਰ ਸਿੰਘ ਗਿੱਲ ਟਾਂਡਾ, ਐਮ ਐਲ ਏ ਗੁਰਲਾਲ ਸਿੰਘ ਘਨੌਰ, ਸਾਬਕਾ ਪ੍ਰਧਾਨ ਪਵਿੱਤਰ ਸਿੰਘ, ਡਾ: ਵਰਿੰਦਰ ਸਿੰਘ ਗਾਜੀਪੁਰ, ਗੁਰਜੀਤ ਸਿੰਘ ਬਾਂਧੇ, ਮਨਜੀਤ ਸਿੰਘ ਡਮੁੰਡਾ, ਜਥੇਦਾਰ ਕੇਵਲ ਸਿੰਘ, ਜਰਨੈਲ ਸਿੰਘ ਚੋਮੋ, ਅਮਰੀਕ ਸਿੰਘ ਪੰਚ ਕਾਲਰਾ, ਬਲਵੀਰ ਸਿੰਘ ਸਰਪੰਚ ਸਤਨਾਮ ਸਿੰਘ ਕਾਲਰਾ ਆਦਿ ਨਤਮਸਤਕ ਹੋਏ ਅਤੇ ਸੰਤ ਬਾਬਾ ਮਨਜੀਤ ਸਿੰਘ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਸੰਗਤ ਦਾ ਸ਼ੁਕਰਾਨਾ ਕੀਤਾ ਗਿਆ !

12ਵੀਂ ਜਮਾਤ ਦੇ ਨਤੀਜਿਆਂ 'ਚ ਸਰਕਾਰੀ ਸਕੂਲਾਂ ਦੀ ਝੰਡੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜਿਆਂ 'ਚ ਸਰਕਾਰੀ ਸਕੂਲਾਂ ਦੀ ਝੰਡੀ ਰਹੀ ਹੈ। ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੈਕਟਰ-3 ਦੀਆਂ 6 ਵਿਦਿਆਰਥਣਾਂ ਨੇ ਮੈਰਿਟ 'ਚ ਸਥਾਨ ਹਾਸਲ ਕੀਤਾ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਦੇ4 ਵਿਦਿਆਰਥੀ ਮੈਰਿਟ 'ਚ ਆਏ ਹਨ। ਸਸਸ ਸਕੂਲ ਸੈਕਟਰ 3 ਤਲਵਾੜਾ ਦੇ ਪ੍ਰਿੰਸੀਪਲ ਗੁਰਾਂ ਦਾਸ ਨੇ ਦੱਸਿਆ ਕਿ ਬੋਰਡ ਪ੍ਰੀਖਿਆਵਾਂ 'ਚ ਸੁਨਿਧੀ ਨੇ (98.40) ਅਤੇ ਜੀਆ (98.20) ਨੇ ਫੀਸਦੀ ਅੰਕ ਹਾਸਲ ਕਰਕੇ ਬੋਰਡ ਦੀ ਮੈਰਿਟ ਸੂਚੀ ਵਿਚ ਕ੍ਰਮਵਾਰ 8ਵਾਂ ਅਤੇ 9ਵਾਂ ਰੈਂਕ ਜਦਕਿ ਜ਼ਿਲ੍ਹੇ ਵਿਚ ਪਹਿਲਾ ਅਤੇ ਦੂਜਾ ਸਥਾਨ ਹਾਸਲ ਕੀਤਾ ਹੈ। ਸੂਕਲ ਦੀ ਵਿਦਿਆਰਥਣ ਪ੍ਰਿਆ ਕੁਮਾਰੀ ਨੇ 488, ਨਿਤਿਕਾ ਨੇ 487, ਹਰਮਨਦੀਪ ਕੌਰ ਅਤੇ ਤਨਿਸ਼ਾ ਠਾਕੁਰ ਦੋਵਾਂ ਨੇ 486 ਅੰਕ ਹਾਸਲ ਕਰਕੇ ਬੋਰਡ ਦੀ ਮੈਰਿਟ ਸੂਚੀ ਵਿਚ ਕ੍ਰਮਵਾਰ 12ਵਾਂ, 13ਵਾਂ ਅਤੇ 14ਵਾਂ ਰੈਂਕ ਹਾਸਲ ਕੀਤਾ ਹੈ। ਸਸਸ ਸਕੂਲ ਕਮਾਹੀ ਦੇਵੀ ਦੇ ਪ੍ਰਿੰਸੀਪਲ ਰਾਜੇਸ਼ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਸਕੂਲ ਦੀ ਪਰੰਪਰਾ ਨੂੰ ਕਾਇਮ ਰੱਖਦਿਆਂ ਇਸ ਵਰ੍ਹੇ ਚਾਰ ਮੈਰਿਟਾਂ ਪ੍ਰਾਪਤ ਕੀਤੀਆਂ ਹਨ। ਅਜੇ ਕੁਮਾਰ ਨੇ 490/ 500 ਅੰਕ ਹਾਸਲ ਕਰਕੇ ਬੋਰਡ ਦੀ ਮੈਰਿਟ ਸੂਚੀ ਵਿਚ 10ਵਾਂ ਰੈਂਕ, ਅਨਮੋਲ ਸਿੰਘ ਨੇ 487 ਅੰਕਾਂ ਨਾਲ 13ਵਾਂ, ਖ਼ੁਸ਼ੀ ਅਤੇ ਮੁਸਕਾਨ ਦੋਵਾਂ ਨੇ 486 ਅੰਕਾਂ ਨਾਲ ਸੰਯੁਕਤ ਰੂਪ 'ਚ 14ਵਾਂ ਰੈਂਕ ਹਾਸਲ ਕੀਤਾ ਹੈ। ਵਿਦਿਆਰਥੀਆਂ ਦੀ ਸ਼ਾਨਦਾਰ ਕਾਮਯਾਬੀ 'ਤੇ ਸਕੂਲ ਪ੍ਰਿੰਸੀਪਲ ਗੁਰਾਂ ਦਾਸ ਅਤੇ ਰਾਜੇਸ਼ ਸਿੰਘ ਨੇ ਸਕੂਲ ਦੇ ਸਟਾਫ਼ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਹੈ। ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਹੈ।

ਪੰਜਾਬ ਨਸ਼ਿਆਂ ਕਾਰਨ ਨੌਜਵਾਨਾਂ ਲਈ ਮੌਤ ਦੀ ਮੰਡੀ ਬਣ ਰਿਹੈ : ਦਿਲਜੀਤ ਸਿੰਘ ਬੇਦੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਅਤੇ ਉਘੇ ਸਿੱਖ ਚਿੰਤਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਦੀ ਸੇਵਾਮੁਕਤ ਐਸੋਸੀਏਸ਼ਨ ਦੇ ਪ੍ਰੈਸ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਪੰਜਾਬ ਅੰਦਰਲੇ ਦੁਖਦ ਪਹਿਲੂਆਂ ਤੇ ਚਿੰਤਾ ਵਿਅਕਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਹਨੇਰੀ ਰੁਕਣ ਦੀ ਥਾਂ ਹਰ ਰੋਜ਼ ਹੋਰ ਜ਼ੋਰ ਫੜਦੀ ਜਾ ਰਹੀ ਹੈ, ਬੇਰੁਜ਼ਗਾਰੀ ਤੇ ਹੋਰ ਮਾਨਸਿਕ ਸਮੱਸਿਆਵਾਂ ਵਿਚ ਫਸੇ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ। ਉਨ੍ਹਾਂ ਦੁੱਖ ਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਨਿੱਤ ਓਵਰਡੋਜ਼ ਨਾਲ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਦਿਲ ਹਿਲਾ ਦੇਣ ਵਾਲਾ ਮੰਜ਼ਰ ਹੈ ਜੋ ਇੱਕ ਚਿੰਤਾਜਨਕ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਮਹੱਲਿਆਂ ਕਸਬਿਆਂ ਅੰਦਰ ਵਿਰਾਨ ਪਈਆਂ ਜਗ੍ਹਾਂ ਅਤੇ ਪਖ਼ਾਨੇ ਨਸ਼ਾ ਪੀਣ ਵਾਲਿਆਂ ਲਈ ਸਹਾਈ ਸਿੱਧ ਹੋ ਰਹੀਆਂ ਹਨ। ਨਸ਼ੇ ਦੇ ਟੀਕਿਆਂ ਦੀ ਵਰਤੋਂ ਕਰਨ ਵਾਲੇ ਨੌਜਵਾਨ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਵਿਚ 18 ਤੋਂ 42 ਸਾਲ ਦੀ ਉਮਰ ਦੇ ਲੋਕ ਸ਼ਾਮਲ ਹਨ, ਪਹਿਲਾਂ ਕੇਵਲ ਮਰਦ ਸ਼੍ਰੇਣੀ ਹੀ ਇਸ ਦਾ ਸ਼ਿਕਾਰ ਸੀ ਪਰ ਹੁਣ ਕੁੜੀਆਂ/ਔਰਤਾਂ ਵੀ ਸ਼ਾਮਲ ਹਨ। ਇਨ੍ਹਾਂ ਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਪੰਜਾਬ ਮੌਤ ਦੀ ਮੰਡੀ ਬਣ ਰਿਹਾ ਹੈ ਪਰ ਸਰਕਾਰਾਂ ਰਾਜਨੀਤਕ ਬਿਆਨਾਂ ਦੀ ਖੇਡ ਵਿਚ ਮਸਤ ਹਨ ਪਰਿਵਾਰਾਂ ਅੰਦਰ ਵੈਣਾਂ/ਕੀਰਨਿਆਂ ਦਾ ਚੀਕ ਚਿਹਾੜਾ ਹੈ।

ਉਨ੍ਹਾਂ ਕਿਹਾ ਜੇਕਰ ਇਹ ਵਰਤਾਰਾ ਏਵੇਂ ਹੀ ਜਾਰੀ ਰਿਹਾ ਤਾਂ ਪੰਜਾਬ ਅੰਦਰੋਂ ਨੌਜਵਾਨੀ ਢੂੰਡਣ ਨੂੰ ਵੀ ਨਹੀਂ ਮਿਲੇਗੀ। ਮਾਪੇ ਬੇਵਸ ਹਨ ਤੇ ਮਾਨਸਿਕ ਰੋਗੀ ਹੋ ਰਹੇ ਹਨ। ਉਨ੍ਹਾਂ ਕਿਹਾ ਗੁਆਂਢੀ ਦੇਸ਼ ਵੱਲੋਂ ਆਉਂਦੇ ਨਸ਼ੇ ਦੀ ਰੋਕਥਾਮ ਅਤੇ ਨਸ਼ਾ ਤਸਕਰਾਂ ਨਾਲ ਲੰਮੇ ਹੱਥੀਂ ਨਜਿਠਣ ਲਈ ਸਰਕਾਰ ਨੂੰ ਆਪਣੇ ਤੰਤਰ ਨੂੰ ਤੁਰੰਤ ਜਵਾਬ ਦੇਹ ਬਨਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਠੱਲਣ ਲਈ ਕੰਮ ਕਰ ਰਹੀਆਂ ਸੰਸਥਾਵਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ।

ਡੇਰਾ ਬਾਬਾ ਨਾਨਕ ਵਿਖੇ ਲੰਗਰ ਭੰਡਾਰਾ ਲਗਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਕਸਬੇ ਦੇ ਮੁਹੱਲਾ ਫਤਿਹ ਸਿੰਘ ਨੇੜੇ ਪਾਣੀ ਵਾਲੀ ਟੈਂਕੀ ਵੈਸ਼ਨੋ ਭਜਨ ਮੰਡਲੀ ਵੱਲੋਂ ਹਰ ਸਾਲ ਦੀ ਤਰ੍ਹਾਂ 21ਵੇਂ ਸਾਲਾਨਾ ਜਗਰਾਤੇ ਮੌਕੇ ਲੰਗਰ ਭੰਡਾਰਾ ਲਗਵਾਇਆ ਗਿਆ । ਇਸ ਮੌਕੇ ਦੁਪਹਿਰ ਨੂੰ ਪ੍ਰਬੰਧਕਾਂ ਵੱਲੋਂ ਪੂੜੀਆਂ, ਖੀਰ, ਸਬਜ਼ੀ, ਆਦਿ ਦਾ ਸੰਗਤਾਂ ਲਈ ਲੰਗਰ ਲਗਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵੈਸ਼ਨੋ ਭਜਨ ਮੰਡਲੀ ਦੇ ਪ੍ਰਧਾਨ ਸੰਨੀ ਨੇ ਦੱਸਿਆ ਕਿ ਅੱਜ ਰਾਤ ਨੂੰ ਮਹਾਮਾਈ ਦੇ ਭਗਤ ਰਾਜ ਕੁਮਾਰ ਰੰਘੂ-ਵੰਸ਼ੀ ਅੰਮ੍ਰਿਤਸਰ ਵਾਲੇ ਆਪਣੀ ਸੁਰੀਲੀ ਆਵਾਜ਼ ਨਾਲ ਮਹਾਮਾਈ ਦੀਆਂ ਭੇਟਾ ਨਾਲ ਸੰਗਤਾ ਨੂੰ ਨਿਹਾਲ ਕਰਨਗੇ ।

ਇਸ ਮੌਕੇ ਹੀਰਾ ਫ਼ਤਹਿਗੜ੍ਹੀਆ ਗਰੁੱਪ ਵੱਲੋਂ ਵੱਖ-ਵੱਖ ਤਰਾ ਦੀਆਂ ਸੁੰਦਰ ਝਾਕੀਆਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਕੰਵਲਜੀਤ ਸਿੰਘ, ਵੈਸ਼ਨੋ ਭਜਨ ਮੰਡਲੀ ਦੇ ਪ੍ਰਧਾਨ ਸੰਨੀ, ਮਾਸਟਰ ਸੁਖਦੀਪ ਸਿੰਘ, ਦਲਜੀਤ ਸਿੰਘ , ਵਿੱਕੀ, ਕੁਲਵਿੰਦਰ ਸਿੰਘ, ਰੋਹਿਤ ਅੱਤਰੀ, ਰਜਿੰਦਰ ਕੁਮਾਰ ਆਜ਼ਾ, ਟਿੰਕੂ, ਰਾਜੂ, ਅੰਸ਼, ਹਰਮਨ, ਰੁਪਿੰਦਰ ਸਿੰਘ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਮੰਨੂ, ਗਗਨਦੀਪ ਸਿੰਘ, ਗੁਰਜੀਤ ਸਿੰਘ, ਬੰਟੀ, ਬੀਰ ਸਿੰਘ, ਪ੍ਰੇਮ, ਸੁਖਜੀਤ , ਪ੍ਰਿੰਸ ਪ੍ਰੂੰਨੀ, ਰਾਜਾ ਚੱਕੀ ਵਾਲਾ, ਅਖਿਲ ਥਾਪਾ, ਆਕਾਸ਼ ਸਿੱਧੂ, ਗੁਰਮੀਤ ਸਿੰਘ ਥਾਨੇਦਾਰ, ਰਾਜ ਕੁਮਾਰ, ਧੰਨਾ ਰਾਮ ਫੌਜੀ, ਹੀਰਾ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਬ੍ਰਾਈਟ ਫਿਊਚਰ ਅਕੈਡਮੀ 'ਚ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਹਾੜਾ ਮਨਾਇਆ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)- ਅੱਜ ਬੇਟ ਖੇਤਰ ਦੀ ਸੰਸਥਾ ਬਰਾਈਟ ਫਿਊਚਰ ਅਕੈਡਮੀ ਵਿੱਚ ਕਰਤਾਰ ਸਿੰਘ ਸਰਾਭਾ ਜੀ ਦਾ ਜਨਮ ਦਿਵਸ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਮਨਾਇਆ ਗਿਆ। ਸੰਸਥਾ ਦੇ ਹੋਣਹਾਰ ਵਿਦਿਆਰਥੀ ਦਮਨਪ੍ਰੀਤ ਸਿੰਘ ਅਤੇ ਚਾਹਤ ਸਰਮਾ ਨੇ ਦੱਸਿਆ ਕਿ ਐਕਡਮਈ ਚ ਆਪਣੇ ਲੋਕਾਂ ਲਈ ਕੁਰਬਾਨ ਹੋਣ ਵਾਲੇ ਸਹੀਦਾਂ ਨੂੰ ਸਤਿਕਾਰ ਭੇਟ ਕਰਨਾ ਅਤੇ ਉਹਨਾਂ ਦੇ ਦਿਖਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸੰਸਥਾ ਦੇ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਕਰਤਾਰ ਸਿੰਘ ਸਰਾਭਾ ਜੀ ਅਮਰੀਕਾ ਵਿੱਚ ਪੜ੍ਹਾਈ ਕਰਨ ਗਏ ਸਨ ਪਰ ਆਪਣੇ ਲੋਕਾਂ ਦੀ ਹੋਣੀ ਨੂੰ ਦੇਖ ਕੇ ਉਨ੍ਹਾਂ ਆਪਣਾ ਕੈਰੀਅਰ ਨਹੀਂ ਚੁਣਿਆ ਸਗੋਂ ਆਪਣੇ ਲੋਕਾਂ ਲਈ ਆਪਣਾ ਜੀਵਨ ਭੇਟ ਕੀਤਾ। ਉਹ ਗਦਰ ਪਾਰਟੀ ਦੇ ਮੁਢਲੇ ਆਗੂਆਂ ਵਿਚੋਂ ਸਨ। ਗਦਰ ਅਖਬਾਰ ਦੇ ਸੰਪਾਦਨ ਵਿਚ ਉਨ੍ਹਾਂ ਦਾ ਵੱਡਾ ਕਾਰਨ ਸੀ। ਉਪਕਾਰ ਸਿੰਘ ਸਰਾਭਾ ਤੀਖਣ ਬੁੱਧੀ ਦੇ ਮਾਲਕ ਸਨ। ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਗਦਰ ਪਾਰਟੀ ਨੇ ਪਹਿਲੀ ਵਾਰ ਧਰਮ ਨੂੰ ਨਿਜੀ ਮਸਲਾ ਦੱਸਿਆ। ਸੰਦੀਪ ਧਾਰੀਵਾਲ ਭੋਜਾ ਨੇ ਵਿਦਿਆਰਥੀਆਂ ਨੂੰ ਆਪਣੇ ਅਸਲ ਨਾਇਕ ਪਹਿਚਾਨਣ ਦੀ ਤਕੀਦ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਨਾਇਕਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਸਮਾਜ ਦੇ ਲੋਕਾਂ ਲਈ ਕੰਮ ਕਰਨ। ਇਸ ਮੌਕੇ ਵਿਦਿਆਰਥੀਆਂ ਨੇ ਸੁੰਦਰ ਚਾਰਟ ਬਣਾ ਕੇ ਸ਼ਹੀਦ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤਾ। ਇਸ ਮੌਕੇ ਸੰਸਥਾ ਦੇ ਅਧਿਆਪਕ ਸਾਹਿਬਾਨ ਮੌਜੂਦ ਸਨ।

ਲੜਾਈ-ਝਗੜੇ 'ਚ 4 ਵਿਰੁੱਧ ਮਾਮਲਾ ਦਰਜ

ਨਵਾਂਸ਼ਹਿਰ (ਮਨੋਜ ਲਾਡੀ) ਨਵਾਂਸ਼ਹਿਰ ਸਿਟੀ ਪੁਲਸ ਨੇ ਇੱਕ ਲੜਾਈ ਦੇ ਮਾਮਲੇ 'ਚ ਚਾਰ ਮੁਲਜ਼ਮਾਂ 'ਤੇ ਮਾਮਲਾ ਦਰਜ ਕੀਤਾ ਹੈ । ਰਾਮ ਕੁਮਾਰ ਪੁੱਤਰ ਹਰਬਲਾਸ ਵਾਸੀ ਗਲੀ ਨੰਬਰ 14 ਨਵਾਂਸ਼ਹਿਰ ਨੇ ਥਾਣਾ ਸਿਟੀ ਵਿਖੇ ਦਰਜ ਮਾਮਲੇ 'ਚ ਦੱਸਿਆ ਕਿ ਉਸਦਾ ਤੇ ਉਸਦੀ ਪਤਨੀ ਸਰਬਜੀਤ ਕੌਰ ਦੀ ਲੜਾਈ ਹੋ ਗਈ ਸੀ ਤੇ ਉਸ ਦੀ ਪਤਨੀ ਨੇ ਆਪਣੇ ਪੇਕੇ ਫੋਨ ਕਰ ਦਿੱਤਾ ਤੇ ਉਸ ਦਾ ਸਾਲਾ ਪਰਮਜੀਤ ਸਿੰਘ, ਸਹੁਰਾ ਅਨਿਲ ਕੁਮਾਰ ਉਰਫ ਲਾਡੀ ਤੇ 2-3 ਹੋਰ ਅਣਪਛਾਤੇ ਵਿਅਕਤੀ ਆਟੋ ਰਿਕਸ਼ਾ ਵਿੱਚ ਉਸਦੇ ਘਰ ਆ ਗਏ ਤੇ ਉਸ ਨਾਲ ਕੁੱਟਮਾਰ ਕਰਨ ਲੱਗ ਪਏ ਜਿਸ ਨਾਲ ਉਸਦੇ ਕਾਫੀ ਸੱਟਾਂ ਲੱਗੀਆਂ । ਜਦੋਂ ਉਸਦਾ ਭਰਾ ਪਾਵਨ ਰਾਮ ਛੁਡਵਾਉਣ ਆਇਆ ਤਾਂ ਉਸ ਨਾਲ ਵੀ ਕੁੱਟਮਾਰ ਕੀਤੀ ਤੇ ਫਿਰ ਉਸਦੀ ਮਾਤਾ ਸਰਵਨ ਕੌਰ ਦੀ ਵੀ ਕੁੱਟਮਾਰ ਕੀਤੀ। ਉਸਦੇ ਭਰਾ ਪਾਵਨ ਰਾਮ ਤੇ ਮਾਤਾ ਸਰਵਨ ਕੌਰ ਨੂੰ ਸਿਵਲ ਹਸਪਤਾਲ ਨਵਾਂਸ਼ਹਿਰ ਦਾਖਲ ਕਰਾਇਆ ਗਿਆ । ਏ. ਐਸ. ਆਈ ਸਤਨਾਮ ਸਿੰਘ ਵਲੋਂ ਕਥਿਤ ਦੋਸ਼ੀਆਂ ਸਰਬਜੀਤ ਕੌਰ ਪੁੱਤਰੀ ਰਾਮ ਪ੍ਰਕਾਸ਼, ਪਤਨੀ ਰਾਮ ਕੁਮਾਰ, ਪਰਮਜੀਤ ਸਿੰਘ ਪੁੱਤਰ ਰਾਮ ਪ੍ਰਕਾਸ਼ , ਰਾਮ ਪ੍ਰਕਾਸ਼ ਪੁੱਤਰ ਬਰੀਆਮ ਦਾਸ ਅਨਿਲ ਕੁਮਾਰ ਉਰਫ ਲਾਡੀ ਵਾਸੀ ਕਾਹਮਾ ਥਾਣਾ ਸਦਰ ਬੰਗਾ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ 'ਚ ਲੱਗਾ ਯੋਗਾ ਕੈਂਪ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਯੋਗਾ ਕੈਂਪ ਲਗਾਇਆ ਗਿਆ। ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਆਯੋਜਿਤ ਇਸ ਕੈਂਪ ਦੌਰਾਨ ਜਿੱਥੇ ਵਿਦਿਆਰਥਣਾਂ ਨੂੰ ਯੋਗਾ ਦੇ ਗੁਰ ਸਿਖਾਏ ਗਏ, ਉੱਥੇ ਉਨ੍ਹਾਂ ਨੂੰ ਔਰਤਾਂ 'ਚ ਮਹਾਵਾਰੀ ਦੇ ਦਿਨਾਂ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਸਿਹਤ ਨੂੰ ਤੰਦਰੁਸਤ ਰੱਖਣ ਲਈ ਪੌਸ਼ਟਿਕ ਅਹਾਰ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਨਾਗਪਾਲ ਨੇ ਦੱਸਿਆ ਕਿ ਵਿਦਿਆਰਥਣਾਂ ਨੂੰ ਸਬੰਧਿਤ ਯੋਗ ਕਿਰਿਆਵਾਂ ਅਤੇ ਪ੍ਰਾਣਾਯਾਮ ਕਰਵਾਇਆ ਗਿਆ ਅਤੇ ਕੁਝ ਸਮੇਂ ਲਈ ਬੱਚਿਆਂ ਨੂੰ ਮੈਡੀਟੇਸ਼ਨ ਵੀ ਕਰਵਾਇਆ। ਉਨ੍ਹਾਂ ਸਾਧਕਾਂ ਨੂੰ ਪੌਸ਼ਟਿਕ ਅਹਾਰ ਲੈਣ ਲਈ ਕਿਹਾ ਗਿਆ ਤਾਂ ਜੋ ਆਉਣ ਵਾਲੀ ਜ਼ਿੰਦਗੀ ਨੂੰ ਖ਼ੁਸ਼ਹਾਲ ਢੰਗ ਨਾਲ ਬਿਤਾ ਸਕਣ। ਇਹ ਕੈਂਪ ਸ਼੍ਰੀ ਸ਼੍ਰੀ ਰਵੀ ਸ਼ੰਕਰ ਦੁਆਰਾ ਚਲਾਇਆ ਜਾ ਰਿਹਾ ਆਰਟ ਆਫ਼ ਲਿਵਿੰਗ ਅਧੀਨ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਮੌਕੇ ਵਿਦਿਆਰਥਣਾਂ ਨੂੰ ਯੋਗਾ ਆਸਨਾਂ ਦੇ ਵੱਖ-ਵੱਖ ਗੁਰਾਂ ਬਾਰੇ ਵੀ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ। ਇਸ ਮੌਕੇ ਸਮੂਹ ਸਕੂਲ ਸਟਾਫ਼ ਤੇ ਵਿਦਿਆਰਥਣਾਂ ਹਾਜ਼ਰ ਸਨ।

ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਪੰਚਮ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ

ਬਟਾਲਾ (ਤਰਲੋਕ ਬੱਗਾ)-ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੇ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਬਹੁਤ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਜਥੇ ਅਤੇ ਭਾਈ ਹਰਜਿੰਦਰ ਸਿੰਘ ਹਜ਼ੂਰੀ ਰਾਗੀ ਜਥੇ ਨੇ ਹਰ ਜਸ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਭਾਈ ਅਮਨਦੀਪ ਸਿੰਘ ਨੇ ਅਰਦਾਸ ਬੇਨਤੀ ਕਰਕੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਵਾਕ ਸਰਵਣ ਕਰਵਾਇਆ। ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ ਅਤੇ ਘੁੰਗਣੀਆਂ ਤੇ ਪ੍ਰਸ਼ਾਦ ਅਤੁੱਟ ਵਰਤਾਇਆ ਗਿਆ। ਇਸ ਮੌਕੇ ਜਥੇਦਾਰ ਗੁਰਨਾਮ ਸਿੰਘ ਜੱਸਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਨਜੀਤ ਸਿੰਘ ਜਫਰਵਾਲ ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ ਨਤਮਸਤਕ ਹੋਏ ਅਤੇ ਸੰਗਤਾਂ ਨੂੰ ਠੰਡੇ ਮਿੱਠੇ ਜਲ ਦੀ ਛਬੀਲ ਵਰਤਾ ਕੇ ਸੇਵਾ ਕੀਤੀ। ਇਸ ਮੌਕੇ ਬਾਬਾ ਅਮੋਲਕ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਮਨਜੀਤ ਸਿੰਘ ਜਫਰਵਾਲ ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ, ਅਰਸ਼ਪ੍ਰੀਤ ਸਿੰਘ ਸਾਹਿਬ, ਐਡਵੋਕੇਟ ਰਜਿੰਦਰ ਸਿੰਘ ਪਦਮ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਕੁਲਵੰਤ ਸਿੰਘ ਐਮਸੀ, ਪਲਵਿੰਦਰ ਸਿੰਘ ਲੰਬੜਦਾਰ, ਮਨਜੀਤ ਸਿੰਘ ਜਫਰਵਾਲ ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ, ਜਸਵਿੰਦਰ ਸਿੰਘ ਗ੍ਰੰਥੀ, ਭਾਈ ਸਤਨਾਮ ਸਿੰਘ ਗ੍ਰੰਥੀ, ਭਾਈ ਅਮਨਦੀਪ ਸਿੰਘ ਕਾਦੀਆਂ, ਭਾਈ ਗੁਰਮੁੱਖ ਸਿੰਘ ਬਸਰਾਵਾਂ, ਭਾਈ ਹਰਪਿੰਦਰ ਸਿੰਘ ਭਿੰਦਾ, ਕਸ਼ਮੀਰ ਸਿੰਘ ਮਨਸੂਰਕੇ, ਕੁਲਦੀਪ ਸਿੰਘ ਸੰਗਰਾਵਾਂ, ਗੁਰਦੀਪ ਸਿੰਘ ਪੰਜਗਰਾਈਂ, ਰਵਿੰਦਰ ਸਿੰਘ ਚੀਮਾ ਆਦਿ ਸੰਗਤਾਂ ਨਤਮਸਤਕ ਹੋਈਆਂ।

ਵਿਧਾਇਕ ਨੇ 42 ਪਰਵਾਰਾਂ ਨੂੰ ਕਰੀਬ 63 ਲੱਖ ਦੀ ਗ੍ਰਾਂਟ ਦੇ ਮਨਜ਼ੂਰੀ ਪੱਤਰ ਵੰਡੇ

ਐਸ.ਏ.ਐਸ ਨਗਰ, (ਗੁਰਜੀਤ ਬਿੱਲਾ)-ਸੂਬਾ ਸਰਕਾਰ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਲੜੀਵਾਰ ਪੂਰਾ ਕਰ ਰਹੀ ਹੈ । ਇਸੇ ਕੜੀ ਤਹਿਤ ਹਲਕਾ ਵਿਧਾਇਕ ਕੁਲਵੰਤ ਸਿੰਘ ਵੱਲੋਂ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਲੋੜਵੰਦ 42 ਪਰਵਾਰਾਂ ਨੂੰ ਕਰੀਬ 63 ਲੱਖ ਦੀ ਗ੍ਰਾਂਟ ਦੇ ਮਨਜ਼ੂਰੀ (ਸੈਂਕਸ਼ਨ) ਪੱਤਰ ਵੰਡੇ ਗਏ । ਇਸ ਦੌਰਾਨ ਉਨ੍ਹਾਂ ਕਿਹਾ ਕਿ ਭਵਿੱਖ ਦੌਰਾਨ ਜ਼ਿਲ੍ਹੇ 'ਚ 1500 ਦੇ ਕਰੀਬ ਹੋਰ ਕੱਚੇ ਘਰ ਪੱਕੇ ਕੀਤੇ ਜਾਣਗੇ ਅਤੇ ਲੋੜ ਅਨੁਸਾਰ ਮੁਰੰਮਤ ਵੀ ਕਰਵਾਈ ਜਾਵੇਗੀ ।

ਆਮ ਆਦਮੀ ਪਾਰਟੀ ਦੀ ਸਰਕਾਰ ਜਦੋਂ ਤੋਂ ਸੱਤਾ ਵਿੱਚ ਆਈ ਹੈ,ਲਗਾਤਾਰ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਲੱਗੀ ਹੋਈ ਹੈ । ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕੀਤਾ ਹੋਇਆ ਇੱਕ ਹੋਰ ਵਾਅਦਾ ਪੂਰਾ ਕਰਦਿਆ ਉਨ੍ਹਾਂ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਘਰ ਬਣਾਉਣ ਵਾਸਤੇ ਗ੍ਰਾਂਟ ਦੇ ਮਨਜ਼ੂਰੀ (ਸੈਂਕਸ਼ਨ) ਪੱਤਰ ਵੰਡੇ ਗਏ ਹਨ ਅਤੇ ਸਰਕਾਰ ਵੱਲੋਂ ਇਨ੍ਹਾਂ ਪਰਵਾਰਾਂ ਦੇ ਘਰ ਉਸਾਰੇ ਜਾਣਗੇ । ਇਸ ਦੌਰਾਨ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾ 30 ਦੇ ਕਰੀਬ ਕੱਚੇ ਘਰ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਪੱਕੇ ਕਰਵਾ ਦਿੱਤੇ ਗਏ ਹਨ । ਉਨ੍ਹਾਂ ਹਲਕੇ 'ਚ ਵਸਦੇ ਪਰਵਾਰਾਂ, ਜਿਨ੍ਹਾਂ ਕੋਲ ਆਪਣੇ ਘਰ ਨਹੀਂ ਹਨ, ਨੂੰ ਪੰਜ-ਪੰਜ ਮਰਲੇ ਦੇ ਪਲਾਟ ਦੇਣ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੂਰੇ ਪੰਜਾਬ ਵਿੱਚ ਵੱਡੀ ਈਵੀਐਸ ਘਰ ਬਣਾਏ ਜਾ ਰਹੇ ਹਨ । ਜਿਨ੍ਹਾਂ ਵਿੱਚੋ 5000 ਮਕਾਨ ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਬਣਾਏ ਜਾਣਗੇ । 1000 ਘਰ ਲਗਭਗ ਤਿਆਰ ਹੋ ਚੁੱਕੇ ਹਨ। ਇਸ ਦੌਰਾਨ ਐਸ.ਡੀ.ਐਮ ਮੋਹਾਲੀ ਸ੍ਰੀਮਤੀ ਸਰਬਜੀਤ ਕੌਰ ਤੋਂ ਇਲਾਵਾ ਹਲਕੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਪਲਾਭਪਾਤਰੀ ਹਾਜਰ ਸਨ ।

ਨਸ਼ੀਲੇ ਟੀਕਿਆਂ ਤੇ ਗੋਲੀਆਂ ਸਮੇਤ ਦੋ ਗ੍ਰਿਫਤਾਰ

ਮਾਹਿਲਪੁਰ, (ਸਫਰੀ)-ਥਾਣਾ ਮੁਖੀ ਮਾਹਿਲਪੁਰ ਸੱਬ ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਦੀ ਦੇਖ-ਰੇਖ ਹੇਠ ਏ ਐਸ ਆਈ ਰਾਮ ਲਾਲ ਸਮੇਤ ਸਾਥੀ ਕਰਮਚਾਰੀਆਂ ਨੇ ਚੈਕਿੰਗ ਦੌਰਾਨ ਨੰਗਲ ਖੁਰਦ ਨਜਦੀਕ ਮੋਟਰਸਾਈਕਲ ਨੰਬਰ ਪੀ ਬੀ -24-ਸੀ-6723 ਹੀਰੋ ਡੀਲੈਕਸ ਤੇ ਸਵਾਰ ਆਤਮਾ ਰਾਮ ਉਰਫ ਛੋਟੂ ਪੁੱਤਰ ਸੁਰਿੰਦਰ ਪਾਲ ਵਾਸੀ ਘੁੰਮਿਆਲਾ ਪਾਸੋਂ 70 ਨਸ਼ੀਲੇ ਟੀਕੇ ਬਰਾਮਦ ਕਰਕੇ ਉਸ ਖਿਲਾਫ ਮੁਕੱਦਮਾ ਨੰਬਰ 110 ਮਿਤੀ 24-5-2023 ਅ/ਧ 22-61-85 ਐਨ ਡੀ ਪੀ ਐੱਸ ਐਕਟ ਦਰਜ ਕੀਤਾ ਹੈ। ਇਸੇ ਤਰ੍ਹਾਂ ਏ ਐਸ ਆਈ ਸਤਨਾਮ ਸਿੰਘ ਸਮੇਤ ਸਾਥੀ ਕਰਮਚਾਰੀਆਂ ਨੇ ਚੈਕਿੰਗ ਦੌਰਾਨ ਜਸਵਿੰਦਰ ਸਿੰਘ ਉਰਫ ਬਿੰਦਰ ਪੁਤਰ ਰਾਮਜੀ ਵਾਸੀ ਮਜਾਰਾ ਡਿੰਗਰੀਆਂ ਥਾਣਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 63 ਪੱਤੇ ਨਸ਼ੀਲੀਆਂ ਗੋਲੀਆਂ ਦੇ ਬਰਾਮਦ ਕਰਕੇ ਉਸ ਖਿਲਾਫ ਮੁਕਦਮਾ ਨੰਬਰ 111 ਮਿਤੀ 24-5-2023 ਅ/ਧ 22-61-85 ਐਨ ਡੀ ਪੀ ਐੱਸ ਐਕਟ ਦਰਜ ਕੀਤਾ ਹੈ।

ਕਰਾਈਮ ਬ੍ਰਾਂਚ ਦੀ ਟੀਮ ਵੱਲੋਂ ਵਹੀਕਲ ਚੋਰ ਕਾਬੂ, 06 ਮੋਟਰਸਾਇਕਲ ਬਰਾਮਦ



ਜਲੰਧਰ (ਸ਼ੈਲੀ ਐਲਬਰਟ) ਸਬ ਇੰਸਪੈਕਟਰ ਪੁਸ਼ਪ ਬਾਲੀ ਇੰਚਾਰਜ ਕ੍ਰਾਇਮ ਬ੍ਰਾਂਚ ਜਲੰਧਰ ਦਿਹਾਤੀ ਦੀ ਸਪੈਸ਼ਲ ਪੁਲਸ ਟੀਮ ਨੇ ਇਕ ਚੋਰ ਨੂੰ ਕਾਬੂ ਕਰਕੇ ਉਸ ਪਾਸੋਂ 06 ਮੋਟਰਸਾਇਕਲ ਬ੍ਰਾਮਦ ਕੀਤੇ ਹਨ। ਮਨਪ੍ਰੀਤ ਸਿੰਘ ਢਿੱਲੋਂ ਪੀ.ਪੀ.ਐਸ ਪੁਲਸ ਕਪਤਾਨ ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਨੇ ਦੱਸਿਆ ਕਿ ਏ.ਐਸ.ਆਈ ਪਰਵਿੰਦਰ ਸਿੰਘ ਦੀ ਸਾਥੀ ਕਰਮਚਾਰੀਆਂ ਨਾਲ ਪੁੱਲ ਨਹਿਰ ਖੁਰਦਪੁਰ ਮੌਜੂਦ ਸੀ ਕਿ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਨਮੋਲ ਕੁਮਾਰ ਉਰਫ ਵਿਸ਼ਾਲ ਪੁੱਤਰ ਧਰਮਵੀਰ ਵਾਸੀ ਚੋਮੋ ਆਦਮਪੁਰ ਚੋਰੀਅ ਕਰਨ ਦਾ ਆਦੀ ਹੈ, ਜਿਸ ਨੇ ਅੱਲਗ -2 ਥਾਵਾਂ ਤੋਂ ਮੋਟਰਸਾਇਕਲ ਚੋਰੀ ਕੀਤੇ ਹੋਏ ਹਨ, ਜੋ ਚੋਰੀ ਕੀਤੇ ਹੋਏ ਬੁਲਟ ਮੋਟਰਸਾਈਕਲ ਨੰਬਰ 08 -7466 'ਤੇ ਆ ਰਿਹਾ ਹੈ। ਪੁਲਸ ਨੇ ਉਕਤ ਨੂੰ ਕਾਬੂ ਕਰਕੇ ਉਸ ਪਾਸੋ ਚੋਰੀ ਸ਼ੁਦਾ ਮੋਟਰਸਾਇਕਲ ਬੁੱਲਟ ਬ੍ਰਾਮਦ ਕੀਤਾ। ਉਸ ਦੇ ਖਿਲਾਫ ਮੁਕੱਦਮਾ ਨੰਬਰ ਮੁ 70 ਮਿਤੀ 23.05.2023 ਜੁਰਮ 379/411/482 ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਦਰਜ ਕੀਤਾ। ਪੁਲਸ ਨੇ ਹੁਣ ਤੱਕ ਉਸ ਪਾਸੋਂ ਚੋਰੀ ਕੀਤੇ 05 ਮੋਟਰਸਾਇਕਲ ਅਤੇ 01 ਐਕਟਿਵਾ ਬ੍ਰਾਮਦ ਕਰ ਲਈ ਹੈ।

ਸੀਨੀਅਰ ਸੈਕੰਡਰੀ ਸਕੂਲ ਬਲਵੰਡਾ ਦਾ ਨਤੀਜਾ ਸ਼ਾਨਦਾਰ

ਗੁਰਦਾਸਪੁਰ, (ਜਨਕ ਮਹਾਜਨ)-ਮਾਤਾ ਗੁਜਰੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਬਲਵੰਡਾ ਦਾ ਬਾਰ੍ਹਵੀਂ ਸਾਇੰਸ ਅਤੇ ਆਰਟਸ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਚੇਅਰਪਰਸਨ ਸ਼੍ਰਮਾ ਸ਼ਰਮਾ ਨੇ ਦੱਸਿਆ ਕਿ ਬਾਰ੍ਹਵੀਂ ਸਾਇੰਸ ਦੀ ਵਿਦਿਆਰਥਣ ਅਨਮੋਲਪ੍ਰੀਤ ਕੌਰ ਨੇ 472/500 (94.4 ਫ਼ੀਸਦੀ) ਅੰਕ ਲੈ ਕੇ ਪਹਿਲਾ, ਗੁਰਲੀਨ ਕੌਰ ਨੇ 463/500 (92.6 ਫ਼ੀਸਦੀ) ਅੰਕ ਲੈ ਕੇ ਦੂਜਾ ਅਤੇ ਗੁਰਪ੍ਰੀਤ ਕੌਰ ਤੇ ਪਰਨੀਤ ਕੌਰ ਨੇ 461/500 (92.2 ਫ਼ੀਸਦੀ) ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਹੈ।

ਇਸ ਤੋਂ ਇਲਾਵਾ ਆਂਚਲ ਸ਼ਰਮਾ ਨੇ 452/500 ਅੰਕ, ਹਿਮਾਨੀ 44/500 ਅੰਕ, ਹਰਸ਼ਪ੍ਰੀਤ ਕੌਰ 442/500 ਅੰਕ, ਅਨਮੋਲ ਦੀਪ ਕੌਰ 439/500 ਅੰਕ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਮੌਕੇ ਮਾਤਾ ਗੁਜਰੀ ਸੰਸਥਾ ਦੇ ਚੇਅਰਪਰਸਨ ਸ਼੍ਰਮਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਮਠਿਆਈ ਵੰਡੀ।

ਉਨ੍ਹਾ ਵਿਦਿਆਰਥੀਆਂ ਨੂੰ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਕੇ ਬੁਲੰਦੀ ਨੂੰ ਛੂਹਣ ਲਈ ਪ੍ਰੇਰਿਤ ਕੀਤਾ।

ਸਿੱਖਿਆ ਮੰਤਰੀ ਦੇ ਹੈਂਕੜ ਭਰੇ ਵਤੀਰੇ ਦੀ ਪ ਸ ਸ ਫ ਵੱਲੋਂ ਕਰੜੇ ਸ਼ਬਦਾਂ 'ਚ ਨਿਖੇਧੀ

ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)-ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੰਤਰੀਆਂ, ਖਾਸ ਕਰਕੇ ਸਿੱਖਿਆ ਮੰਤਰੀ ਵਲੋਂ ਹੈਂਕੜਬਾਜ਼ੀ ਭਰਿਆ ਵਤੀਰਾ ਵਰਤਣਾ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸਦੀ ਤਾਜ਼ਾ ਮਿਸਾਲ ਸਿੱਖਿਆ ਮੰਤਰੀ ਨਾਲ ਮੀਟਿੰਗ ਕਰਨ ਗਏ ਮਿਡ ਡੇ ਮੀਲ ਵਰਕਰਜ਼ ਯੂਨੀਅਨ ਅਤੇ ਪ.ਸ.ਸ.ਫ. ਦੇ ਸੂਬਾ ਆਗੂਆਂ ਨਾਲ ਬਦਸਲੂਕੀ ਤੋਂ ਮਿਲਦੀ ਹੈ ਜਿਨ੍ਹਾਂ ਆਗੂਆਂ ਦੀ ਗ੍ਰਿਫਤਾਰੀ ਦੇ ਹੁਕਮ ਇਸ ਸਿੱਖਿਆ ਮੰਤਰੀ ਵਲੋਂ ਦਿੱਤੇ ਗਏ ਹਨ। ਪ.ਸ.ਸ.ਫ. ਦੇ ਆਗੂ ਕੁਲਦੀਪ ਪੁਰੋਵਾਲ ਨੇ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਕਾਰਵਾਈਆਂ ਕਰਨ ਨਾਲ ਮੁਲਾਜ਼ਮਾਂ ਅਤੇ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਇਆ ਨਹੀਂ ਜਾ ਸਕਦਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ.ਸ.ਸ.ਫ. ਦੇ ਸੂਬਾ ਪ੍ਰੈਸ ਸਕੱਤਰ ਗੁਰਪ੍ਰੀਤ ਰੰਗੀਲਪੁਰ ਨੇ ਕਿਹਾ ਕਿ ਮਿਡ ਡੇ ਮੀਲ ਵਰਕਰਜ਼ ਯੂਨੀਅਨ ਵਲੋਂ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਕੀਤੀ ਰੈਲੀ ਦੌਰਾਨ ਸਿੱਖਿਆ ਮੰਤਰੀ ਨਾਲ ਜੱਥੇਬੰਦੀ ਨੂੰ ਦਿੱਤੇ ਗਏ ਲਿਖਤੀ ਮੀਟਿੰਗ ਦੇ ਸਮੇਂ ਤਹਿਤ ਜਦੋਂ ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੇ ਸੂਬਾ ਆਗੂ ਅਤੇ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਸਾਥੀ ਗੁਰਬਿੰਦਰ ਸਿੰਘ ਮੀਟਿੰਗ ਪੰਜਾਬ ਭਵਨ ਪੁੱਜੇ ਤਾਂ ਸਿੱਖਿਆ ਮੰਤਰੀ ਵਲੋਂ ਪ.ਸ.ਸ.ਫ. ਆਗੂਆਂ ਨੂੰ ਮੀਟਿੰਗ ਵਿੱਚ ਆਉਣ ਤੋਂ ਰੋਕਿਆ ਗਿਆ, ਜਿਸਤੇ ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੇ ਆਗੂਆਂ ਵਲੋਂ ਫੈਡਰੇਸ਼ਨ ਦੇ ਆਗੂਆਂ ਤੋਂ ਬਿਨਾਂ ਮੀਟਿੰਗ ਕਰਨ ਤੋਂ ਮਨਾਂ ਕੀਤਾ ਤਾਂ ਸਿੱਖਿਆ ਮੰਤਰੀ ਵਲੋਂ ਇਸ ਵਫਦ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦੇ ਦਿੱਤੇ ਜਿਸ ਤੇ ਮਿਡ ਡੇ ਮੀਲ ਯੂਨੀਅਨ ਆਗੂਆਂ ਅਤੇ ਸਾਥੀ ਗੁਰਵਿੰਦਰ ਸਿੰਘ ਸਾਥੀ ਜਸਵਿੰਦਰ ਸੋਜ਼ਾ ਨੂੰ ਪੰਜਾਬ ਭਵਨ ਵਿੱਚ ਹੀ ਨਜ਼ਰਬੰਦ ਕੀਤਾ ਗਿਆ ਅਤੇ ਸਾਥੀ ਸਤੀਸ਼ ਰਾਣਾ ਨੂੰ ਚੰਡੀਗੜ੍ਹ ਸੈਕਟਰ 3 ਦੇ ਥਾਣੇ ਵਿਚ ਲਜਾਇਆ ਗਿਆ। ਪ.ਸ.ਸ.ਫ. ਦੇ ਆਗੂਆਂ ਨੇ ਮੁੱਖ ਮਮਤਰੀ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਸਿੱਖਿਆ ਮੰਤਰੀ ਦੇ ਅਜਿਹੇ ਵਤੀਰੇ ਨੂੰ ਰੋਕਣਾ ਚਾਹੀਦਾ ਹੈ ਤਾਂ ਜੋ ਮੁਲਾਜ਼ਮ ਵਰਗ ਵਲੋਂ ਸਿੱਖਿਆ ਮੰਤਰੀ ਦੇ ਵਿਰੁੱਧ ਕੀਤਾ ਜਾਣ ਵਾਲਾ ਸੰਘਰਸ਼ ਸਰਕਾਰ ਲਈ ਖਤਰਾ ਨਾ ਬਣ ਜਾਵੇ। ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੌਜੂਦਾ ਸਰਕਾਰ ਦੇ ਵਿਧਾਇਕ ਅਤੇ ਮੰਤਰੀ ਮੁਲਾਜ਼ਮਾਂ ਦੇ ਸੰਘਰਸ਼ਾਂ ਵਿੱਚ ਪਹੁੰਚ ਕੇ ਉਹਨਾਂ ਦੀਆਂ ਮੰਗਾਂ ਦਾ ਸਮਰਥਨ ਵੀ ਕਰਦੇ ਸਨ ਅਤੇ ਸਰਕਾਰ ਆਉਣ ਤੇ ਇਨਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦੇ ਵਾਅਦੇ ਵੀ ਕਰਦੇ ਸਨ। ਪੰਜਾਬ ਦੇ ਲੋਕਾਂ ਵਲੋਂ ਆਪਣਾ ਵਾਅਦਾ ਪੂਰਾ ਕਰਦਿਆਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਪ੍ਰੰਤੂ ਸੱਤਾ ਵਿੱਚ ਆਉਂਦਿਆਂ ਹੀ ਸਮੂਹ ਵਾਅਦਿਆਂ ਨੂੰ ਭੁੱਲ ਕੇ ਹਿਟਲਰਸ਼ਾਹੀ ਨੀਤੀਆਂ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਆਗੂਆਂ ਨੇ ਮੰਗ ਕੀਤੀ ਹੈ ਕਿ ਸਾਥੀ ਸਤੀਸ਼ ਰਾਣਾ ਨੂੰ ਸਮੂਹ ਆਗੂਆਂ ਸਹਿਤ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਵੇ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਲੋਂ ਐਲਾਨ ਕੀਤਾ ਗਿਆ ਹੈ ਕਿ ਅੱਜ ਮਿਤੀ 26 ਮਈ ਨੂੰ ਪੰਜਾਬ ਭਰ ਵਿੱਚ ਬਲਾਕ ਪੱਧਰ ਤੇ ਰੋਸ ਰੈਲੀਆਂ ਕੀਤੀਆਂ ਜਣਗੀਆਂ ਅਤੇ ਸਿੱਖਿਆ ਮੰਤਰੀ ਦੀ ਅਰਥੀ ਫੂਕੀ ਜਾਵੇਗੀ। ਇਸ ਉਪਰੰਤ ਬਹੁਤ ਜਲਦ ਸਿੱਖਿਆ ਮੰਤਰੀ ਵਿਰੁੱਧ ਸੂਬਾ ਪੱਧਰੀ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ ਅਤੇ ਇਸਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਅਨਿਲ ਕੁਮਾਰ, ਸੁਰਿੰਦਰ ਸਿੰਘ, ਕੁਲਦੀਪ ਸਿੰਘ ਪੁਰੇਵਾਲ, ਦਿਲਦਾਰ ਭੰਡਾਲ, ਗੁਰਪ੍ਰੀਤ ਰੰਗੀਲਪੁਰ, ਗੁਰਮੀਤ ਸਿੰਘ ਬਾਜਵਾ, ਸੁਖਵਿੰਦਰ ਸਿੰਘ, ਹੀਰਾ ਭੱਟੀ, ਸੁਭਾਸ਼ ਚੰਦਰ ਆਦਿ ਆਗੂ ਵੀ ਹਾਜ਼ਰ ਸਨ।

ਸੰਸਥਾ ਦੀ ਸਹਿਵਾਸਣ ਨੂੰ ਹਿਮਾਚਲ ਪ੍ਰਦੇਸ਼ ਭੇਜਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਅਧੀਨ ਚੱਲ ਰਹੀ ਸੰਸਥਾ ਸਹਿਯੋਗ (ਹਾਫ ਵੇਅ ਹੋਮ) ਜੋ ਕਿ 24, ਮਜੀਠਾ ਰੋਡ, ਅੰਮ੍ਰਿਤਸਰ ਵਿਖੇ ਸਥਿਤ ਹੈ। ਇਸ ਸੰਸਥਾ ਦੀ ਸਹਿਵਾਸਣ, ਜਿਸ ਦੀ ਉਮਰ 27 ਸਾਲ ਹੈ, 12 ਮਈ 2022 ਤੋਂ ਰਹਿ ਰਹੀ ਸੀ। ਸੰਸਥਾ ਇੰਚਾਰਜ ਦੁਆਰਾ ਇਸ ਦੇ ਆਧਾਰ ਕਾਰਡ ਬਣਾਉਣ ਸਮੇਂ ਇਸ ਦੇ ਘਰ ਦਾ ਪਤਾ ਚੱਲਿਆ ਕਿ ਇਹ ਸਹਿਵਾਸਣ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਉਨਾ ਦੇ ਪਿੰਡ ਖੁਦ ਖਾਸ ਨਾਲ ਸੰਬੰਧਤ ਹੈ । ਇਸ ਸੰਬੰਧੀ ਸੁਪਰਡੈਂਟ ਹੋਮ ਮਿਸ ਸਵਿਤਾ ਰਾਣੀ ਦੁਆਰਾ ਸਖੀ ਵਨ ਸਟਾਪ ਸੈਂਟਰ ਦੇ ਇੰਚਾਰਜ ਦੇ ਸਹਿਯੋਗ ਨਾਲ ਇਸ ਸਹਿਵਾਸਣ ਦਾ ਐਡਰੈਸ ਵੈਰੀਫਾਈ ਕਰਵਾਇਆ ਗਿਆ। ਜਿਸ ਉਪਰੰਤ ਸੁਪਰਡੈਂਟ ਹੋਮ ਵੱਲੋਂ ਸਹਿਵਾਸਣ ਦੇ ਪਰਵਾਰਕ ਮੈਂਬਰਾਂ ਤਾਲਮੇਲ ਕੀਤਾ ਗਿਆ ਜਿਸ ਤੋਂ ਪਤਾ ਚੱਲਿਆ ਕਿ ਉਹ ਇਸ ਸਹਿਵਾਸਣ ਨੂੰ ਘਰ ਲਿਜਾਣ ਦੇ ਇੱਛੁਕ ਹਨ। ਜਿਸ ਦੇ ਸੰਬੰਧ ਵਿੱਚ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੇ ਹੁਕਮਾਂ ਤਹਿਤ ਅਤੇ ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਪਰਡੈਂਟ ਹੋਮ ਦੁਆਰਾ ਸਹਿਵਾਸਣ ਨੂੰ ਇਸ ਦੇ ਪਰਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ ।

ਨਵਾਂ ਜ਼ਮਾਨਾ
ਸ਼ੁੱਕਰਵਾਰ, 26 ਮਈ 2023

ਤਾਨਾਸ਼ਾਹੀ ਵਿਰੁੱਧ ਜੰਗ ਦਾ ਐਲਾਨ

ਕਾਂਗਰਸ ਦੀ ਅਗਵਾਈ ਵਿੱਚ 19 ਵਿਰੋਧੀ ਪਾਰਟੀਆਂ ਨੇ 28 ਮਈ ਨੂੰ ਹੋ ਰਹੇ ਨਵੇਂ ਸੰਸਦ ਭਵਨ ਦੇ ਉਦਘਾਟਨ ਦੇ ਬਾਈਕਾਟ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਥਾਂ ਖੁਦ ਉਦਘਾਟਨ ਕਰਨਾ ਰਾਸ਼ਟਰਪਤੀ ਦੇ ਅਹੁਦੇ ਦਾ ਅਪਮਾਨ ਤੇ ਸੰਵਿਧਾਨ ਦੀ ਭਾਵਨਾ ਦੀ ਉਲੰਘਣਾ ਹੈ।

ਇਨ੍ਹਾਂ ਪਾਰਟੀਆਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਇੱਕ ਮਹੱਤਵਪੂਰਨ ਮੌਕਾ ਹੈ। ਸਾਡੇ ਇਸ ਵਿਸ਼ਵਾਸ ਦੇ ਬਾਵਜੂਦ ਕਿ ਸਰਕਾਰ ਲੋਕਤੰਤਰ ਨੂੰ ਖ਼ਤਰੇ ਵਿੱਚ ਪਾ ਰਹੀ ਹੈ ਤੇ ਜਿਸ ਆਪਹੁਦਰੇ ਢੰਗ ਨਾਲ ਨਵੇਂ ਸੰਸਦ ਭਵਨ ਦੀ ਉਸਾਰੀ ਕੀਤੀ ਗਈ, ਉਸ ਨਾਲ ਸਾਡੀ ਅਸਹਿਮਤੀ ਦੇ ਬਾਵਜੂਦ ਅਸੀਂ ਆਪਣੇ ਮਤਭੇਦਾਂ ਨੂੰ ਲਾਂਭੇ ਰੱਖਦਿਆਂ ਇਸ ਪ੍ਰੋਗਰਾਮ ਨੂੰ ਮਨਾਉਣ ਲਈ ਤਿਆਰ ਸਾਂ। ਪ੍ਰੰਤੂ ਜਿਸ ਤਰ੍ਹਾਂ ਰਾਸ਼ਟਰਪਤੀ ਨੂੰ ਦਰਕਿਨਾਰ ਕਰਕੇ ਸੰਸਦ ਭਵਨ ਦਾ ਉਦਘਾਟਨ ਖੁਦ ਪ੍ਰਧਾਨ ਮੰਤਰੀ ਵੱਲੋਂ ਕੀਤੇ ਜਾਣ ਦਾ ਫ਼ੈਸਲਾ ਕੀਤਾ ਗਿਆ, ਇਹ ਸਿਰਫ਼ ਅਪਮਾਨ ਹੀ ਨਹੀਂ, ਬਲਕਿ ਲੋਕਤੰਤਰ ਉੱਤੇ ਸਿੱਧਾ ਹਮਲਾ ਹੈ।

ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਨਾ ਸਿਰਫ਼ ਦੇਸ਼ ਦਾ ਮੁਖੀ ਹੈ, ਬਲਕਿ ਉਹ ਸੰਸਦ ਦਾ ਵੀ ਅਨਿੱਖੜਵਾਂ ਅੰਗ ਹੈ। ਉਹ ਸੰਸਦ ਸਮਾਗਮ ਦਾ ਆਰੰਭ ਕਰਦਾ ਹੈ ਤੇ ਸਮਾਪਤ ਵੀ ਉਹੀ ਕਰਦਾ ਹੈ। ਉਹ ਸਾਲ ਦੇ ਪਹਿਲੇ ਸੰਸਦ ਸਮਾਗਮ ਸਮੇਂ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਵੀ ਸੰਬੋਧਨ ਕਰਦਾ ਹੈ। ਮਤਲਬ ਸਾਫ਼ ਹੈ ਕਿ ਰਾਸ਼ਟਰਪਤੀ ਬਿਨਾਂ ਸੰਸਦ ਕੰਮ ਹੀ ਨਹੀਂ ਕਰ ਸਕਦੀ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨੇ ਨਵੇਂ ਸੰਸਦ ਭਵਨ ਦਾ ਉਦਘਾਟਨ ਖੁਦ ਕਰਨ ਦਾ ਫ਼ੈਸਲਾ ਲਿਆ ਹੈ। ਇਹ ਮਰਿਆਦਾਹੀਣ ਕਾਰਾ ਰਾਸ਼ਟਰਪਤੀ ਦੇ ਉੱਚ ਅਹੁਦੇ ਦਾ ਅਪਮਾਨ ਤੇ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ ਹੈ।

ਸਾਂਝੇ ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਲਈ ਲੋਕਤੰਤਰ ਵਿਰੋਧੀ ਕਾਰਾ ਕੋਈ ਨਵੀਂ ਗੱਲ ਨਹੀਂ, ਉਨ੍ਹਾ ਲਗਾਤਾਰ ਸੰਸਦ ਨੂੰ ਖੋਖਲਾ ਕੀਤਾ ਹੈ। ਸੰਸਦ ਵਿੱਚ ਜਦੋਂ ਵੀ ਵਿਰੋਧੀ ਮੈਂਬਰਾਂ ਨੇ ਲੋਕਾਂ ਦੇ ਮੁੱਦੇ ਉਠਾਏ, ਉਨ੍ਹਾਂ ਨੂੰ ਅਯੋਗ ਕਰਾਰ ਦਿੱਤਾ ਗਿਆ, ਮੁਅੱਤਲ ਕੀਤਾ ਗਿਆ ਤੇ ਮਾਈਕ ਬੰਦ ਕਰ ਦਿੱਤੇ ਗਏ। ਸੱਤਾਧਾਰੀ ਸਾਂਸਦਾਂ ਨੇ ਸੰਸਦ ਚੱਲਣ ਨਹੀਂ ਦਿੱਤੀ। ਤਿੰਨ ਖੇਤੀ ਕਾਨੂੰਨਾਂ ਨੂੰ ਬਿਨਾਂ ਬਹਿਸ ਦੇ ਪਾਸ ਕਰ ਲਿਆ ਗਿਆ ਤੇ ਸੰਸਦੀ ਕਮੇਟੀਆਂ ਨੂੰ ਵਿਹਾਰਕ ਰੂਪ ਵਿੱਚ ਮਰਨਾਊ ਕਰ ਦਿੱਤਾ ਗਿਆ ਹੈ। ਮਹਾਂਮਾਰੀ ਦੌਰਾਨ ਨਵੇਂ ਸੰਸਦ ਭਵਨ ਦੀ ਉਸਾਰੀ ਭਾਰਤ ਦੇ ਲੋਕਾਂ ਜਾਂ ਸਾਂਸਦਾਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਕੀਤੀ ਗਈ। ਜਦੋਂ ਲੋਕਤੰਤਰ ਦੀ ਆਤਮਾ ਨੂੰ ਹੀ ਸੰਸਦ ਤੋਂ ਵੱਖਰਾ ਕਰ ਦਿੱਤਾ ਗਿਆ ਹੈ, ਤਦ ਨਵੀਂ ਇਮਾਰਤ ਦੀ ਸਾਨੂੰ ਕੋਈ ਕਦਰ ਨਹੀਂ ਦਿਸਦੀ। ਅਸੀਂ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਗਮ ਦੇ ਬਾਈਕਾਟ ਦੇ ਸਮੂਹਿਕ ਫੈਸਲੇ ਦਾ ਐਲਾਨ ਕਰਦੇ ਹਾਂ। ਅਸੀਂ ਤਾਨਾਸ਼ਾਹ ਪ੍ਰਧਾਨ ਮੰਤਰੀ ਤੇ ਉਨ੍ਹਾ ਦੀ ਸਰਕਾਰ ਵਿਰੁੱਧ ਲੜਾਈ ਜਾਰੀ ਰੱਖਾਂਗੇ ਤੇ ਆਪਣੀ ਅਵਾਜ਼ ਲੋਕਾਂ ਤੱਕ ਲੈ ਕੇ ਜਾਵਾਂਗੇ।

ਇਸ ਬਿਆਨ ਉਤੇ ਦਸਤਖਤ ਕਰਨ ਵਾਲਿਆਂ ਵਿੱਚ ਕਾਂਗਰਸ, ਤ੍ਰਿਣਮੂਲ ਕਾਂਗਰਸ, ਡੀ ਐਮ ਕੇ, ਜਨਤਾ ਦਲ (ਯੂ), ਆਮ ਆਦਮੀ ਪਾਰਟੀ, ਐਨ ਸੀ ਪੀ, ਸ਼ਿਵ ਸੈਨਾ (ਊਧਵ), ਸੀ ਪੀ ਆਈ (ਐਮ) ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ, ਸੀ ਪੀ ਆਈ, ਮੁਸਲਿਮ ਲੀਗ, ਝਾਰਖੰਡ ਮੁਕਤੀ ਮੋਰਚਾ, ਨੈਸ਼ਨਲ ਕਾਨਫ਼ਰੰਸ, ਕੇਰਲ ਕਾਂਗਰਸ, ਆਰ ਐਸ ਪੀ, ਐਮ ਡੀ ਐਮ ਕੇ, ਵੀ ਸੀ ਕੇ ਤੇ ਆਰ ਐਲ ਡੀ ਸ਼ਾਮਲ ਹਨ।

ਇਨ੍ਹਾਂ ਬਾਈਕਾਟ ਕਰਨ ਵਾਲੀਆਂ ਪਾਰਟੀਆਂ ਕੋਲ 140 ਲੋਕ ਸਭਾ ਤੇ 97 ਰਾਜ ਸਭਾ ਦੀਆਂ ਸੀਟਾਂ ਹਨ। ਅਸਲ ਵਿੱਚ ਇਸ ਫ਼ੈਸਲੇ ਨਾਲ ਇਨ੍ਹਾਂ ਪਾਰਟੀਆਂ ਨੇ ਲੋਕਾਂ ਨੂੰ ਸਪੱਸ਼ਟ ਸੰਦੇਸ਼ ਦੇ ਦਿੱਤਾ ਹੈ ਕਿ ਉਹ 2024 ਦੀਆਂ ਚੋਣਾਂ ਤਾਨਾਸ਼ਾਹੀ ਵਿਰੁੱਧ ਇਕਜੁੱਟ ਹੋ ਕੇ ਲੜਨਗੀਆਂ। ਜੇਕਰ ਇਨ੍ਹਾਂ ਵਿੱਚ ਕੋਈ ਇੱਕ ਵੀ ਸਮਾਗਮ ਦਾ ਬਾਈਕਾਟ ਨਾ ਕਰਦੀ ਤਦ ਗੋਦੀ ਮੀਡੀਆ ਨੇ ਵਿਰੋਧੀ ਦਲਾਂ ਵਿੱਚ ਦਰਾੜ ਦੀਆਂ ਕਹਾਣੀਆਂ ਘੜਨੀਆਂ ਸ਼ੁਰੂ ਕਰ ਦੇਣੀਆਂ ਸਨ। ਮਹਾਂਗੱਠਜੋੜ ਬਣਾਉਣ ਲਈ ਇਨ੍ਹਾਂ ਪਾਰਟੀਆਂ ਦੀ ਮੀਟਿੰਗ ਕਦੋਂ ਹੋਵੇਗੀ, ਇਹ ਉਡੀਕ ਹੁਣ ਮੁੱਕ ਗਈ ਹੈ, ਕਿਉਂਕਿ ਇਨ੍ਹਾਂ ਆਪਣੇ ਸੰਕਲਪ ਦਾ ਐਲਾਨ ਬਿਨਾਂ ਮੀਟਿੰਗ ਦੇ ਹੀ ਕਰ ਦਿੱਤਾ ਹੈ। ਇਸ ਬਾਈਕਾਟ ਨਾਲ ਤਾਨਾਸ਼ਾਹੀ ਵਿਰੁੱਧ ਜੰਗ ਦਾ ਐਲਾਨ ਹੋ ਚੁੱਕਾ ਹੈ।

-ਚੰਦ ਫਤਿਹਪੁਰੀ

ਨਵਸ਼ਰਨ ਤੋਂ ਕਿਉਂ ਤ੍ਰਹਿੰਦੀ ਹੈ ਭਾਜਪਾ ਹਕੂਮਤ

ਨਰਭਿੰਦਰ

ਕੇਂਦਰੀ ਹਕੂਮਤ ਪਿਛਲੇ 9 ਸਾਲ ਤੋਂ ਭਾਰਤ ਦੇ ਬੁੱਧੀਜੀਵੀਆਂ ਅਤੇ ਮਨੁੱਖੀ ਅਧਿਕਾਰਾਂ ਲਈ ਬੋਲਣ ਤੇ ਲਿਖਣ ਵਾਲੀਆਂ ਸ਼ਖ਼ਸੀਅਤਾਂ ਨੂੰ ਵੱਖ-ਵੱਖ ਢੰਗਾਂ ਰਾਹੀਂ ਆਪਣੇ ਜਬਰ ਦਾ ਨਿਸ਼ਾਨਾ ਬਣਾਉਂਦੀ ਆ ਰਹੀ ਹੈ। ਜਿਨ੍ਹਾਂ 'ਚ ਕਈਆਂ ਨੂੰ ਫ਼ਰਜ਼ੀ ਕੇਸਾਂ ਵਿੱਚ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਕੀਤਾ ਹੈ ਅਤੇ ਕਈਆਂ ਨੂੰ ਨਵੇਂ ਕੇਸਾਂ ਵਿੱਚ ਫਾਹੁਣ ਲਈ ਹੱਥ-ਪੈਰ ਮਾਰ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਪਿਛਲੇ ਦਿਨੀਂ ਉੱਘੀ ਸਮਾਜਿਕ ਕਾਰਕੁੰਨ ਤੇ ਔਰਤਾਂ ਦੇ ਅਧਿਕਾਰਾਂ ਉਤੇ ਦਲੇਰੀ ਨਾਲ ਪਹਿਰਾ ਦੇਣ ਵਾਲੀ ਡਾ. ਨਵਸ਼ਰਨ ਸਿੰਘ ਨੂੰ ਈ ਡੀ ਵੱਲੋਂ 8 ਘੰਟੇ ਦੀ ਪੁੱਛਗਿੱਛ ਦੇ ਬਹਾਨੇ ਪ੍ਰੇਸ਼ਾਨ ਕਰਨਾ ਹੈ। ਈ ਡੀ ਦਾ ਕਹਿਣਾ ਹੈ ਕਿ ਉਹ ਜਿਸ ਸੰਸਥਾ ਮੱਧ ਏਸ਼ੀਆ 'ਚ ਔਰਤਾਂ ਦੀ ਦੁਰਦਸ਼ਾ ਦੀ ਜਾਂਚ ਕਰਨ ਵਾਲੀ ਅਤੇ ਕਾਰਵਾਂ-ਏ-ਮੁਹੱਬਤ ਵਰਗੀ ਸੰਸਥਾ ਵੱਲੋਂ ਜਾਂ ਜੋ ਹੋਰ ਵੀ ਖੋਜ ਕਾਰਜ ਤੇ ਜਾਰੀ ਰਿਪੋਰਟਾਂ ਲਈ ਵਿਦੇਸ਼ੀ ਫੰਡਾਂ ਦੇ ਲੇਖਾ-ਜੋਖਾ ਜਾਂਚ ਰਹੀ ਹੈ। ਭਾਵ ਸਰਕਾਰ ਦੀਆਂ ਨਜ਼ਰਾਂ ਵਿੱਚ ਪ੍ਰੀਵੈਨਸ਼ਨ ਮਨੀ ਲਾਂਡਰਿੰਗ ਐਕਟ ਦੀ ਉਲੰਘਣਾ ਦਾ ਸੁਆਲ ਹੈ, ਜਿਸ ਦੀ ਜਾਂਚ ਕਰ ਰਹੀ ਹੈ, ਪਰ ਹਕੀਕਤ ਕੁਝ ਹੋਰ ਹੈ।

ਹਕੀਕਤ ਇਹ ਹੈ ਕਿ ਡਾ. ਨਵਸ਼ਰਨ ਨੇ ਪਿਛਲੇਰੇ ਦੌਰ ਵਿੱਚ ਜਿਹੜੀ ਭੂਮਿਕਾ ਸਾਊਥ ਏਸ਼ੀਆ ਦੇ ਖਿੱਤੇ ਵਿੱਚ ਔਰਤਾਂ ਉੱਤੇ ਹਿੰਸਾ ਤੇ ਵਿਸ਼ੇਸ਼ ਕਰਕੇ ਹਾਸ਼ੀਏ ਤੋਂ ਪਾਰ ਅਤੇ ਨਪੀੜੇ ਜਾਂਦੇ ਵਰਗਾਂ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਨੂੰ ਆਪਣੀਆਂ ਖੋਜ ਰਿਪੋਰਟਾਂ ਰਾਹੀਂ ਸਾਹਮਣੇ ਲਿਆਂਦਾ ਹੈ, ਉਹ ਹਕੂਮਤ ਦੀ ਪ੍ਰੇਸ਼ਾਨੀ ਦਾ ਸਬੱਬ ਹੈ। ਵਿਸ਼ੇਸ਼ ਕਰਕੇ-ਕਾਰਵਾਂ-ਏ-ਮੁਹੱਬਤ ਨਾਮੀ ਸੰਸਥਾ ਵੱਲੋਂ ਆਪਣੇ ਸਹਿਯੋਗੀ ਬੁੱਧੀਜੀਵੀ ਤੇ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਹਰੀਸ਼ ਮੰਦਰ ਨਾਲ ਮਿਲ ਕੇ ਭਾਰਤ ਵਿੱਚ ਮੁਸਲਮ ਘੱਟ-ਗਿਣਤੀ ਦੇ ਲੋਕਾਂ ਉਤੇ ਜਥੇਬੰਦਕ ਹਿੰਦੂਤਵੀ ਗੁੰਡਿਆਂ ਵੱਲੋਂ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਤੇ ਵਿਸ਼ੇਸ਼ ਕਰਕੇ ਮੁਸਲਮ ਔਰਤਾਂ ਨਾਲ ਹੋ ਰਹੀਆਂ ਹਿੰਸਾ ਤੇ ਜ਼ਿਆਦਤੀਆਂ ਨੂੰ ਵੀ ਸਾਹਮਣੇ ਲਿਆਂਦਾ, ਉਹਦਾ ਘੇਰਾ ਦਿੱਲੀ ਤੋਂ ਮੁੰਬਈ ਤੱਕ ਨਹੀਂ, ਸਗੋਂ ਨੇਪਾਲ ਤੇ ਹੋਰ ਸਾਊਥ ਏਸ਼ੀਆ ਤੱਕ ਪਸਰਿਆ ਹੋਇਆ ਹੈ। ਇਹ ਉਹੀ ਨਵਸ਼ਰਨ ਹੈ, ਜੋ 13 ਮਹੀਨੇ ਚੱਲੇ ਕਿਸਾਨ ਘੋਲ ਦੇ ਅੰਗ-ਸੰਗ ਨਾ ਸਿਰਫ਼ ਖੜੀ ਰਹੀ, ਸਗੋਂ ਔਰਤਾਂ ਦੀ ਕਿਸਾਨ ਸੰਘਰਸ਼ ਵਿੱਚ ਭੂਮਿਕਾ ਨੂੰ ਬੜੀ ਗਹਿਰਾਈ 'ਚ ਵੇਖਿਆ ਤੇ ਵਾਚਿਆ ਤੇ ਉਹਦੀ ਆਵਾਜ਼ ਬਣੀ। ਇਸ ਤੋਂ ਪਹਿਲਾਂ ਵੀ ਨਾਗਰਿਕਤਾ ਸੋਧ ਬਿੱਲ ਦੇ ਵਿਰੋਧ ਵਿੱਚ ਚੱਲੇ ਸੰਘਰਸ਼ ਵਿਸ਼ੇਸ਼ ਕਰਕੇ ਸ਼ਾਹੀਨ ਬਾਗ ਵਰਗੇ ਮੋਰਚੇ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ।

ਲਖੀਮਪੁਰ ਖੀਰੀ ਵਿੱਚ ਇੱਕ ਸੰਸਦ ਮੈਂਬਰ ਦੇ ਵਿਗੜੇ ਹੋਏ ਪੁੱਤਰ ਵੱਲੋਂ ਪੰਜ ਕਿਸਾਨਾਂ ਨੂੰ ਦਰੜ ਕੇ ਮਾਰ ਦੇਣ ਦੀ ਘਟਨਾ ਦੀ ਜਾਂਚ ਰਿਪੋਰਟ ਕਰਨ ਵਾਲੀ ਟੀਮ ਵਿੱਚ ਵੀ ਨਵਸ਼ਰਨ ਸ਼ਾਮਲ ਸੀ ਅਤੇ ਕਿਸਾਨ ਘੋਲ ਕੇ ਮੁਢਲੇ ਪੜਾਅ 'ਚ 26 ਜਨਵਰੀ ਵਾਲੀ ਕਿਸਾਨ ਪਰੇਡ ਦੀ ਵੀ ਚਸ਼ਮਦੀਦ ਗਵਾਹ ਸੀ, ਜਿਸ ਉਤੇ ਇੱਕ ਰਿਪੋਰਟ ਵੀ ਤਿਆਰ ਕਰਨ ਵਿੱਚ ਉਹਦੀ ਸਰਗਰਮ ਭੂਮਿਕਾ ਰਹੀ।

ਡਾ. ਨਵਸ਼ਰਨ ਪੰਜਾਬ ਦੀ ਮਿੱਟੀ ਦੀ ਜਾਈ ਧੀ ਹੈ ਅਤੇ ਪੰਜਾਬ ਦੇ ਹੀ ਨਹੀਂ, ਕੌਮਾਂਤਰੀ ਪੱਧਰ ਦੀ ਪਹਿਚਾਣ ਰੱਖਣ ਵਾਲੇ ਪੇਂਡੂ ਖੇਤਰ ਦਾ ਨਾਟਕਕਾਰ ਗੁਰਸ਼ਰਨ ਸਿੰਘ ਦੀ ਸੁੱਘੜ ਤੇ ਦਲੇਰ ਪੁੱਤਰੀ ਵੀ ਹੈ। ਨਪੀੜੇ ਲੋਕਾਂ ਦੀ ਪੀੜ ਨੂੰ ਪੜ੍ਹਨ ਤੇ ਉਹਦਾ ਹਿੱਸਾ ਤੇ ਆਵਾਜ਼ ਬਣਨਾ ਉਹਨੂੰ ਆਪਣੀ ਮਾਤਾ ਕੈਲਾਸ਼ ਕੌਰ ਤੇ ਪਿਤਾ ਗੁਰਸ਼ਰਨ ਸਿੰਘ ਪਾਸੋਂ ਮਿਲਿਆ ਸੀ। ਪਰਵਾਰ ਵਿਰਾਸਤ 'ਚੋਂ ਇਸ ਚੇਤਨਾ ਦੀ ਗੁੜ੍ਹਤੀ ਲੈਣ ਵਾਲੀ ਨਵਸ਼ਰਨ ਨੇ ਪਹਿਲਾਂ ਦਿੱਲੀ ਤੇ ਫਿਰ ਕਾਰਲੇਟਨ ਯੂਨੀਵਰਸਿਟੀ ਵਿੱਚ ਰਾਜਨੀਤਕ ਵਿਗਿਆਨ ਦੀ ਪੀ ਐੱਚ ਡੀ ਕਰਨ ਸਮੇਂ ਹੋਰ ਗਹਿਰਾਈ 'ਚ ਅਧਿਐਨ ਕੀਤਾ ਅਤੇ ਇਸੇ ਦੌਰਾਨ ਹੀ ਉਸ ਨੇ ਆਪਣੀ ਖੋਜ ਦੇ ਕਾਰਜ ਦਾ ਵਿਸ਼ਾ ਆਬਾਦੀ ਦਾ ਅੱਧ ਔਰਤਾਂ ਦੀ ਤ੍ਰਾਸਦਿਕ ਹਾਲਤ, ਉਨ੍ਹਾਂ ਦੇ ਅਧਿਕਾਰਾਂ ਲਈ ਜਾਗਰੂਕਤਾ ਤੇ ਸੰਘਰਸ਼ ਦੇ ਖੇਤਰ ਨੂੰ ਚੁਣਿਆ। ਪੰਜਾਬ ਦੀਆਂ ਪੇਂਡੂ ਖੇਤਰ ਦੀਆਂ ਔਰਤਾਂ ਨਾਲ ਉਹਦਾ ਰਿਸ਼ਤਾ ਤਾਂ ਗੁਰਸ਼ਰਨ ਸਿੰਘ ਨਾਲ ਨਾਟਕਾਂ 'ਚ ਕੰਮ ਕਰਦਿਆਂ ਬਣਿਆ ਸੀ, ਪਰ ਆਪਣੀ ਉੱਚ ਵਿੱਦਿਆ ਹਾਸਲ ਕਰਨ ਪਿੱਛੋਂ ਉਹਨੇ ਪੰਜਾਬ ਦੀਆਂ ਪੇਂਡੂ ਔਰਤਾਂ ਵਿਸ਼ੇਸ਼ ਕਰਕੇ ਕਿਸਾਨੀ ਤੇ ਮਜ਼ਦੂਰ ਔਰਤਾਂ ਦੀ ਤ੍ਰਾਸਦਿਕ ਜ਼ਿੰਦਗੀ ਨੂੰ ਗਹਿਰਾਈ 'ਚ ਵਾਚਨ ਦੀ ਕੋਸ਼ਿਸ਼ ਕੀਤੀ। ਇਹੀ ਕਾਰਨ ਕਿ ਉਹ ਪੰਜਾਬ ਦੀ ਮਿੱਟੀ ਦੇ ਨਾਲ ਜੁੜੀ ਪੰਜਾਬ ਦੀ ਉਹ ਸਿਰੜੀ ਜੁਝਾਰ ਤੇ ਬੇਬਾਕ ਧੀ ਹੈ, ਜਿਹੜੀ ਨਾ ਸਿਰਫ਼ ਦੇਸ਼, ਸਗੋਂ ਪੂਰੇ ਸਾਊਥ ਏਸ਼ੀਆ ਦੇ ਖਿੱਤੇ ਵਿੱਚ ਔਰਤਾਂ ਉਤੇ ਹੋ ਰਹੀ ਹਿੰਸਾ ਤੇ ਜਬਰ ਨੂੰ ਬੇਪੜਦ ਕਰਨ ਵਾਲੀ ਇੱਕ ਰੋਹਿਲੀ ਆਵਾਜ਼ ਹੈ, ਕਿਉਂਕਿ ਪਿਛਲੇਰੇ 9 ਸਾਲਾਂ ਵਿੱਚ ਭਾਰਤ ਵਿੱਚ ਮੁਸਲਿਮ ਤੇ ਦਲਿਤ ਔਰਤਾਂ ਹਿੰਦੂਤਵੀ ਗੁੰਡਿਆਂ ਦੇ ਜਬਰ ਦਾ ਵਿਸ਼ੇਸ਼ ਨਿਸ਼ਾਨਾ ਬਣੀਆਂ ਹੋਈਆਂ ਹਨ, ਜਿਨ੍ਹਾਂ ਨੂੰ ਬੇਪੜਦ ਕਰਨ ਤੇ ਉਨ੍ਹਾ ਦੇ ਹੱਕ ਵਿੱਚ ਖਲੋਣ ਦੀ ਭੂਮਿਕਾ ਨਵਸ਼ਰਨ ਦਲੇਰੀ ਨਾਲ ਨਿਭਾਅ ਰਹੀ ਹੈ। ਇਹੀ ਕਾਰਨ ਕਿ ਹਿੰਦੂਤਵੀ ਗੁੰਡਿਆਂ ਨੂੰ ਪੁਸ਼ਤ ਪਨਾਹ ਦੇਣ ਵਾਲੀ ਭਾਜਪਾ ਹਕੂਮਤ ਦੀਆਂ ਅੱਖਾਂ ਵਿੱਚ ਨਵਸ਼ਰਨ ਵੀ ਉਵੇਂ ਹੀ ਰੜਕਦੀ ਹੈ, ਜਿਵੇਂ ਦੇਸ਼ ਦੇ ਹੋਰ ਚੇਤੰਨ ਬੁੱਧੀਜੀਵੀ ਰੜਕਦੇ ਹਨ।

ਡਾ. ਨਵਸ਼ਰਨ ਸਿੰਘ ਨੂੰ ਹਕੂਮਤ ਵੱਲੋਂ ਪ੍ਰੇਸ਼ਾਨ ਕਰਨ ਵਿਰੁੱਧ ਜਿੱਥੇ ਪੰਜਾਬ ਤੇ ਭਾਰਤ ਦੇ ਬੁੱਧੀਜੀਵੀਆਂ ਨੇ ਵਿਰੋਧ ਦੀ ਆਵਾਜ਼ ਉਠਾਈ ਹੈ, ਉਥੇ ਦੱਖਣੀ ਏਸ਼ੀਆ ਤੋਂ ਲੈ ਕੇ ਕੈਨੇਡਾ, ਅਮਰੀਕਾ ਤੇ ਯੂਰਪ ਦੇ ਕਈ ਸੰਗਠਨਾਂ ਵੱਲੋਂ ਵੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ, ਵਿਸ਼ੇਸ਼ ਕਰਕੇ ਧਰਮ ਨਿਰਪੱਖ ਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਵਾਲੀਆਂ ਸਾਊਥ ਏਸ਼ੀਆ ਦੀਆਂ ਸੰਸਥਾਵਾਂ; ਅਲਟਰਨੇਟਿਵ ਇੰਟਰਨੈਸ਼ਨਲ ਸੈਂਟਰ ਇਮੀਗਰੇਸ਼ਨ ਵਰਕਰ ਸੈਂਟਰ ਤੇ ਸਾਊਥ ਏਸ਼ੀਆ ਦੀਆਂ ਔਰਤਾਂ ਦੀ ਜਥੇਬੰਦੀ ਜਿਨ੍ਹਾਂ ਨੂੰ ਉਹਦੇ ਖੋਜ ਕਾਰਜਾਂ ਦੀ ਮਹੱਤਤਾ ਦਾ ਇਲਮ ਹੈ, ਨੇ ਭਾਰਤੀ ਹਕੂਮਤ ਵੱਲੋਂ ਨਵਸ਼ਰਨ ਨੂੰ ਪ੍ਰੇਸ਼ਾਨ ਕਰਨ ਦਾ ਸਖ਼ਤ ਨੋਟਿਸ ਲਿਆ ਹੈ ਤੇ ਆਵਾਜ਼ ਉਠਾਈ ਹੈ। ਕੌਮਾਂਤਰੀ ਵਿਕਾਸ ਖੋਜ ਕੇਂਦਰ ਜੋ ਦੁਨੀਆ ਦੀਆਂ ਔਰਤਾਂ ਦੀ ਪੀੜਾ ਨੂੰ ਆਪਣੇ ਖੋਜ ਕਾਰਜਾਂ ਰਾਹੀਂ ਸਾਹਮਣੇ ਲਿਆਉਂਦਾ ਹੈ ਤੇ ਜਿਸ ਨਾਲ ਨਵਸ਼ਰਨ ਜੁੜੀ ਹੋਈ ਹੈ, ਨੇ ਵੀ ਇਸ ਦਾ ਸਖ਼ਤ ਨੋਟਿਸ ਲਿਆ ਹੈ।

ਡਾ. ਨਵਸ਼ਰਨ ਨਾ ਤਲਵਾਰ ਫੜ ਕੇ ਲੜ ਰਹੀ ਸੀ, ਨਾ ਹੀ ਕੋਈ ਸੰਘਰਸ਼ਾਂ ਦੀ ਅਗਵਾਈ ਕਰ ਰਹੀ ਸੀ। ਉਹ ਤਾਂ ਕਲਮ ਤੇ ਚੇਤਨਾ ਦੀ ਧਾਰ ਰਾਹੀਂ ਸਮਾਜ ਦੇ ਨਪੀੜੇ ਲੋਕਾਂ ਉਤੇ ਜਬਰ ਤੇ ਹਿੰਸਾ ਨੂੰ ਨੰਗਾ ਕਰਨ ਦੀ ਭੂਮਿਕਾ ਨਿਭਾਅ ਰਹੀ ਸੀ। ਕਲਮ ਤੇ ਚੇਤਨਾ ਦਾ ਹਥਿਆਰ ਵੀ ਹਕੂਮਤ ਦੀਆਂ ਨਜ਼ਰਾਂ ਵਿੱਚ ਕਿੰਨਾ ਖ਼ਤਰਨਾਕ ਹੈ, ਜਿਸ ਤੋਂ ਭਾਜਪਾ ਤੇ ਮੋਦੀ ਦੀ ਹਕੂਮਤ ਡਰ ਰਹੀ ਹੈ ਅਤੇ ਨਵਸ਼ਰਨ ਨੂੰ ਨਿਸ਼ਾਨੇ 'ਤੇ ਲਿਆ ਰਹੀ ਹੈ। ਭਾਜਪਾ ਹਕੂਮਤ ਦੇ ਮਨਸੂਬੇ ਖਤਰਨਾਕ ਹਨ, ਚੌਕਸ ਹੋਣ ਦੀ ਲੋੜ ਹੈ ਅਤੇ ਦੇਸ਼ ਭਰ ਦੇ ਬੁੱਧੀਜੀਵੀਆਂ ਨੂੰ ਇਸ ਵਿਰੁੱਧ ਇੱਕਜੁੱਟ ਆਵਾਜ਼ ਉਠਾਉਣੀ ਚਾਹੀਦੀ ਹੈ ਕਿ ਨਵਸ਼ਰਨ ਤੋਂ ਆਪਣੇ ਹੱਥ ਪਰ੍ਹਾਂ ਰੱਖੋ।

ਡਾ. ਨਵਸ਼ਰਨ ਵਿਵਸਥਾ ਦੀਆਂ ਅੱਖਾਂ 'ਚ ਅੱਖ ਪਾ ਕੇ ਹਕੀਕਤ ਬਿਆਨਣ ਵਾਲੀ ਉਹ ਆਵਾਜ਼ ਹੈ, ਜਿਹਨੂੰ ਫ਼ਰਜ਼ੀ ਕੇਸਾਂ ਦੇ ਡਰਾਵੇ ਦੇ ਕੇ ਡਰਾਇਆਂ ਧਮਕਾਇਆ ਨਹੀਂ ਜਾ ਸਕਦਾ। ਹਕੂਮਤ ਅਤੇ ਵਿਵਸਥਾ ਦੇ ਕੁਚੱਜਾ ਉਤੇ ਉਂਗਲ ਰੱਖਣਾ ਅਤੇ ਅਨਿਆ ਤੇ ਜ਼ਿਆਜਤੀਆਂ ਵਿਰੁੱਧ ਲੜਨਾ ਨਵਸ਼ਰਨ ਦੇ ਆਪਣੀ ਵਿਰਾਸਤ 'ਚੋਂ ਲਿਆ ਹੈ। ਉਹ ਆਪਣੇ ਨਾਟਕਾਂ ਰਾਹੀਂ ਹਕੂਮਤ ਨੂੰ ਕਟਹਿਰੇ 'ਚ ਨੰਗਾ ਕਰਨ ਵਾਲੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਧੀ ਹੀ ਨਹੀਂ, ਸਗੋਂ ਇਸ ਵਿਵਸਥਾ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਗਹਿਰਾਈ 'ਚ ਵਾਚਣ ਅਤੇ ਇਹਨੂੰ ਬਦਲਣ ਦੀਆਂ ਸਿਧਾਂਤਕ ਬਾਰੀਕੀਆਂ ਨੂੰ ਪਛਾਣਨ ਵਾਲੇ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਦੀ ਨਾਤੀ ਵੀ ਹੈ। ਉਹ ਬੌਧਿਕਤਾ ਤੇ ਸੰਘਰਸ਼ ਦਾ ਅਜਿਹਾ ਸੁਮੇਲ ਹੈ, ਜਿਹਨੂੰ ਨਾ ਡਰਾਇਆ ਜਾ ਸਕਦਾ ਹੈ, ਨਾ ਧਮਕਾਇਆ। ਉਹ ਸਾਊਥ ਏਸ਼ੀਆ ਦੀਆਂ ਨਪੀੜੀਆਂ ਤੇ ਹਰ ਕਿਸਮ ਦੀ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਬੇਬਾਕ ਆਵਾਜ਼ ਹੈ, ਜੋ ਬੁਲੰਦ ਹੈ ਤੇ ਬੁਲੰਦ ਰਹੇਗੀ।

 # ਸੰਪਰਕ : 93544-30211

ਅਸੰਭਵ ਨੂੰ ਸੰਭਵ ਬਣਾਉਂਦੇ ਦੋਸਤ !

ਕਮਲ ਬਠਿੰਡਾ

ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਆਪੇ ਸਿਰਜੇ ਰਿਸ਼ਤੇ ਖੂਨ ਦੇ ਰਿਸ਼ਤਿਆਂ ਨਾਲੋਂ ਵੀ ਕਿਤੇ ਨਜ਼ਦੀਕ ਹੁੰਦੇ ਐ। ਪੁਰਾਣੇ ਜ਼ਮਾਨੇ ਵਿੱਚ ਧਰਮ ਦੀ ਭੈਣ, ਧਰਮ ਦਾ ਭਰਾ, ਮੂੰਹ ਬੋਲੀ ਭੈਣ, ਮੂੰਹ ਬੋਲਿਆ ਭਰਾ ਪੱਗ ਵਟਾ ਭਰਾ, ਚੁੰਨੀ ਵਟ ਭੈਣ ਜਿਹੇ ਰਿਸ਼ਤੇ ਆਮ ਸੁਣਦੇ ਸੀ ਅਤੇ ਉਹ ਤਾ ਉਮਰ ਨਿਭਦੇ ਸੀ, ਸ਼ਾਇਦ ਇਹ ਦੋਸਤੀ ਵਾਲਾ ਰਿਸ਼ਤਾ ਵੀ ਉਸੇ ਰਿਸ਼ਤੇ ਦਾ ਹੀ ਦੂਜਾ ਨਾਮ ਐ। ਅੱਜ ਵੀ ਦੋਸਤੀ ਦੇ ਇਸ ਰਿਸਤੇ ਨੂੰ ਬਹੁਤ ਉੱਚਾ ਮੁਕਾਮ ਹਾਸਲ ਐ। ਦੋਸਤ ਸ਼ਬਦ ਸੁਣਦੇ ਹੀ ਇੱਕ ਅਪਣੱਤ ਭਰੇ, ਸੁਖਦ, ਦਿਲਾਂ ਦੀ ਸਾਂਝ ਵਾਲੇ ਰਿਸ਼ਤੇ ਦਾ ਅਹਿਸਾਸ ਹੁੰਦੈ। ਬਚਪਨ ਵਿੱਚ ਪੜ੍ਹੀਆਂ, ਸੁਣੀਆਂ 'ਸੱਚਾ ਮਿੱਤਰ' ਵਰਗੀਆਂ ਕਹਾਣੀਆਂ ਅੱਜ ਵੀ ਉਵੇਂ ਚੇਤਿਆਂ ਵਿੱਚ ਉੱਕਰੀਆਂ ਪਈਆਂ ਹਨ। ਇਸੇ ਰਿਸ਼ਤੇ ਨੂੰ ਲੈ ਕੇ ਬਹੁਤ ਸਾਰੀਆਂ ਫਿਲਮਾਂ ਵੀ ਬਣੀਆਂ ਐ ਜੋ ਬਹੁਤ ਮਸ਼ਹੂਰ ਹੋਈਆਂ ਹਨ।

ਕਈ ਵਾਰੀ ਜਦੋਂ ਆਪਣੀਆਂ ਕਬੀਲਦਾਰੀਆਂ 'ਚ ਖੁੱਭੇ ਭੈਣ-ਭਰਾ ਵੀ ਦੁੱਕੀ-ਤਿੱਕੀ ਦੇ ਹਿਸਾਬ-ਕਿਤਾਬ 'ਚ ਪੈ ਕੇ ਮੂੰਹ ਮੋੜ ਜਾਂਦੇ ਐ ਅਤੇ ਅਸੀਂ ਮਾਂ-ਬਾਪ 'ਤੇ ਵੀ ਕਿਸੇ ਕਿਸਮ ਦਾ ਮਾਨਸਿਕ ਬੋਝ ਨਹੀਂ ਪਾਉਣਾ ਚਾਹੁੰਦੇ ਹੁੰਦੇ, ਉਦੋਂ ਇਹ ਦੋਸਤ ਹੀ ਤਾਂ ਹੁੰਦੇ ਐ ਸਾਡੇ ਦੁੱਖਾਂ-ਸੁੱਖਾਂ ਦੇ ਸਾਂਝੀ, ਔਖੀ ਘੜੀ 'ਚ ਇਹੀ ਢਾਲ ਬਣਦੇ ਹਨ । ਮੇਰੇ ਖਿਆਲ 'ਚ ਮਾਂ ਦੀ ਹੱਲਾਸ਼ੇਰੀ ਤੋਂ ਬਾਅਦ ਦੋਸਤਾਂ ਦਾ ਸਾਥ ਹੀ ਹੈ, ਜੋ ਅਸੰਭਵ ਨੂੰ ਸੰਭਵ ਬਣਾ ਦਿੰਦੈ । ਬਹੁਤ ਸਾਰੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਮੈਂ ਵੀ ਆਪਣੀ ਦੋਸਤ ਦੇ ਪ੍ਰਤਾਪ ਕਰਕੇ ਹੀ ਰੇਸ ਵਿੱਚੋਂ ਪਹਿਲੇ ਦਰਜੇ ਦਾ ਇਨਾਮ ਪ੍ਰਾਪਤ ਕਰਨ ਦੀ ਖੁਸ਼ੀ ਮਾਣ ਸਕੀ ਹਾਂ। ਜਦੋਂ ਅੱਜ ਵੀ ਉਹ ਰੇਸ ਲਗਾਉਣ ਵਾਲੀ ਘਟਨਾ ਯਾਦ ਆਉਂਦੀ ਐ ਤਾਂ ਝਰਨਾਹਟ ਜਿਹੀ ਛਿੜ ਜਾਂਦੀ ਐ।

ਗੱਲ ਮਈ 1993 ਦੀ ਹੈ। ਸਾਡੇ ਨਰਸਿੰਗ ਸਕੂਲ ਵਿੱਚ ਨਰਸਿਜ਼ ਡੇਅ (ਫਲੋਰੈਂਸ ਨਾਈਟਿੰਗੇਲ ਦਾ ਜਨਮ ਦਿਨ) ਨੂੰ ਮੁੱਖ ਰੱਖ ਕੇ ਨਰਸਿਜ਼ ਵੀਕ ਮਨਾਇਆ ਜਾ ਰਿਹਾ ਸੀ, ਜਿਸ ਤਹਿਤ ਵੱਖ-ਵੱਖ ਮੁਕਾਬਲਿਆਂ ਦੇ ਨਾਲ ਖੇਡਾਂ ਦਾ ਮੁਕਾਬਲਾ ਵੀ ਹੋਣਾ ਸੀ। ਮੇਰੀ ਸਹੇਲੀ ਤਿੰਨ ਟੰਗੀ ਦੌੜ ਵਿੱਚ ਆਵਦੇ ਨਾਂਅ ਨਾਲ ਮੇਰਾ ਨਾਂਅ ਵੀ ਲਿਖਵਾ ਆਈ, ਪਰ ਜਦੋਂ ਉਹਨੇ ਆ ਕੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਆਵਦੀ ਅਸਮਰੱਥਾ ਜ਼ਾਹਿਰ ਕੀਤੀ ਕਿ "ਮੈਨੂੰ ਤਾਂ ਰੇਸ ਤੋਂ ਬਹੁਤ ਡਰ ਲੱਗਦੈ, ਮੈਂ ਤਾਂ ਤੈਨੂੰ ਵੀ ਲੈ ਬੈਠੂੰ, ਪੂਰਾ ਫੋਬੀਆ ਐ ਮੈਨੂੰ ਰੇਸ ਤੋਂ, ਜਦੋਂ ਰੇਸ ਲਈ ਸਿਗਨਲ ਦਿੰਦੇ ਐ, ਮੈਂ ਤਾਂ ਉਦੋਂ ਅੱਗੇ ਨੂੰ ਇਕ ਕਦਮ ਵੀ ਨਹੀਂ ਪੁੱਟ ਸਕਦੀ, ਸਗੋਂ ਦਿਲ ਕਰਦਾ ਹੁੰਦਾ ਹੈ ਕਿ ਪਿੱਛੇ ਨੂੰ ਭੱਜ ਲਵਾਂ। ਮੇਰੀ ਤਾਂ ਦਸਵੀਂ ਦੇ ਪੇਪਰਾਂ 'ਚ ਵੀ ਸਰੀਰਕ ਸਿੱਖਿਆ ਦੇ ਪ੍ਰੈਕਟੀਕਲ ਵੇਲੇ ਰੇਸ ਲਾਉਂਦਿਆਂ ਛਾਲ ਲੱਗ ਗਈ ਸੀ।" ਪਰ ਉਹਨੇ ਤਾਂ ਮੇਰੀ ਇੱਕ ਨਾ ਸੁਣੀ, ਸਗੋਂ ਕਹੇ, "ਬੱਸ ਰਹਿਣ ਦੇ, ਰਹਿਣ ਦੇ, ਚੱਲ ਹੁਣ ਤੇਰਾ ਫੋਬੀਆ ਹੀ ਕੱਢਣੈ।" ਜਦੋਂ ਮੈਂ ਨਾਂਅ ਰਜਿਸਟਰ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਆਵਦਾ ਨਾਂਅ ਕੱਟਣ ਲਈ ਕਹਾਂ ਤਾਂ ਉਹ ਕਹੇ, "ਮੇਰਾ ਵੀ ਕੱਟ ਦਿਓ, ਮੈਂ ਵੀ ਨਹੀਂ ਲੱਗਣਾ ਫੇਰ।"

ਉਹਦੇ ਨਾਂਅ ਕੱਟਣ ਵਾਲੀ ਗੱਲ ਮੈਨੂੰ ਨਾ ਜਚੇ ਬਈ ਮੇਰੇ ਕਰਕੇ ਉਹ ਵੀ ਰਹਿ ਜਾਵੇ, ਕਿਉਂਕਿ ਉਹ ਖੇਡਾਂ ਵਿੱਚ ਬਹੁਤ ਤੇਜ਼ ਸੀ।

ਚਲੋ ਜੀ, ਖੈਰ! ਆਖੀਰ ਉਹ ਰੇਸ ਲਗਾਉਣ ਵਾਲਾ ਦਿਨ ਆ ਹੀ ਗਿਆ। ਅਸੀਂ ਗਰਾਊਂਡ 'ਚ ਪਹੁੰਚ ਗਈਆਂ, ਸਾਰੀਆਂ ਪੂਰੇ ਰੌਂਅ 'ਚ ਜਿਵੇਂ ਅਕਸਰ ਇਹੋ ਜਿਹੇ ਮੌਕੇ ਹੁੰਦੈ। ਮੈਂ ਵੀ ਉੱਪਰੋਂ-ਉੱਪਰੋਂ ਉਤਸ਼ਾਹ ਜਿਹਾ ਦਿਖਾਉਣ ਦੀ ਪੂਰੀ ਕੋਸ਼ਿਸ਼ ਕਰਾਂ। ਅਸੀਂ ਕੱਪੜੇ ਨਾਲ ਲੱਤਾਂ ਬੰਨ੍ਹ ਲਈਆਂ ਤੇ ਰੇਸ ਲਗਾਉਣ ਲਈ ਤਿਆਰ-ਬਰ-ਤਿਆਰ ਹੋ ਕੇ ਖੜ੍ਹ ਗਈਆਂ, ਪਰ ਰੇਸ ਸ਼ੁਰੂ ਹੋਣ ਵੇਲੇ ਜਿਧਰੋਂ ਰੁਮਾਲ ਦਾ ਇਸ਼ਾਰਾ ਹੋਣਾ ਸੀ, ਮੈਂ ਇਕ ਵਾਰ ਵੀ ਉਧਰ ਝਾਕਣ ਦਾ ਤਹੱਈਆ ਨਾ ਕੀਤਾ। ਇਉਂ ਸਮਝੋ ਕਿ ਅੱਖਾਂ ਬੰਦ ਕਰਕੇ ਹੀ ਖੜ੍ਹੇ ਹੋਣ ਵਾਲਾ ਹਿਸਾਬ ਸੀ । ਬੱਸ ਫਿਰ ਕਦੋਂ ਇਸ਼ਾਰਾ ਹੋਇਆ ਕਦੋਂ ਨਾ, ਮੈਨੂੰ ਕੁੱਝ ਨਹੀਂ ਪਤਾ, ਪਰ ਜਦੋਂ ਉਹਨੇ ਭੱਜਣ ਲਈ ਕਦਮ ਪੁੱਟਿਆ ਤਾਂ ਮੈਂ ਉਹਦੇ ਕਦਮ ਨਾਲ ਕਦਮ ਮਿਲਾ ਕੇ ਭੱਜਣਾ ਸ਼ੁਰੂ ਕਰ ਦਿੱਤਾ ਅਤੇ ਹੈਰਾਨੀ ਦੀ ਗੱਲ ਇਹ ਕਿ ਸਾਡੀ ਜੋੜੀ ਪਹਿਲਾ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਹੋ ਗਈ। ਉਦੋਂ ਹੀ ਮੇਰੀ ਸਹੇਲੀ ਜੱਫੀ ਪਾਉਂਦਿਆਂ ਕਹਿਣ ਲੱਗੀ "ਕਿਉਂ ? ਦੇਖਿਆ! ਐਵੇਂ ਡਰੀ ਜਾਂਦੀ ਸੀ।"

ਸੱਚ-ਮੁੱਚ ਉਦੋਂ ਮੈਂ ਅਸੰਭਵ ਨੂੰ ਸੰਭਵ ਹੁੰਦਿਆਂ ਅੱਖੀਂ ਤੱਕਿਆ, ਕਿਉਂਕਿ ਹੋਰ ਖੇਤਰਾਂ 'ਚੋਂ ਤਾਂ ਮੈਨੂੰ ਬਥੇਰੇ ਇਨਾਮ ਮਿਲੇ ਐ, ਪਰ ਮੈਨੂੰ ਖੇਡਾਂ 'ਚੋਂ ਕਦੇ ਇਨਾਮ ਨਹੀਂ ਸੀ ਮਿਲਿਆ, ਨਾ ਹੀ ਸ਼ਾਇਦ ਕਦੇ ਮਿਲਣ ਦੀ ਉਮੀਦ ਸੀ।

ਇਸੇ ਤਰ੍ਹਾਂ ਮੇਰੀ ਉਹ ਸਹੇਲੀ ਪੜ੍ਹਾਈ ਵਿੱਚ ਭਾਵੇਂ ਚੰਗੀ ਸੀ, ਪਰ ਜਦੋਂ ਵਾਰੀ ਜ਼ੁਬਾਨੀ ਪੇਪਰ ਦੀ ਆਉਂਦੀ ਤਾਂ ਉਹਦੀ ਹਾਲਤ ਦੇਖਣ ਵਾਲੀ ਹੁੰਦੀ। ਉਹਨੇ ਬੱਸ ਵਾਰ-ਵਾਰ ਇਹੀ ਰਟ ਲਾਈ ਰੱਖਣੀ ਕਿ "ਮੈਨੂੰ ਕੁੱਝ ਨ੍ਹੀ ਆਉਂਦਾ, ਮੈਨੂੰ ਕੁੱਝ 'ਨਹੀਂ ਆਉਂਦਾ, ਬੱਸ ਮੈਂ ਤਾਂ ਅੰਦਰ ਜਾਣ ਸਾਰ ਮੈਡਮ ਨੂੰ ਕਹਿ ਦੇਣਾ, ਮੈਡਮ ਜੀ ਮੈਨੂੰ ਕੁੱਝ 'ਨਹੀਂ ਆਉਂਦਾ।" ਮੈਂ ਬਥੇਰੀ ਕੋਸ਼ਿਸ਼ ਕਰਦੀ ਉਹਦਾ ਧਿਆਨ ਇਧਰ-ਉਧਰ ਲਾਉਣ ਦੀ, ਉਹਦੀ ਘਬਰਾਹਟ ਦੂਰ ਕਰਨ ਦੀ ਅਤੇ ਕਈ ਵਾਰੀ ਤਾਂ ਘੁਰਕੀ ਵੀ ਦਿੰਦੀ ਕਿ ਤੂੰ ਬਾਹਰ ਨਿਕਲੀ ਸਹੀਂ, ਇਹ ਕਹਿ ਕੇ, ਕਿ ਮੈਨੂੰ ਕੁੱਝ ਨ੍ਹੀ ਆਉਂਦਾ, ਫਿਰ ਦੇਖੀਂ ਤੇਰੇ ਨਾਲ ਕੀ ਹੁੰਦੀ ਐ, ਪਰ ਜਿੰਨੀ ਦੇਰ ਉਹਦੀ ਵਾਰੀ ਨਾ ਆਉਂਦੀ ਬੱਸ ਸਾਡੀ ਇਹੀ ਕਸਮਕਸ ਚੱਲਦੀ ਰਹਿੰਦੀ। ਪਰ ਫਿਰ ਜਦੋਂ ਜ਼ੁਬਾਨੀ ਪੇਪਰ ਦੇ ਕੇ ਬਾਹਰ ਆਉਂਦੀ ਤਾਂ ਵਾਛਾਂ ਖਿੜੀਆਂ ਹੁੰਦੀਆਂ ਤੇ ਕਹਿੰਦੇ ਹੀ ਆਉਣਾ, "ਤੂੰ ਬਚਾ ਲਿਆ, ਤੂੰ ਬਚਾ ਲਿਆ।"

ਸੱਚਮੁੱਚ ਦੋਸਤ ਇੱਕ-ਦੂਜੇ ਦੇ ਪੂਰਕ ਹੁੰਦੇ ਐ। ਸਹੀ ਮਾਅਨਿਆਂ 'ਚ ਸੱਚੇ ਦੋਸਤ ਉਹੀ ਹੁੰਦੇ ਐ, ਜੋ ਸਾਡੀਆਂ ਘਾਟਾਂ ਕਮਜ਼ੋਰੀਆਂ ਨੂੰ ਸਮਝਦੇ ਐ ਅਤੇ ਉਹਨਾਂ ਨੂੰ ਦੂਰ ਕਰਨ ਲਈ ਆਵਦੀ ਪੂਰੀ ਵਾਹ ਲਾਉਂਦੇ ਐ, ਸਾਨੂੰ ਨਿਪੁੰਨ ਬਣਾਉਣ 'ਚ ਸਿਰਤੋੜ ਕੋਸ਼ਿਸ਼ਾਂ ਕਰਦੇ ਐ, ਨਾ ਕਿ ਉਹ ਜੋ ਸਿਰਫ ਸਾਡੀ ਹਾਂ ਵਿੱਚ ਹਾਂ ਹੀ ਮਿਲਾਉਂਦੇ ਐ , ਭਾਵੇਂ ਅਸੀਂ ਗਲਤ ਹੀ ਕਿਉਂ ਨਾ ਹੋਈਏ ।

ਅਸੀਂ ਅੱਜਕੱਲ੍ਹ ਦੇ ਨੌਜਵਾਨਾਂ ਨੂੰ ਦੇਖ ਹੀ ਰਹੇ ਹਾਂ ਕਿ ਕਿਵੇਂ ਇੱਕ-ਦੂਜੇ ਦੀਆਂ ਗਲਤ ਆਦਤਾਂ ਨੂੰ ਸਹਿ ਦੇ-ਦੇ ਕੇ, ਲੁੱਟਾਂ ਖੋਹਾਂ, ਨਸ਼ੇ, ਲੱਚਰ ਸੱਭਿਆਚਾਰ, ਗੈਂਗਵਾਰ ਵਰਗੀਆਂ ਅਲਾਮਤਾਂ ਦਾ ਸ਼ਿਕਾਰ ਹੋ ਕੇ ਰਹਿ ਗਏ ਹਾਂ। ਨੌਜੁਆਨਾਂ ਨੂੰ ਇੱਕ ਗੱਲ ਹਮੇਸ਼ਾ ਪੱਲੇ ਬੰਨ੍ਹ ਲੈਣੀ ਚਾਹੀਦੀ ਐ ਕਿ ਅਸਲੀ ਦੋਸਤ ਉਹ ਨਹੀਂ, ਜੋ ਤੁਹਾਨੂੰ ਮੋਟਰ ਸਾਈਕਲ 'ਤੇ ਗੇੜੀਆਂ ਲਵਾਉਂਦੈ, ਤੁਹਾਡੇ ਲਈ ਨਸ਼ੇ ਦਾ ਪ੍ਰਬੰਧ ਕਰਦੈ, ਲੱਚਰ ਸੱਭਿਆਚਾਰ 'ਚ ਤੁਹਾਨੂੰ ਗਲਤਾਨ ਰੱਖਦੈ, ਸਗੋਂ ਅਸਲੀ ਤੇ ਸੱਚਾ ਮਿੱਤਰ ਉਹ ਹੈ, ਜੋ ਤੁਹਾਨੂੰ ਇਸ ਚਿੱਕੜ 'ਚੋਂ ਬਾਹਰ ਕੱਢਣਾ ਚਾਹੁੰਦੈ, ਤੁਹਾਡੀ ਜ਼ਿੰਦਗੀ ਵਧੀਆ ਬਣਾਉਣ ਦੀ ਕੋਸ਼ਿਸ਼ ਕਰਦੈ। ਸਾਨੂੰ ਹਮੇਸ਼ਾ ਚੰਗੇ ਦੋਸਤ ਬਣਾਉਣ ਦੀ ਉਹਨਾਂ ਦਾ ਸਾਥ ਮਾਨਣ ਦੀ ਖੁਦ ਸੱਚੇ ਮਿੱਤਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਐ। ਇਹ ਗੱਲ ਹਮੇਸ਼ਾ ਚੇਤੇ ਰੱਖੀਏ ਕਿ, "ਜੇ ਮਿਲੂ ਚੰਗੇ ਦੋਸਤਾਂ ਦਾ ਸਹਾਰਾ ਤਾਂ ਹੋ ਜਾਊ ਪਾਰ ਉਤਾਰਾ, ਜੇ ਸੰਗਤ ਮਾੜੀ ਵਿੱਚ ਪੈਗੇ, ਤਾਂ ਸੁਪਨੇ ਧਰੇ ਧਰਾਏ ਰਹਿਗੇ।"

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਸਿਸਟਮ ਨੇ ਸਾਡੀ ਜੁਆਨੀ ਦਾ ਘਾਣ ਕਰਕੇ ਰੱਖ ਦਿੱਤੈ, ਪਰ ਫਿਰ ਵੀ ਨੌਜੁਆਨ ਇਸ ਨੂੰ ਸਮਝਣ, ਆਪਣੇ ਆਪ ਨੂੰ ਪਛਾਣਨ ਆਪਣੇ 'ਤੇ ਭਰੋਸਾ ਕਰਨ ਲੱਗਣ,ਖਰੇ ਖੋਟੇ ਦੀ ਪਹਿਚਾਣ ਕਰਦੇ ਹੋਏ ਸਮਾਜ 'ਚ ਆਪਣਾ ਬਣਦਾ ਰੋਲ ਨਿਭਾਉਣ, ਆਵਦੀ ਹੋਣੀ ਨੂੰ ਬਦਲਣ,ਆਵਦੀ ਹੋਂਦ ਨੂੰ ਬਚਾਉਣ, ਸਮਾਜ 'ਚ ਸਿਰ ਉੱਚਾ ਕਰਕੇ ਜਿਊਣ ਲਈ, ਸਿਰ ਜੋੜਨ ਲੱਗਣ, ਕਾਮਯਾਬੀ ਜ਼ਰੂਰ ਉਹਨਾਂ ਦੇ ਕਦਮ ਚੁੰਮੇਗੀ, ਫਿਰ ਮਾਪਿਆਂ ਨੂੰ ਪੁੱਤਾਂ-ਧੀਆਂ ਦੀ ਚਿੰਤਾ ਨਹੀਂ, ਸਗੋਂ ਉਹਨਾਂ 'ਤੇ ਬਹੁਤ ਮਾਣ ਹੋਵੇਗਾ ਅਤੇ ਸਾਡੇ ਸਮਾਜ ਦਾ ਚਿਹਰਾ-ਮੋਹਰਾ ਹੀ ਬਦਲਿਆ ਹੋਵੇਗਾ।

 # ਸੰਪਰਕ : 94630-23100

ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ?

ਸੁਖਪਾਲ ਸਿੰਘ ਢਿੱਲੋਂ

ਆਈ ਸੀ ਡੀ ਐੱਸ ਸਕੀਮ ਤਹਿਤ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਿਚ ਸੂਬੇ ਦੇ 23 ਜ਼ਿਲ੍ਹਿਆਂ ਵਿਚ ਚੱਲ ਰਹੇ ਕਰੀਬ 27 ਹਜ਼ਾਰ ਆਂਗਣਵਾੜੀ ਸੈਂਟਰਾਂ ਵਿਚ ਕੰਮ ਕਰ ਰਹੀਆਂ ਲੱਗਭੱਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅੱਖੋਂ-ਪਰੋਖੇ ਕਰਕੇ ਉਹਨਾਂ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ ਤੇ ਉਹਨਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਵੀ ਵਿਸਾਰਿਆ ਜਾ ਰਿਹਾ ਹੈ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਹਮੇਸ਼ਾ ਹੀ ਸੰਘਰਸ਼ਾਂ ਦੇ ਰਾਹ 'ਤੇ ਤੁਰਨਾ ਪੈਂਦਾ ਹੈ । ਉਹ ਆਪਣੀਆਂ ਮੰਗਾਂ ਖਾਤਰ ਗਰਮੀਆਂ ਦੀਆਂ ਤਿੱਖੜ ਦੁਪਹਿਰਾਂ ਅਤੇ ਸਿਆਲ ਦੇ ਠੰਢੇ ਦਿਨਾਂ ਵਿਚ ਵੀ ਸੜਕਾਂ 'ਤੇ ਧਰਨੇ-ਪ੍ਰਦਰਸ਼ਨ ਕਰਦੀਆਂ ਰਹੀਆਂ ਹਨ ਤੇ ਕਰ ਰਹੀਆਂ ਹਨ । ਸੰਘਰਸ਼ ਕਰ ਰਹੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਜੇਲ੍ਹਾਂ ਥਾਣਿਆਂ ਵਿਚ ਵੀ ਜਾਣਾ ਪਿਆ ਹੈ ਤੇ ਪੁਲਸ ਦੀਆਂ ਡਾਂਗਾਂ ਵੀ ਖਾਣੀਆਂ ਪਈਆਂ ਹਨ, ਪਰ ਇਸ ਦੇ ਬਾਵਜੂਦ ਪਿਛਲੇ 48 ਸਾਲਾਂ ਤੋਂ ਆਂਗਣਵਾੜੀ ਸੈਂਟਰਾਂ ਵਿਚ ਕੰਮ ਕਰ ਰਹੀਆਂ ਇਹਨਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ ਅਤੇ ਬਹੁਤ ਘੱਟ ਮਾਣ-ਭੱਤਾ ਦੇ ਕੇ ਉਹਨਾਂ ਕੋਲੋਂ ਕਈ ਹੋਰ ਸਰਕਾਰੀ ਵਿਭਾਗਾਂ ਦਾ ਕੰਮ ਕਰਵਾਇਆ ਜਾ ਰਿਹਾ ਹੈ, ਪਰ ਉਹਨਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ । ਹਾਲਾਤ ਇਹ ਬਣੇ ਹੋਏ ਹਨ ਕਿ ਸੂਬੇ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਆਪਣੀਆਂ ਤਨਖਾਹਾਂ ਲੈਣ ਲਈ ਵੀ ਧਰਨੇ, ਪ੍ਰਦਰਸ਼ਨ ਕਰਨੇ ਪੈ ਰਹੇ ਹਨ, ਕਿਉਂਕਿ ਕਈ-ਕਈ ਮਹੀਨੇ ਤਨਖਾਹਾਂ ਨਹੀਂ ਮਿਲਦੀਆਂ । ਇਸ ਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਆਪਣੇ ਖੂਨ ਨਾਲ ਮੰਗ ਪੱਤਰ ਲਿਖ ਕੇ ਵੀ ਸਰਕਾਰਾਂ ਨੂੰ ਭੇਜਦੀਆਂ ਰਹੀਆਂ ਹਨ ।

ਮੰਗਾਂ :-

1. ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿਚ ਭੇਜਿਆ ਜਾਵੇ ਅਤੇ ਆਂਗਣਵਾੜੀ ਵਰਕਰ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ । ਜਦੋਂ ਤੱਕ ਇਹ ਲਾਗੂ ਨਹੀਂ ਹੁੰਦਾ, ਉਦੋਂ ਤੱਕ ਵਰਕਰਾਂ ਤੇ ਹੈਲਪਰਾਂ ਦਾ ਮਾਣ-ਭੱਤਾ ਦੁੱਗਣਾ ਕੀਤਾ ਜਾਵੇ ।

2. ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇ 4 ਸਾਲਾਂ ਤੋਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ, ਕਿਉਂਕਿ ਵਰਕਰਾਂ ਤੇ ਹੈਲਪਰਾਂ ਤੋਂ ਬਿਨਾਂ ਆਂਗਣਵਾੜੀ ਸੈਂਟਰਾਂ ਨੂੰ ਚਲਾਉਣ ਵਿੱਚ ਭਾਰੀ ਦਿੱਕਤਾਂ ਆ ਰਹੀਆਂ ਹਨ । ਨਿਗੂਣੇ ਮਾਣ-ਭੱਤੇ ਵਿਚੋਂ ਪੱਲਿਉਂ ਪੈਸੇ ਖਰਚ ਕੇ ਕੰਮ ਚਲਾ ਰਹੀਆਂ ਹਨ ।

3. ਐਨ ਜੀ ਓ ਅਧੀਨ ਕੰਮ ਕਰਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਮੁੱਖ ਵਿਭਾਗ ਅਧੀਨ ਲਿਆਂਦਾ ਜਾਵੇ ।

4- ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਉਤਸ਼ਾਹ-ਵਰਧਕ ਰਾਸ਼ੀ ਕ੍ਰਮਵਾਰ ਵਰਕਰ ਤੇ ਹੈਲਪਰ ਨੂੰ 500 ਰੁਪਏ ਤੇ 250 ਰੁਪਏ ਦਿੱਤੇ ਜਾਣ । ਮਹੀਨੇ ਵਿੱਚ ਪੋਸ਼ਣ ਅਭਿਆਨ ਦੇ ਤਹਿਤ ਦੋ ਪ੍ਰੋਗਰਾਮ ਕੀਤੇ ਜਾਂਦੇ ਹਨ, ਜਿਨ੍ਹਾਂ ਲਈ ਖਰਚਾ ਪ੍ਰਤੀ ਮਹੀਨਾ 500 ਰੁਪਏ ਦਾ ਬੱਜਟ ਸਰਕਾਰ ਵੱਲੋਂ ਵਰਕਰਾਂ ਨੂੰ ਦੇਣ ਲਈ ਉਪਲੱਬਧ ਹੈ, ਪ੍ਰੰਤੂ ਪਿਛਲੇ ਚਾਰ ਸਾਲਾਂ ਤੋਂ ਇਹ ਪੈਸੇ ਨਹੀਂ ਦਿੱਤੇ ਜਾ ਰਹੇ।

5. ਸਰਕਲ ਮੀਟਿੰਗ ਦਾ ਕਿਰਾਇਆ 200 ਰੁਪਏ ਦਿੱਤਾ ਜਾਵੇ ।

6. ਪੀ ਐੱਮ ਵੀ ਵਾਈ ਦੇ 2017 ਤੋਂ ਪੈਂਡਿੰਗ ਪਏ ਪੈਸੇ ਰਿਲੀਜ਼ ਕੀਤੇ ਜਾਣ ।

7. ਮਿੰਨੀ ਆਂਗਣਵਾੜੀ ਵਰਕਰ ਨੂੰ ਪੂਰੀ ਆਂਗਣਵਾੜੀ ਵਰਕਰ ਦਾ ਦਰਜਾ ਦਿੱਤਾ ਜਾਵੇ ਅਤੇ ਮਿੰਨੀ ਵਰਕਰ ਨੂੰ ਪੂਰੇ ਵਰਕਰ ਦੀ ਤਰ੍ਹਾਂ ਆਈ ਡੀ ਦਿੱਤੀ ਜਾਵੇ, ਕਿਉਂਕਿ ਜੋ ਉਹ ਕੰਮ ਕਰਦੀ ਹੈ, ਆਈ ਡੀ ਤੋਂ ਬਿਨਾਂ ਕਰਦੀ ਹੈ, ਜਿਸ ਕਰਕੇ ਉਸ ਦੇ ਕੰਮ ਦੀ ਕੋਈ ਗਿਣਤੀ ਨਹੀਂ ਹੁੰਦੀ, ਜਿਵੇਂ ਪ੍ਰਧਾਨ ਮੰਤਰੀ ਮਾਤਰਤਵ ਵੰਦਨਾ ਯੋਜਨਾ ਦੇ ਕੰਮ ਦੇ ਪੈਸੇ ਉਸ ਨੂੰ ਨਹੀਂ ਮਿਲਣਗੇ, ਬੇਸ਼ੱਕ ਉਸ ਨੇ ਇਹ ਫਾਰਮ ਭਰ ਕੇ ਦਫਤਰ ਜਮ੍ਹਾਂ ਕਰਾਏ ਹਨ ਪ੍ਰੰਤੂ ਆਈ ਡੀ ਤੋਂ ਬਿਨਾਂ ਉਨ੍ਹਾਂ ਦਾ ਇਹ ਕੰਮ ਕਿਸੇ ਗਿਣਤੀ ਵਿੱਚ ਨਹੀਂ ।

8. ਆਂਗਣਵਾੜੀ ਸੈਂਟਰਾਂ ਦਾ ਰਾਸ਼ਨ ਠੇਕੇਦਾਰੀ ਸਿਸਟਮ ਰਾਹੀਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ 'ਤੇ ਤੁਰੰਤ ਰੋਕ ਲਗਾਈ ਜਾਵੇ ਅਤੇ ਰਾਸ਼ਨ ਬਣਾਉਣ ਲਈ ਦਿੱਤੇ ਜਾਂਦੇ ਪੈਸੇ ਪ੍ਰਤੀ ਲਾਭਪਾਤਰੀ 40 ਪੈਸੇ ਦੀ ਥਾਂ ਦੋ ਰੁਪਏ ਦਿੱਤੇ ਜਾਣ, ਕਿਉਂਕਿ ਗੈਸ ਸਿਲੰਡਰ ਦੇ ਭਾਅ ਅਸਮਾਨੀ ਚੜ੍ਹ ਗਏ ਹਨ ।

9. ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ ।

10. ਹਜ਼ਾਰਾਂ ਆਂਗਣਵਾੜੀ ਸੈਂਟਰਾਂ ਵਿੱਚ ਮੁੱਢਲੀਆਂ ਲੋੜੀਂਦੀਆਂ ਚੀਜ਼ਾਂ ਜਿਵੇਂ ਗੈਸ ਸਿਲੰਡਰ, ਬਰਤਨ, ਦਰੀਆਂ, ਫਰਨੀਚਰ, ਕੰਟੇਨਰ ਆਦਿ ਨਹੀਂ ਹਨ, ਇਹਨਾਂ ਚੀਜ਼ਾਂ ਨੂੰ ਮੁਹੱਈਆ ਕਰਵਾਇਆ ਜਾਵੇ ।

11. ਪੰਜਾਬ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਰਜਿਸਟਰ ਅਤੇ ਹੋਰ ਲੋੜੀਂਦੇ ਕਾਗਜ਼ ਪੱਤਰ ਨਹੀਂ ਦਿੱਤੇ ਜਾ ਰਹੇ ਅਤੇ ਨਾ ਹੀ ਸੈਂਟਰਾਂ ਦੀ ਸਾਫ-ਸਫਾਈ ਕਰਨ ਲਈ ਕੋਈ ਸਾਮਾਨ ਦਿੱਤਾ ਜਾ ਰਿਹਾ, ਜਦੋਂ ਕਿ ਇਸ ਦੇ ਪ੍ਰਬੰਧ ਲਈ ਬਕਾਇਦਾ ਪੰਜ ਹਜ਼ਾਰ ਰੁਪਏ ਪ੍ਰਤੀ ਆਂਗਣਵਾੜੀ ਸੈਂਟਰ ਬਜਟ ਹੁੰਦਾ ਹੈ । ਇਹ ਪੈਸਾ ਆਂਗਣਵਾੜੀ ਵਰਕਰਾਂ ਦੇ ਖਾਤੇ ਵਿੱਚ ਪਾਇਆ ਜਾਵੇ, ਤਾਂ ਕਿ ਉਹ ਸਾਰਾ ਸਾਮਾਨ ਆਪ ਖਰੀਦ ਸਕਣ ।

12. ਵਾਧੂ ਚਾਰਜ ਦਾ ਕੰਮ ਕਰਦੀ ਵਰਕਰ ਨੂੰ ਮਹੀਨੇ ਦੇ ਸਿਰਫ 50 ਰੁਪਏ ਹੀ ਦਿੱਤੇ ਜਾਂਦੇ ਹਨ । ਸਾਡੀ ਮੰਗ ਹੈ ਕਿ ਘੱਟੋ-ਘੱਟ ਪੰਜ ਹਜ਼ਾਰ ਰੁਪਏ ਮਹੀਨਾ ਹੋਣਾ ਚਾਹੀਦਾ ਹੈ ।

13. ਆਂਗਣਵਾੜੀ ਸੈਂਟਰਾਂ ਵਿੱਚ ਦਿੱਤਾ ਜਾ ਰਿਹਾ ਰਾਸ਼ਨ ਬਣਾਉਣ ਲਈ ਜੋ ਮੀਨੂ ਦਿੱਤਾ ਗਿਆ ਹੈ, ਉਸ ਮੁਤਾਬਿਕ ਖਾਣਾ 6 ਵਾਰ ਪਕਾਉਣਾ ਪੈ ਰਿਹਾ ਹੈ (ਗਰਭਵਤੀ ਅਤੇ ਦੁੱਧ ਪਿਲਾਓ ਔਰਤਾਂ ਨੂੰ ਦਿਨ ਵਿਚ ਦੋ ਵਾਰ, 6 ਮਹੀਨਿਆਂ ਤੋਂ ਦੋ ਸਾਲ ਦੇ ਬੱਚਿਆਂ ਨੂੰ ਦਿਨ ਵਿਚ ਦੋ ਵਾਰ, 3 ਤੋਂ 6 ਸਾਲ ਦੇ ਬੱਚਿਆਂ ਨੂੰ ਦਿਨ ਵਿਚ ਦੋ ਵਾਰ)। ਜੇਕਰ ਅਸੀਂ 3 ਤੋਂ 6 ਸਾਲ ਦੇ ਬੱਚੇ ਨੂੰ ਰਾਸ਼ਨ ਘਰੇ ਦੇ ਦੇਈਏ ਤਾਂ ਵੀ ਬਾਕੀ ਖਾਣਾ 4 ਵਾਰ ਸੈਂਟਰ ਵਿਚ ਪਕਾਉਣਾ ਪੈਂਦਾ ਹੈ, ਜਿਸ ਨੂੰ ਪਕਾਉਣ ਲਈ ਨਾ ਤਾਂ ਆਂਗਣਵਾੜੀ ਸੈਂਟਰਾਂ ਵਿੱਚ ਪੂਰੇ ਬਰਤਨ ਹਨ ਤੇ ਏਨੇ ਵਾਰ ਖਾਣਾ ਬਣਾਉਣ ਲਈ ਇਕ ਮਹੀਨੇ ਵਿਚ ਇਕ ਸਿਲੰਡਰ ਖਤਮ ਹੋ ਜਾਂਦਾ ਹੈ । ਜਿਸ ਦੀ ਕੀਮਤ ਇਸ ਸਮੇਂ 1150 ਰੁਪਏ ਹੈ । ਵਿਭਾਗ ਵਲੋਂ ਕੇਵਲ ਦੋ ਸਿਲੰਡਰਾਂ ਦੇ ਪੈਸੇ ਹੀ ਦਿੱਤੇ ਜਾਂਦੇ ਹਨ । ਪਹਿਲਾਂ ਦੀ ਤਰ੍ਹਾਂ ਦਲੀਆ, ਖੀਰ, ਪੰਜੀਰੀ, ਖੰਡ, ਘਿਉ, ਸੁੱਕਾ ਦੁੱਧ ਵਾਲਾ ਰਾਸ਼ਨ ਮੁਹੱਈਆ ਕਰਵਾਇਆ ਜਾਵੇ, ਜਿਸ ਨੂੰ ਬਣਾਉਣਾ ਵੀ ਅਸਾਨ ਹੈ ਤੇ ਬੱਚੇ ਵੀ ਖੁਸ਼ ਹੋ ਕੇ ਖਾਂਦੇ ਹਨ । ਖਾਣੇ 'ਤੇ ਵਾਰ-ਵਾਰ ਤਜਰਬੇ ਕਰਨੇ ਬੰਦ ਕੀਤੇ ਜਾਣ । ਮੁੱਖ ਵਿਭਾਗ ਵੱਲੋਂ ਪੱਤਰ ਜਾਰੀ ਕਰਕੇ ਸਾਰੇ ਸੀ ਡੀ ਪੀ ਓ ਖਾਣਾ ਪਕਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ, ਕਿਉਂਕਿ ਕੋਵਿਡ ਦੌਰਾਨ ਆਂਗਣਵਾੜੀ ਸੈਂਟਰਾਂ ਵਿੱਚ ਖਾਣਾ ਬਣਾਉਣਾ ਬੰਦ ਕਰ ਦਿੱਤਾ ਗਿਆ ਸੀ । ਹੁਣ ਕਈ ਬਲਾਕਾਂ ਵਿੱਚ ਖਾਣਾ ਪੱਕ ਰਿਹਾ ਹੈ ਤੇ ਕਈ ਨਹੀਂ ਪਕਾ ਰਹੇ । ਤਿੰਨ ਜ਼ਿਲ੍ਹਿਆਂ ਫਾਜ਼ਿਲਕਾ, ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਦਾ ਖਾਣਾ ਜੋ ਐਨ ਜੀ ਓ ਨੂੰ ਠੇਕੇ 'ਤੇ ਦਿੱਤਾ ਗਿਆ ਹੈ, ਉਹ ਬੰਦ ਕੀਤਾ ਜਾਵੇ ।

14. ਵਿਧਵਾ ਅਤੇ ਅਪਾਹਜ ਹੈਲਪਰਾਂ ਦੀ ਪੈਨਸ਼ਨ ਸਿਰਫ 100 ਰੁਪਏ ਮਾਣ-ਭੱਤਾ ਵੱਧ ਹੋਣ ਕਰਕੇ ਕੱਟੀ ਜਾ ਰਹੀ ਹੈ । ਹੈਲਪਰਾਂ ਨੂੰ ਛੋਟ ਦੇ ਕੇ ਪੈਨਸ਼ਨ ਚਾਲੂ ਰੱਖੀ ਜਾਵੇ, ਕਿਉਂਕਿ ਉਹ ਬਹੁਤ ਗਰੀਬ ਅਤੇ ਲੋੜਵੰਦ ਹਨ ।

15. ਆਂਗਣਵਾੜੀ ਸੈਂਟਰਾਂ ਦਾ ਕਿਰਾਇਆ ਹਰ ਮਹੀਨੇ ਸਮੇਂ ਸਿਰ ਦਿੱਤਾ ਜਾਵੇ । ਇਹ ਕਿਰਾਇਆ ਮਿਊਂਸਪਲ ਖੇਤਰ ਲਈ ਘੱਟੋ-ਘੱਟ 1500 ਰੁਪਏ ਮਹੀਨੇ ਦਾ ਹੋਣਾ ਚਾਹੀਦਾ ਹੈ। ਬੇਸ਼ਕ ਸਰਕਾਰੀ ਰੇਟ ਮੁਤਾਬਕ ਕਿਰਾਇਆ ਤਿੰਨ ਹਜ਼ਾਰ ਰੁਪਏ ਹੈ, ਪ੍ਰੰਤੂ ਬਹੁਤੀਆਂ ਵਰਕਰਾਂ ਕੋਲੋਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ, ਜਿਸ ਕਰਕੇ ਉਹਨਾਂ ਨੂੰ ਕਿਰਾਇਆ 750 ਰੁਪਏ ਹੀ ਦਿੱਤਾ ਜਾਂਦਾ ਹੈ । ਜਦੋਂ ਕਿ ਕਿਸੇ ਵੀ ਸ਼ਹਿਰ ਵਿਚ ਕਮਰਾ ਐਨੇ ਘੱਟ ਪੈਸਿਆਂ ਵਿੱਚ ਨਹੀਂ ਮਿਲਦਾ । ਇਹ ਕਿਰਾਇਆ 1500 ਰੁਪਏ ਦਿੱਤਾ ਜਾਵੇ । ਬਠਿੰਡਾ ਮਿਊਂਸਪਲ ਕਾਰਪੋਰੇਸ਼ਨ ਦੇ ਅਧੀਨ ਹੈ । ਇਥੇ ਆਂਗਣਵਾੜੀ ਸੈਂਟਰਾਂ ਦਾ ਕਿਰਾਇਆ ਸਰਕਾਰੀ ਰੇਟ ਮੁਤਾਬਕ 5 ਹਜ਼ਾਰ ਰੁਪਏ ਮਹੀਨਾ ਹੈ । ਵਿਭਾਗ ਵੱਲੋਂ ਇਹਨਾਂ ਨੂੰ ਵੀ 750 ਰੁਪਏ ਮਹੀਨੇ ਦੇ ਦਿੱਤੇ ਜਾ ਰਹੇ ਹਨ, ਜਦੋਂ ਕਿ ਬਠਿੰਡਾ ਵਿੱਚ ਕੋਈ ਵੀ ਕਮਰਾ ਇਸ ਰੇਟ ਵਿਚ ਨਹੀਂ ਮਿਲਦਾ । ਨਵਾਂ ਸ਼ਹਿਰ ਬਲਾਕ ਦਾ ਪਿਛਲੇ 5 ਸਾਲਾਂ ਦਾ ਆਂਗਣਵਾੜੀ ਸੈਂਟਰਾਂ ਦਾ ਕਿਰਾਇਆ ਨਹੀਂ ਮਿਲਿਆ, ਜਿਸ ਕਰਕੇ ਇਕ-ਇਕ ਵਰਕਰਾਂ ਆਪਣੇ ਪੱਲਿਉਂ ਲੱਖ-ਲੱਖ ਰੁਪਈਆ ਲਗਾਈ ਬੈਠੀਆਂ ਹਨ । ਇਹਨਾਂ ਨੂੰ ਤੁਰੰਤ ਪੈਸੇ ਦਿੱਤੇ ਜਾਣ । ਬਾਕੀ ਸਾਰੇ ਪੰਜਾਬ ਵਿੱਚ ਵੀ ਆਂਗਣਵਾੜੀ ਸੈਂਟਰਾਂ ਦਾ ਰਹਿੰਦਾ ਬਕਾਇਆ ਤੁਰੰਤ ਰਿਲੀਜ਼ ਕੀਤਾ ਜਾਵੇ ।

16. ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸੇਵਾ-ਮੁਕਤੀ ਸਮੇਂ ਇਕ ਲੱਖ ਅਤੇ 50 ਹਜ਼ਾਰ ਰੁਪਏ ਦੀ ਥਾਂ 'ਤੇ 3 ਲੱਖ ਅਤੇ ਡੇਢ ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇ ।

ਦੇਸ਼ ਭਰ ਦੀਆਂ 28 ਲੱਖ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਦਿੱਤਾ ਜਾਵੇ ਆਂਗਣਵਾੜੀ ਇੰਪਲਾਈਜ਼ ਫੈਡਰੇਸ਼ਨ ਆਫ ਇੰਡੀਆ ਨੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਆਈ ਸੀ ਡੀ ਐੱਸ ਸਕੀਮ ਅਧੀਨ ਦੇਸ਼ ਭਰ ਵਿਚ ਕੰਮ ਕਰਦੀਆਂ 28 ਲੱਖ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਦਾ ਦਰਜਾ ਦਿੱਤਾ ਜਾਵੇ । ਫੈਡਰੇਸ਼ਨ ਦੇ ਕੌਮੀ ਪ੍ਰਧਾਨ ਨੇ ਕਿਹਾ ਕਿ 2 ਅਕਤੂਬਰ 1975 ਨੂੰ ਆਂਗਣਵਾੜੀ ਸੈਂਟਰ ਖੋਲ੍ਹੇ ਗਏ ਸਨ ਤੇ ਇਸ ਸਕੀਮ ਵਿਚ ਇਸ ਵੇਲੇ 14 ਲੱਖ ਆਂਗਣਵਾੜੀ ਸੈਂਟਰਾਂ ਵਿਚ 28 ਲੱਖ ਵਰਕਰਾਂ ਤੇ ਹੈਲਪਰਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਨੂੰ ਕੰਮ ਕਰਦਿਆਂ 48 ਸਾਲ ਬੀਤ ਚੁੱਕੇ ਹਨ, ਪਰ ਐਨਾ ਸਮਾਂ ਬੀਤ ਜਾਣ ਦੇ ਬਾਵਜੂਦ ਵਰਕਰਾਂ ਤੇ ਹੈਲਪਰਾਂ ਨੂੰ ਪੱਕਾ ਨਹੀਂ ਕੀਤਾ ਗਿਆ ਤੇ ਨਾ ਹੀ ਘੱਟੋ-ਘੱਟ ਉਜਰਤਾਂ ਨੂੰ ਲਾਗੂ ਕੀਤਾ ਗਿਆ ਹੈ, ਨਾ ਹੀ ਗੁਜ਼ਾਰੇਯੋਗ ਸਨਮਾਨਜਨਕ ਭੱਤਾ ਦਿੱਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੇਵਲ 4500 ਰੁਪਏ ਵਰਕਰ ਨੂੰ ਅਤੇ 2250 ਰੁਪਏ ਹੈਲਪਰ ਨੂੰ ਦਿੱਤੇ ਜਾ ਰਹੇ ਹਨ । ਇਸ ਵਿਚ ਵੀ ਕੇਂਦਰ ਸਰਕਾਰ ਕੇਵਲ 60 ਫੀਸਦੀ ਹਿੱਸਾ ਹੀ ਪਾ ਰਹੀ ਹੈ, ਜਦੋਂ ਕਿ ਬਾਕੀ 40 ਫੀਸਦੀ ਹਿੱਸਾ ਸੂਬਾ ਸਰਕਾਰਾਂ ਤੋਂ ਪਵਾਇਆ ਜਾ ਰਿਹਾ ਹੈ । ਆਂਗਣਵਾੜੀ ਵਰਕਰਾਂ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦੇ ਕੇ ਸਰਕਾਰੀ ਮੁਲਾਜ਼ਮ ਘੋਸ਼ਿਤ ਕੀਤਾ ਜਾਵੇ । ਹੈਲਪਰ ਨੂੰ ਚੌਥੇ ਦਰਜੇ ਦੇ ਮੁਲਾਜ਼ਮ ਦਾ ਦਰਜਾ ਦਿੱਤਾ ਜਾਵੇ । ਜਿੰਨੀ ਦੇਰ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਜਾਂਦਾ, ਓਨੀ ਦੇਰ ਘੱਟ-ਘੱਟ ਉਜਰਤਾਂ ਨੂੰ ਲਾਗੂ ਕੀਤਾ ਜਾਵੇ । ਵਰਕਰਾਂ ਨੂੰ 28258 ਰੁਪਏ ਅਤੇ ਹੈਲਪਰਾਂ ਨੂੰ 25560 ਰੁਪਏ ਭੱਤਾ ਦਿੱਤਾ ਜਾਵੇ ।

ਕੀ ਕਹਿਣਾ ਹੈ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦਾ : ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਮੰਤਰੀ ਡਾਕਟਰ ਬਲਜੀਤ ਕੌਰ ਨੇ ਕੁਝ ਦਿਨ ਪਹਿਲਾਂ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀਆਂ ਆਗੂਆਂ ਨਾਲ ਮੀਟਿੰਗ ਕਰਕੇ ਇਹ ਭਰੋਸਾ ਦਿੱਤਾ ਹੈ ਤੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ ਬੱਚਿਆਂ ਨੂੰ ਵਾਪਸ ਸੈਂਟਰਾਂ ਵਿੱਚ ਲਿਆਉਣ ਲਈ ਉਹ ਨੋਟੀਫਿਕੇਸ਼ਨ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਕਰਨਗੇ । ਉਹਨਾਂ ਕਿਹਾ ਕਿ ਬੱਚੇ ਸੈਂਟਰਾਂ ਵਿੱਚ ਹੀ ਰਹਿਣਗੇ ਅਤੇ ਸਕੂਲਾਂ ਵਾਲੇ ਉਥੇ ਆ ਕੇ ਉਹਨਾਂ ਨੂੰ ਪੜ੍ਹਾਉਣ । ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ-ਭੱਤਾ ਦੁੱਗਣਾ ਕਰਨ ਬਾਰੇ ਉਹਨਾਂ ਕਿਹਾ ਕਿ ਉਹ ਇਸ ਸੰਬੰਧੀ ਫਾਈਲ ਬਣਾ ਕੇ ਮੁੱਖ ਮੰਤਰੀ ਨੂੰ ਭੇਜਣਗੇ । ਐਨ ਜੀ ਓ ਅਧੀਨ ਚੱਲ ਰਹੇ ਬਲਾਕਾਂ ਬਾਰੇ ਉਹਨਾਂ ਕਿਹਾ ਕਿ 8 ਬਲਾਕਾਂ ਵਿੱਚੋਂ ਪੰਜ ਬਲਾਕ ਵਾਪਸ ਕਰ ਲਏ ਗਏ ਹਨ, ਜਦੋਂ ਕਿ ਬਾਲ ਭਲਾਈ ਕੌਂਸਲ ਅਧੀਨ ਚੱਲ ਰਹੇ ਬਲਾਕਾਂ ਨੂੰ ਵੀ ਜਲਦੀ ਮਰਜ਼ ਕਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਜਦੋਂ ਤੱਕ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਨਹੀਂ ਦਿੰਦੀ, ਉਦੋਂ ਤੱਕ ਵਰਕਰਾਂ ਨੂੰ ਮੋਬਾਈਲ ਦਾ ਰੀਚਾਰਜ ਭੱਤਾ ਤੇ ਕੰਮ ਕਰਨ ਦਾ 500 ਰੁਪਈਆ ਦਿੱਤਾ ਜਾਵੇਗਾ । ਇਸ ਤੋਂ ਇਲਾਵਾ ਪਿਛਲੀ ਸਰਕਾਰ ਵੱਲੋਂ 18 ਮਹੀਨਿਆਂ ਦੇ ਕੱਟੇ ਹੋਏ ਪੈਸੇ ਵੀ ਅਗਲੇ ਹਫਤੇ ਦੇ ਦਿੱਤੇ ਜਾਣਗੇ ਤੇ ਇਸ ਲਈ 33 ਕਰੋੜ ਰੁਪਏ ਜਾਰੀ ਹੋ ਚੁੱਕੇ ਹਨ । ਤਨਖਾਹਾਂ ਸਮੇਂ ਸਿਰ ਹੀ ਦਿੱਤੀਆਂ ਜਾਣਗੀਆਂ । ਇਸ ਵਾਰ ਦਾ ਪੰਜਾਬ ਸਰਕਾਰ ਦਾ ਬੱਜਟ ਆ ਚੁੱਕਾ ਹੈ ਤੇ ਕੇਂਦਰ ਸਰਕਾਰ ਦਾ ਆਉਣ ਵਾਲਾ ਹੈ । ਗਰਮੀਆਂ ਦੀਆਂ ਛੁੱਟੀਆਂ ਆਂਗਣਵਾੜੀ ਸੈਂਟਰਾਂ ਵਿੱਚ ਇਕ ਮਹੀਨੇ ਦੀਆਂ ਕਰਨ ਲਈ ਵੀ ਉਹਨਾ ਸਹਿਮਤੀ ਦਿੱਤੀ। ਮਿੰਨੀ ਆਂਗਣਵਾੜੀ ਵਰਕਰਾਂ ਨੂੰ ਪੂਰੀ ਵਰਕਰ ਬਣਾਉਣ ਲਈ ਵੀ ਉਹਨਾ ਕਿਹਾ ਕਿ ਜਲਦ ਹੀ ਮਿੰਨੀ ਆਂਗਣਵਾੜੀ ਵਰਕਰਾਂ ਨੂੰ ਪੂਰੀ ਵਰਕਰ ਬਣਾ ਦਿੱਤਾ ਜਾਵੇਗਾ ।

 # ਸੰਪਰਕ : 98152-88208

26-MAY-PAGE-5.qxd 5/25/2023 10:59 PM Page 1

ਮਜ਼ਦੂਰ ਮੁਕਤੀ ਮੋਰਚਾ ਵੱਲੋਂ ਏ ਡੀ ਸੀ ਦਫਤਰ ਅੱਗੇ ਪੱਕਾ ਮੋਰਚਾ ਸਮਾਪਤ

ਅਹਿਮ ਮੰਗਾਂ ਦੀ ਪ੍ਰਾਪਤੀ ਤੋਂ ਬਾਅਦ ਕੱਢਿਆ ਮਾਰਚ ਤੇ ਕੀਤੀ ਜੇਤੂ ਰੈਲੀ, ਸਮਾਜਕ ਏਕਤਾ ਖੜੀ ਕਰਨ ਦਾ ਕੀਤਾ ਐਲਾਨ

ਮਾਨਸਾ (ਆਤਮਾ ਸਿੰਘ ਪਮਾਰ)-ਮਜ਼ਦੂਰ ਮੁਕਤੀ ਮੋਰਚੇ ਦੇ ਚੱਲ ਰਹੇ ਪੱਕੇ ਧਰਨੇ ਦੇ 300ਵੇਂ ਦਿਨ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਬੰਧਤ ਮਸਲਿਆਂ ਦੇ ਹੱਲ ਹੋਣ ਬਾਅਦ ਅੱਜ ਮੋਰਚਾ ਸਥਾਨ 'ਤੇ ਮਜ਼ਦੂਰ ਏਕਤਾ ਜੇਤੂ ਰੈਲੀ ਕਰਕੇ ਆਗੂਆਂ ਵੱਲੋਂ ਪੱਕਾ ਮੋਰਚਾ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਸਮੇਂ ਕੇਂਦਰ ਦੀ ਮੋਦੀ ਤੇ ਪੰਜਾਬ ਦੀ ਮਾਨ ਸਰਕਾਰ ਵਿਰਧ ਦਲਿਤਾਂ ਮਜ਼ਦੂਰਾਂ ਦੀ ਸਮਾਜਿਕ ਏਕਤਾ ਲਹਿਰ ਖੜੀ ਕਰਕੇ ਸੰਘਰਸ਼ ਉਲੀਕਣ ਦਾ ਐਲਾਨ ਵੀ ਕੀਤਾ। ਇਸ ਸਮੇਂ ਜੇਤੂ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓਂ, ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਮਾਨਸਾ ਦੇ ਮਜ਼ਦੂਰਾਂ ਨੇ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਪੱਕਾ ਮੋਰਚਾ ਲਾ ਕੇ ਜਿੱਥੇ ਅਫਸਰਸ਼ਾਹੀ ਵੱਲੋਂ ਰੋਕਿਆ ਗਿਆ ਨਰਮੇ ਦੀ ਮਾਰ ਦਾ ਕਰੋੜਾਂ ਰੁਪਿਆ ਕਢਵਾ ਕੇ 3152 ਰੁਪਏ ਜ਼ਿਲ੍ਹੇ ਦੇ ਖੇਤ ਮਜ਼ਦੂਰਾਂ ਦੇ ਖਾਤੇ ਪਵਾਇਆ, ਉਥੇ ਨਾਲ ਹੀ 1072 ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪਾਸ ਹੋਏ ਘਰਾਂ ਦੀ ਮੁਰੰਮਤ ਦਾ ਪ੍ਰਤੀ ਪਰਿਵਾਰ ਡੇਢ ਲੱਖ ਰੁਪਇਆ ਵੀ ਲਾਭਪਾਤਰੀਆਂ ਦੇ ਖਾਤੇ ਵਿੱਚ ਪਵਾਉਣ ਸਮੇਤ ਮਨਰੇਗਾ ਮਜ਼ਦੂਰਾਂ ਨੂੰ ਮਿਲਦੀ ਨਿਗੁਣੀ ਦਿਹਾੜੀ ਤੋਂ ਵਧਾ ਕੇ 300 ਰੁਪਇਆ ਦਿਵਾਉਣਾ ਆਦਿ ਪੱਕੇ ਮੋਰਚੇ ਦੀਆਂ ਵੱਡੀਆਂ ਪ੍ਰਾਪਤੀਆਂ ਕਹੀਆਂ ਜਾ ਸਕਦੀਆਂ ਹਨ। ਦਸ ਮਹੀਨੇ ਚੱਲੇ ਮਜ਼ਦੂਰ ਪੱਕੇ ਮੋਰਚੇ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਆਗੂਆਂ ਸਮੇਤ ਪਿੰਡਾਂ ਦੀਆਂ ਸਾਰੀਆਂ ਇਕਾਈਆਂ ਦੇ ਮਜ਼ਦੂਰ ਆਗੂਆਂ ਦਾ ਵੀ ਆਗੂ ਟੀਮ ਵੱਲੋਂ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਮੋਰਚੇ ਦੇ ਸ਼ੁਰੂਆਤੀ ਦੌਰ ਤੋਂ ਸਮਾਪਤੀ ਤੱਕ ਮਾਨਸਾ ਜ਼ਿਲ੍ਹੇ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਵੱਲੋਂ ਸੰਘਰਸ਼ ਦੀ ਕੀਤੀ ਗਈ ਕਵਰੇਜ ਲਈ ਵੀ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦਸ ਮਹੀਨੇ ਜ਼ਿਲ੍ਹਾ ਪੱਧਰੀ ਮੋਰਚਾ ਲਾ ਕੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਬੰਧਤ ਮੰਗਾਂ ਦੀ ਪ੍ਰਾਪਤੀ ਕੀਤੀ ਹੈ ਇਸੇ ਤਰਜ਼ 'ਤੇ ਹੀ ਪੰਜਾਬ ਦੀ ਮਾਨ ਸਰਕਾਰ ਖਿਲਾਫ ਕਿਰਤੀ ਸਮਾਜ ਦੀ ਵੱਡੀ ਲਹਿਰ ਖੜੀ ਕਰਕੇ ਸਰਕਾਰ ਨੂੰ ਟੱਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਨਰੇਗਾ ਸਮੇਤ ਹਰ ਮਜ਼ਦੂਰ ਦੀ ਦਿਹਾੜੀ 700 ਰੁਪਿਆ ਕਰਵਾਉਣ ਦਲਿਤਾਂ ਗਰੀਬ ਔਰਤਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮਾਫ ਕਰਵਾਉਣ, ਨਸ਼ਾ ਮੁਕਤੀ, ਹਰ ਇੱਕ ਲਈ ਮੁਫਤ ਤੇ ਬਰਾਬਰ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਗਾਰੰਟੀ ਲਈ ਤੇ ਚੋਣ ਵਾਅਦੇ ਮੁਤਾਬਿਕ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1000 ਰੁਪਏ ਜਾਰੀ ਕਰਵਾਉਣ, ਪੇਂਡੂ ਤੇ ਸ਼ਹਿਰੀ ਬੇਜ਼ਮੀਨੇ ਗਰੀਬਾਂ ਲਈ ਰਿਹਾਇਸ਼ੀ ਪਲਾਟ ਪ੍ਰਾਪਤੀ ਲਈ ਰਾਜ ਅੰਦਰ ਦਲਿਤ ਮਜ਼ਦੂਰਾਂ ਕਿਰਤੀ ਸਾਮਜ ਏਕਤਾ ਉਸਾਰੋਂ ਮੁਹਿੰਮ ਚਲਾਈ ਜਾਵੇਗੀ। ਅੱਜ ਦੇ ਇਸ ਇਕੱਠ ਵਿੱਚ ਡਿਪਟੀ ਕਮਿਸ਼ਨਰ ਮਾਨਸਾ ਟੀ ਬੈਨਿਥ ਨੇ ਆ ਕੇ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਮਨਰੇਗਾ ਸਮੇਤ ਪੇਂਡੂ ਵਿਕਾਸ ਨਾਲ ਸੰਬੰਧਤ ਮਸਲਿਆਂ ਦੇ ਉੱਤੇ ਕਿਸੇ ਵੀ ਕਿਸਮ ਦੀ ਮੁਸ਼ਕਲ ਨਹੀਂ ਆਉਣ ਨਹੀਂ ਦਿੱਤੀ ਜਾਵੇਗੀ ਤੇ ਕਿਸੇ ਵੀ ਪਿੰਡ ਅੰਦਰ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਘੱਟ ਨਹੀਂ ਪੈਣ ਦਿੱਤੀ ਜਾਵੇਗੀ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪਾਸ ਹੋਏ ਘਰਾਂ ਦੀਆਂ ਰਹਿੰਦੀਆਂ ਕਿਸ਼ਤਾਂ ਵੀ ਜਲਦ ਜਾਰੀ ਕਰ ਦਿੱਤੀਆਂ ਜਾਣਗੀਆਂ। ਇਸ ਸਮੇਂ ਸਰਕਾਰ ਨੂੰ ਘੇਰਨ ਲਈ 7 ਜੂਨ ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿੱਚ ਸੰਗਰੂਰ ਪਹੁੰਚਣ ਦਾ ਸੱਦਾ ਵੀ ਆਗੂਆਂ ਵੱਲੋਂ ਦਿੱਤਾ ਗਿਆ। ਇਸ ਸਮੇਂ ਏ ਡੀ ਸੀ ਵਿਕਾਸ ਦਫਤਰ ਤੋਂ ਲੈ ਕੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਤੱਕ ਮਾਰਚ ਵੀ ਕੀਤਾ। ਇਸ ਸਮੇਂ ਜ਼ਿਲ੍ਹਾ ਆਗੂ ਸੁਖਵਿੰਦਰ ਸਿੰਘ ਬੋਹਾ, ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਭੋਲਾ ਸਿੰਘ ਝੱਬਰ, ਜਰਨੈਲ ਸਿੰਘ ਮਾਨਸਾ, ਕੁਲਵੰਤ ਸਿੰਘ ਦਾਤੇਵਾਸ, ਬਾਜ ਸਿੰਘ ਰੰਗੜਿਆਲ, ਗੁਲਾਬ ਖੀਵਾ, ਕਾਲਾ ਸਿੰਘ ਉੱਭਾ, ਕਰਨੈਲ ਸਿੰਘ ਬੀਰੋਕੇ, ਮੇਲਾ ਸਿੰਘ ਹੀਰੋ, ਮੇਲਾ ਸਿੰਘ ਕੈਂਚੀਆਂ ਆਦਿ ਸ਼ਾਮਲ ਸਨ।

ਕਿਸਾਨਾਂ ਵੱਲੋਂ ਐਕਸੀਅਨ ਦਫਤਰ ਵਿਖੇ ਧਰਨਾ ਤੇ ਨਾਅਰੇਬਾਜ਼ੀ

ਮਾਨਸਾ (ਆਤਮਾ ਸਿੰਘ ਪਮਾਰ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਪਿੰਡ ਮੂਸਾ ਦੇ ਕਿਸਾਨਾਂ ਵੱਲੋਂ ਬਿਜਲੀ ਐਕਸੀਅਨ ਦਫਤਰ ਵਿਖੇ ਧਰਨਾ ਲਗਾ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਤੇ ਜਗਸੀਰ ਸਿੰਘ ਜਵਾਹਰਕੇ ਨੇ ਕਿਹਾ ਕਿ ਪਿੰਡ ਮੂਸਾ ਵਿਖੇ ਬਿਜਲੀ ਮਹਿਕਮੇ ਵੱਲੋਂ ਮੈਨਲੈਂਸ ਗਰਿੱਡ ਲਾਇਆ ਹੋਇਆ ਹੈ, ਜਿਸ 'ਤੇ ਕਿਸੇ ਵੀ ਮੁਲਾਜ਼ਮ ਦੀ ਡਿਊਟੀ ਨਹੀਂ ਹੁੰਦੀ। ਲੋਡ ਵੱਧ ਹੋਣ ਕਾਰਨ ਤੇ ਮੁਲਾਜ਼ਮ ਦੇ ਨਾ ਹੋਣ ਕਾਰਨ ਗਰਿੱਡ ਛੇ ਮਹੀਨੇ ਪਹਿਲਾਂ ਸੜ ਗਿਆ ਸੀ। ਮਹਿਕਮੇ ਵੱਲੋਂ ਪਿੰਡ ਦੀ ਸਪਲਾਈ ਮਾਨਸਾ ਤੇ ਰਾਏਪੁਰ ਗਰਿੱਡਾਂ ਤੋਂ ਚਾਲੂ ਕਰ ਦਿੱਤੀ ਗਈ, ਜਿਸ ਦੀ ਵੋਲਟੇਜ ਬਹੁਤ ਘੱਟ ਰਹਿੰਦੀ ਹੈ। ਗਰਿੱਡ ਚਾਲੂ ਕਰਵਾਉਣ ਲਈ ਜਥੇਬੰਦੀ ਵੱਲੋਂ ਤਿੰਨ ਮਹੀਨੇ ਤੋਂ ਦਫਤਰਾਂ ਦੇ ਗੇੜੇ ਲਗਾਏ ਜਾ ਰਹੇ ਹਨ, ਪਰ ਕੋਈ ਸੁਣਵਾਈ ਨਹੀਂ ਹੋਈ, ਜਿਸ ਦੇ ਰੋਸ ਵਜੋਂ ਅੱਜ ਧਰਨਾ ਲਗਾਉਣਾ ਪਿਆ। ਧਰਨਾਕਾਰੀਆਂ ਨੂੰ ਸ਼ਾਂਤ ਕਰਦੇ ਹੋਏ ਐਕਸੀਅਨ ਮਾਨਸਾ ਨੇ ਧਰਨੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਵਿਸ਼ਵਾਸ ਦਿਵਾਇਆ ਕਿ 31 ਮਈ ਤੋਂ ਪਹਿਲਾਂ ਗਰਿੱਡ ਚਾਲੂ ਕਰ ਦਿੱਤਾ ਜਾਵੇਗਾ ਤੇ ਇੱਕ ਮੁਲਾਜ਼ਮ ਦੀ ਡਿਊਟੀ ਪੱਕੇ ਤੌਰ 'ਤੇ ਗਰਿੱਡ ਵਿਖੇ ਲਗਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਨਾਲ ਗੱਲ ਹੋਈ ਹੈ ਕਿ ਮੈਨਲੈਂਸ ਗਰਿੱਡ ਤੋਂ ਆਮ ਗਰਿੱਡ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ, ਬਹੁਤ ਜਲਦੀ ਮੁਲਾਜ਼ਮਾਂ ਦੀ ਡਿਊਟੀ ਵਾਲਾ ਗਰਿੱਡ ਬਣ ਜਾਵੇਗਾ। ਇਸ ਤੋਂ ਬਾਅਦ ਧਰਨਾ ਚੁੱਕ ਲਿਆ ਗਿਆ। ਇਸ ਮੌਕੇ ਭਾਨ ਸਿੰਘ ਬਰਨਾਲਾ, ਜਗਰਾਜ ਸਿੰਘ ਮਾਨਸਾ, ਮਹਿੰਦਰ ਸਿੰਘ ਖੜਕ ਸਿੰਘ ਵਾਲਾ, ਸੁਰਜੀਤ ਸਿੰਘ ਕੋਟ ਲੱਲੂ, ਲਾਭ ਸਿੰਘ ਖੋਖਰ, ਗੁਰਦੀਪ ਸਿੰਘ ਖੋਖਰ, ਸੁਖਦੇਵ ਸਿੰਘ ਬੁਰਜ ਹਰੀ ਆਦਿ ਕਿਸਾਨ ਆਗੂਆਂ ਵੱਲੋਂ ਧਰਨੇ ਨੂੰ ਸੰਬੋਧਨ ਕੀਤਾ ਗਿਆ।

ਭੁੱਟੀਵਾਲਾ 'ਚ ਸੀਵਰੇਜ ਬੰਦ ਹੋਣ ਕਾਰਨ ਲੋਕਾਂ ਦਾ ਜੀਣਾ ਦੁੱਭਰ ਹੋਇਆ

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ 'ਚ ਪਿੰਡ ਵਾਸੀਆਂ ਵੱਲੋਂ ਮੁੜ ਧਰਨਾ ਸ਼ੁਰੂ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਪਿੰਡ ਭੁੱਟੀ ਵਾਲਾ ਵਿੱਚ ਸੀਵਰੇਜ ਬੰਦ ਹੋਣ ਕਾਰਨ ਗੰਦੇ ਪਾਣੀ ਨੇ ਮਜ਼ਦੂਰਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਪਿੰਡ ਖਿੜਕੀਆਂ ਵਾਲੀ ਸੜਕ ਵੀ ਗੰਦੇ ਪਾਣੀ ਨਾਲ ਭਰੀ ਹੋਣ ਕਾਰਨ ਲੋਕਾਂ ਲਈ ਲੰਘਣਾ ਮੁਸ਼ਕਲ ਹੋਇਆ ਪਿਆ ਹੈ। ਸੱਤ ਮਹੀਨਿਆਂ ਵਿੱਚ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲਣ ਬਾਅਦ ਵੀ ਜਦੋਂ ਹੱਲ ਨਾ ਹੋਇਆ ਤਾਂ ਮਜ਼ਦੂਰਾਂ ਨੇ ਪਿਛਲੇ ਦਿਨਾਂ ਵਿੱਚ ਦਿਨ-ਰਾਤ ਦਾ ਧਰਨਾ ਲਾ ਦਿੱਤਾ ਤੇ ਦੂਜੇ ਦਿਨ ਪੰਚਾਇਤ ਸੈਕਟਰੀ ਤੇ ਜੇ ਈ ਨੇ ਧਰਨੇ ਵਿੱਚ ਆ ਕੇ ਸੋਮਵਾਰ ਨੂੰ ਮਜ਼ਦੂਰ ਕਲੋਨੀ ਵਾਲਾ ਸੀਵਰੇਜ ਮਸ਼ੀਨ ਨਾਲ ਸਾਫ ਕਰਵਾਉਣ, ਗਲੀ ਦੇ ਦੋਵੇਂ ਪਾਸੇ ਨਾਲੀਆਂ ਬਣਾਉਣਾ ਸ਼ੁਰੂ ਕਰਕੇ ਗਲੀ ਦਾ ਮਟੀਰੀਅਲ ਲਿਆ ਕੇ ਗਲੀ ਬਣਾਉਣ ਤੇ ਖਿੜਕੀਆਂ ਵਾਲਾ ਪਿੰਡ ਵਾਲੀ ਮੇਨ ਸੜਕ ਉੱਚੀ ਕਰਕੇ ਬਣਾਉਣ ਜਾਂ ਇੰਟਰਲਾਗ ਟਾਇਲਾਂ ਲਾਉਣ ਦੀ ਮੰਗ ਮੰਨ ਕੇ ਧਰਨਾ ਸਮਾਪਤ ਕਰਵਾਇਆ ਸੀ, ਪਰ ਸੋਮਵਾਰ ਨੂੰ ਕੋਈ ਵੀ ਕੰਮ ਸ਼ੁਰੂ ਨਹੀਂ ਕੀਤਾ ਗਿਆ । ਬੀ ਡੀ ਓ ਦਫਤਰ ਦੇ ਅਧਿਕਾਰੀਆਂ ਨੂੰ ਪੁੱਛਿਆ ਗਿਆ ਤਾਂ ਬਹਾਨਾਂ ਬਣਾਇਆ ਜਾ ਰਿਹਾ ਹੈ ਕਿ ਪੰਚਾਇਤੀ ਜ਼ਮੀਨ ਦੀ ਬੋਲੀ ਤੁਹਾਡੇ ਵਿਰੋਧ ਕਾਰਨ ਰੁਕ ਗਈ ਹੈ, ਪੰਚਾਇਤ ਕੋਲ ਪੈਸੇ ਨਹੀਂ ਹਨ, ਜਿਸ ਕਾਰਨ ਕੰਮ ਨਹੀਂ ਚੱਲ ਸਕਦਾ ਹੈ। ਮੰਗਾਂ ਲਾਗੂ ਕਰਨ ਤੋਂ ਮੁਕਰਨ ਕਾਰਨ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਨੇ ਮੁੜ ਦਿਨ ਰਾਤ ਦਾ ਧਰਨਾ ਸ਼ੁਰੂ ਕਰ ਦਿੱਤਾ ਹੈ। ਇਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਵੀ ਸ਼ਮੂਲੀਅਤ ਕੀਤੀ ਗਈ। ਧਰਨੇ ਨੂੰ ਸੰਬੋਧਨ ਕਰਦਿਆਂ ਬਾਜ ਸਿੰਘ ਭੁੱਟੀ ਵਾਲਾ ਤੇ ਕਿਸਾਨ ਆਗੂ ਗਿਆਨ ਸਿੰਘ ਨੇ ਕਿਹਾ ਕਿ ਮਸਲੇ ਦੇ ਹੱਲ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਸਮੇਂ ਜਸਮੇਲ ਸਿੰਘ, ਭੋਲਾ ਸਿੰਘ, ਬੂਟਾ ਸਿੰਘ, ਗੁਰਮੇਲ ਸਿੰਘ, ਲਖਵੀਰ ਸਿੰਘ, ਜਸਵੀਰ ਸਿੰਘ, ਮਨਪ੍ਰੀਤ ਕੌਰ, ਸੁਖਜੀਤ ਕੌਰ, ਜਸਵਿੰਦਰ ਕੌਰ, ਜਸਪਾਲ ਕੌਰ, ਕਾਕਾ ਸਿੰਘ, ਹਰਮਨ ਸਿੰਘ, ਬਿੱਕਰ ਸਿੰਘ, ਭੋਲਾ ਸਿੰਘ, ਹਰਮੇਸ਼ ਸਿੰਘ ਆਦਿ ਹਾਜ਼ਰ ਸਨ।

ਕਾਤਰਾਂ

ਸਹਾਇਕ ਸੁਪਰਡੈਂਟ ਇੰਜੀਨੀਅਰ ਖਿਲਾਫ ਧਰਨਾ ਅੱਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੂਨੀਅਰ ਇੰਜੀਨੀਅਰ ਸਰਕਲ ਫਿਰੋਜ਼ਪੁਰ ਦੀ ਕੌਂਸਲ ਦੀ ਮੀਟਿੰਗ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਉਹ ਆਪਣੀਆਂ ਮੰਗਾਂ ਜਿਵੇਂ ਕਿ ਇੰਜੀਨੀਅਰ ਰਮਨਦੀਪ ਜੇ ਈ ਨੂੰ ਆਊਟਲੇਟ ਸਟੋਰ ਸ੍ਰੀ ਮੁਕਤਸਰ ਸਾਹਿਬ ਦਾ ਵਾਧੂ ਚਾਰਜ ਵਾਪਸ ਲੈਣ ਤੇ ਕੇਂਦਰੀ ਭੰਡਾਰ ਫਿਰੋਜ਼ਪੁਰ ਦਾ ਵਾਧੂ ਚਾਰਜ ਵਾਪਸ ਲੈਣ ਵਰਗੀਆਂ ਮੰਗਾਂ ਨੂੰ ਲੈ ਕੇ 26 ਮਈ ਨੂੰ ਸਹਾਇਕ ਨਿਗਰਾਨ ਇੰਜੀਨੀਅਰ ਗੁਰਪ੍ਰਤਾਪ ਸਿੰਘ ਜੇ ਈ ਨੂੰ ਕੇਂਦਰੀ ਭੰਡਾਰ ਫਿਰੋਜ਼ਪੁਰ ਦੇ ਦਫ਼ਤਰ ਸਾਹਮਣੇ ਧਰਨਾ ਦੇਣਗੇ। ਇਸ ਦੌਰਾਨ ਜੇ ਈ ਕੌਂਸਲ ਦੇ ਮੁਖੀ ਇੰਜੀਨੀਅਰ ਰਾਕੇਸ਼ ਪ੍ਰਭਾਕਰ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

ਪਹਿਲਵਾਨਾਂ ਦੇ ਸਮਰਥਨ 'ਚ ਮੋਮਬੱਤੀ ਮਾਰਚ ਅੱਜ

ਧੂਰੀ (ਸੁਖਦੇਵ ਧੂਰੀ)-ਸ਼ਹਿਰ ਦੀਆਂ ਕਈ ਜਨਤਕ ਜਮਹੂਰੀ ਜਥੇਬੰਦੀਆਂ ਨੇ ਅੰਤਰਰਾਸ਼ਟਰੀ ਤਮਗੇ ਜੇਤੂ ਮਹਿਲਾ ਤੇ ਨਾਬਾਲਗ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿੱਚ ਨਾਮਜ਼ਦ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਨ ਤੇ ਉਸ ਨੂੰ ਕੁਸ਼ਤੀ ਨਾਲ ਸੰਬੰਧਤ ਹਰ ਤਰ੍ਹਾਂ ਦੇ ਅਹੁਦਿਆਂ ਤੋਂ ਦੂਰ ਕਰਨ ਲਈ ਦਿੱਲੀ ਦੇ ਜੰਤਰ ਮੰਤਰ ਵਿਖੇ 23 ਅਪ੍ਰੈਲ ਤੋਂ ਮੋਰਚਾ ਲਗਾ ਕੇ ਸੰਘਰਸ਼ ਕਰ ਰਹੀਆਂ ਅੰਤਰਰਾਸ਼ਟਰੀ ਤਮਗੇ ਜੇਤੂ ਮਹਿਲਾ ਪਹਿਲਵਾਨ ਧੀਆਂ ਦੇ ਸੰਘਰਸ਼ ਦੇ ਇੱਕ ਮਹੀਨੇ ਦੇ ਮੌਕੇ 'ਤੇ ਇਕਮੁੱਠਤਾ ਜ਼ਾਹਰ ਕਰਨ ਲਈ ਮੋਮਬੱਤੀ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਇਸ ਸਬੰਧੀ ਸੀਨੀਅਰ ਸਿਟੀਜਨਜ਼ ਵੈੱਲਫੇਅਰ ਐਸੋਸੀਏਸ਼ਨ, ਲੋਕ ਚੇਤਨਾ ਮੰਚ, ਜਮਹੂਰੀ ਅਧਿਕਾਰ ਸਭਾ, ਮਾਲਵਾ ਫਰੈਂਡਜ਼ ਵੈੱਲਫੇਅਰ ਸੋਸਾਇਟੀ (ਪਰਿਵਰਤਨ), ਡੈਮੋਕ੍ਰੇਟਿਕ ਟੀਚਰਜ਼ ਫਰੰਟ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਨੁਮਾਇੰਦਿਆਂ ਦੀ ਹੋਈ ਮੀਟਿੰਗ ਦੌਰਾਨ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਤੇ ਇਨਸਾਫ ਪਸੰਦ ਵਿਅਕਤੀਆਂ ਨੂੰ 26 ਮਈ ਨੂੰ ਠੀਕ ਸ਼ਾਮ 5 ਵਜੇ ਪਾਣੀ ਦੀ ਟੈਂਕੀ ਦੇ ਨੇੜੇ ਨਗਰ ਕੌਂਸਲ ਦੇ ਪਾਰਕ ਵਿੱਚ ਪੁੱਜ ਕੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਪੁਰਜ਼ੋਰ ਅਪੀਲ ਕੀਤੀ ਗਈ।

ਨਤੀਜਾ ਸੌ ਫੀਸਦੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਥਾਨਕ ਨਿਊ ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੁੱਦਕੀ ਦਾ ਬਾਰਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਵਿਦਿਆਰਥਣ ਅੰਜਲੀ ਸ਼ਰਮਾ ਪੁੱਤਰੀ ਜਗਦੀਪ ਸ਼ਰਮਾ ਨੇ 87.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਹਰਮਨਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ ਨੇ 81 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਜਾ ਸਥਾਨ ਤੇ ਨਵਦੀਪ ਸਿੰਘ ਪੁੱਤਰ ਨਛੱਤਰ ਸਿੰਘ ਨੇ 80 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਅੰਜੂ ਬਾਲਾ ਨੇ ਸਮੂਹ ਸਟਾਫ ਤੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਨੂੰ ਹੋਰ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਵਧ ਰਹੀ ਫਿਰਕਾਪ੍ਰਸਤੀ ਭਾਈਚਾਰਕ ਸਾਂਝ, ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਵੱਡਾ ਖਤਰਾ : ਚੌਹਾਨ

ਮਨਰੇਗਾ ਬਜਟ ਕਟੌਤੀ ਵਿਰੋਧੀ 30 ਦੀ ਦਿੱਲੀ ਸੰਕਲਪ ਰੈਲੀ 'ਚ ਵੱਡੀ ਗਿਣਤੀ ਕਿਰਤੀ ਸ਼ਾਮਲ ਹੋਣਗੇ : ਸਮਾਓਂ/ਗੋਬਿੰਦਪੁਰਾ



ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਖੇਤ ਮਜ਼ਦੂਰ ਸਭਾ ਦੇ ਚੋਣਵੇਂ ਆਗੂਆਂ ਦੀ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਕੇਵਲ ਸਿੰਘ ਸਮਾਓਂ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮੌਕੇ 30 ਮਈ ਨੂੰ ਮਨਰੇਗਾ ਬਜਟ ਕਟੌਤੀ ਵਿਰੋਧੀ ਦਿੱਲੀ ਜੰਤਰ ਮੰਤਰ 'ਤੇ ਹੋਣ ਵਾਲੀ ਰੈਲੀ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ। ਮੀਟਿੰਗ ਮੌਕੇ ਸੂਬਾ ਮੀਤ ਪ੍ਰਧਾਨ ਸਾਥੀ ਕ੍ਰਿਸ਼ਨ ਚੌਹਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਰਾਜ ਵਿੱਚ ਦਲਿਤ ਮਜ਼ਦੂਰਾਂ 'ਤੇ ਹੋ ਰਿਹਾ ਅੱਤਿਆਚਾਰ ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਸਮਾਜਿਕ ਅੱਤਿਆਚਾਰ ਕਰਕੇ ਸੰਵਿਧਾਨ ਨੂੰ ਛਿੱਕੇ ਟੰਗਿਆ ਜਾ ਰਿਹਾ। ਵਧ ਰਹੀ ਫਿਰਕਾਪ੍ਰਸਤੀ ਭਾਈਚਾਰਕ ਸਾਂਝ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਵੱਡਾ ਖਤਰਾ ਹੈ, ਜਿਸ ਖਿਲਾਫ ਦੇਸ਼ ਦੀਆਂ ਜਮਹੂਰੀ ਸ਼ਕਤੀਆਂ ਤੇ ਇਨਸਾਫ ਪਸੰਦ ਲੋਕਾਂ ਨੂੰ ਸੰਘਰਸ਼ ਲਈ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਚਾਇਆ ਜਾ ਸਕੇ, ਕਿਉਂਕਿ ਆਰ ਐੱਸ ਐੱਸ ਦੀ ਮਨੂੰਵਾਦੀ ਵਿਚਾਰਧਾਰਾ ਤੇ ਫਿਰਕਾਪ੍ਰਤੀ ਦਾ ਬੁਰਾ ਪ੍ਰਭਾਵ ਪੂਰੇ ਦੇਸ਼ ਵਿੱਚ ਫੈਲ ਰਿਹਾ ਹੈ ਤੇ ਪੰਜਾਬ ਵਿੱਚ ਵੀ ਸਿੱਖ ਬਨਾਮ ਹਿੰਦੂ, ਜੱਟ ਬਨਾਮ ਦਲਿਤ ਤੇ ਹੁਣ ਪੰਜਾਬੀ ਬਨਾਮ ਭਈਏ ਦਾ ਟਕਰਾ ਕਰਵਾ ਕੇ ਭਾਈਚਾਰਕ ਸਾਂਝ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਸਿਆਸੀ ਮੁਫਾਦ ਨੂੰ ਪੂਰਾ ਕਰਨ ਜਾਤੀ ਤੇ ਧਾਰਮਿਕ ਪੱਤਾ ਖੇਡਿਆ ਜਾ ਰਿਹਾ ਹੈ। ਮੀਟਿੰਗ ਮੌਕੇ ਪ੍ਰਧਾਨ ਕੇਵਲ ਸਮਾਓਂ ਤੇ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਦੇ ਦਲਿਤ ਮਜ਼ਦੂਰ ਵਿਰੋਧੀ ਰਵੱਈਏ ਦੀ ਬਜਟ ਸੈਸ਼ਨ ਦੌਰਾਨ ਮਨਰੇਗਾ ਬਜਟ 33 ਪ੍ਰਤੀਸ਼ਤ ਕਟੌਤੀ ਤੋਂ ਸਾਫ ਜ਼ਾਹਰ ਹੋ ਰਿਹਾ ਕਿ ਦਲਿਤਾਂ ਮਜ਼ਦੂਰਾਂ ਪੱਖੀ ਕਾਨੂੰਨ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਚੱਲ ਰਹੀਆ ਹਨ, ਜਿਨ੍ਹਾਂ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਨੂੰ ਸੁਖਦੇਵ ਪੰਧੇਰ, ਜੋਰਾ ਸਿੰਘ ਬੱਛੋਆਣਾ, ਬੰਬੂ ਸਿੰਘ ਫੂਲ, ਹਰਨੇਕ ਮਾਨਸਾ ਖੁਰਦ ਤੇ ਦਲਜੀਤ ਮਾਨਸ਼ਾਹੀਆ ਨੇ ਸੰਬੋਧਨ ਕੀਤਾ।

ਮੁਹਾਰ ਸੋਨਾ ਦੇ ਸਰਕਾਰੀ ਹਾਈ ਸਕੂਲ ਨੂੰ ਪਿੰਡ ਵਾਸੀਆਂ ਜੜਿਆ ਤਾਲਾ

- ਸਕੂਲ ਨੂੰ 12ਵੀਂ ਜਮਾਤ ਤੱਕ ਅੱਪਗ੍ਰੇਡ ਕਰਨ ਦੀ ਮੰਗ
- ਪ੍ਰਦਰਸ਼ਨ 'ਚ ਔਰਤਾਂ ਤੇ ਵਿਦਿਆਰਥੀਆਂ ਨੇ ਵੀ ਕੀਤੀ ਸ਼ਮੂਲੀਅਤ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਸਰਹੱਦੀ ਪਿੰਡ ਮੁਹਾਰ ਸੋਨਾ ਤੇ ਨੇੜਲੇ ਚਾਰ ਪਿੰਡਾਂ ਦੇ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਨੇ 10ਵੀਂ ਜਮਾਤ ਦੇ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਮੰਗ ਨੂੰ ਲੈ ਕੇ ਸਰਕਾਰੀ ਹਾਈ ਸਕੂਲ ਦੇ ਗੇਟ ਨੂੰ ਤਾਲਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਕਸ਼ਮੀਰ ਸਿੰਘ ਸਰਪੰਚ ਪਿੰਡ ਮੁਹਾਰ ਸੋਨਾ, ਅਮਰਜੀਤ ਕੌਰ ਸਰਪੰਚ ਪਿੰਡ ਮੁਹਾਰ ਸੋਨਾ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਆਗੂ ਜਗਦੀਸ਼ ਸਿੰਘ ਮਨਸਾ, ਬਸੀਰ ਸਿੰਘ, ਕਮਲਜੀਤ ਸਿੰਘ ਤੇ ਹੋਰ ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਦੇ ਪਿੰਡ ਦੇ ਸਰਕਾਰੀ ਹਾਈ ਸਕੂਲ ਨੂੰ ਪਿਛਲੀ ਸਰਕਾਰ ਸਮੇਂ ਅੱਪਗ੍ਰੇਡ ਕਰਕੇ 12ਵੀਂ ਜਮਾਤ ਤੱਕ ਕੀਤੀ ਕੀਤਾ ਗਿਆ ਸੀ। ਇਸ ਸਬੰਧੀ ਤਤਕਾਲੀ ਡੀਈਓ ਵੱਲੋਂ ਨੀਂਹ ਪੱਥਰ ਵੀ ਰੱਖਿਆ ਗਿਆ ਸੀ। ਇਸ ਤੋਂ ਇਲਾਵਾ 69 ਵਿਦਿਆਰਥੀਆਂ ਦੇ ਦਾਖਲੇ ਵੀ ਕੀਤੇ ਗਏ। ਇਸ ਤੋਂ ਬਾਅਦ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਇੱਥੇ ਕਲਾਸਾਂ ਸ਼ੁਰੂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਅਤੇ ਨੇੜਲੇ ਪਿੰਡਾਂ ਦੇ 100 ਤੋਂ ਵੱਧ ਬੱਚੇ ਅਗਲੇਰੀ ਪੜ੍ਹਾਈ ਲਈ 15-16 ਕਿਲੋਮੀਟਰ ਦੂਰ ਸ਼ਹਿਰ ਜਾਂਦੇ ਹਨ, ਜਿਸ ਕਾਰਨ ਵਿਦਿਆਰਥੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਪਿੰਡ ਤੋਂ ਸ਼ਹਿਰ ਨੂੰ ਜਾਂਦੇ ਰਸਤੇ ਵਿੱਚ ਕੁਝ ਵਿਦਿਆਰਥੀਆਂ ਨਾਲ ਵੀ ਘਟਨਾਵਾਂ ਵਾਪਰ ਚੁੱਕੀਆਂ ਹਨ। ਇਸੇ ਤਰ੍ਹਾਂ ਕੁਝ ਦਿਨ ਪਹਿਲਾਂ 12ਵੀਂ ਜਮਾਤ ਵਿੱਚ ਪੜ੍ਹਦੀ ਇੱਕ ਵਿਦਿਆਰਥਣ ਨਿਸ਼ਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਫਾਜ਼ਿਲਕਾ ਦੇ ਮੌਜੂਦਾ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਸਮੇਤ ਹੋਰ ਕਈ ਅਧਿਕਾਰੀਆਂ ਨਾਲ ਗੱਲ ਕਰ ਚੁੱਕੇ ਹਨ, ਪਰ ਅਜੇ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਸਿੱਖਿਆ ਤੇ ਸਿਹਤ ਸਹੂਲਤਾਂ ਪਹਿਲ ਦੇ ਆਧਾਰ 'ਤੇ ਦੇਣ ਦੇ ਦਾਅਵੇ ਕਰਦੀ ਰਹੀ ਹੈ। ਸਰਕਾਰ ਵੱਲੋਂ ਦਿੱਤੀਆਂ ਗਈਆਂ ਗਾਰੰਟੀਆਂ ਵਿੱਚ ਸਿੱਖਿਆ ਦੀ ਗਾਰੰਟੀ ਵੀ ਸਾਮਲ ਸੀ, ਪਰ ਸੱਤਾ ਵਿੱਚ ਆਉਣ ਦੇ ਇੱਕ ਸਾਲ ਬਾਅਦ ਵੀ ਉਨ੍ਹਾਂ ਨੂੰ ਸਿੱਖਿਆ ਦੇਣ ਦੀ ਗਾਰੰਟੀ ਸਰਕਾਰ ਵੱਲੋਂ ਪੂਰੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਇੱਥੋਂ ਦੇ ਲੋਕਾਂ ਨੂੰ ਸਰਹੱਦ 'ਤੇ ਰਹਿਣ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਇਸ ਤੋਂ ਇਲਾਵਾ ਇੱਥੇ ਸਿੱਖਿਆ ਵਰਗੀਆਂ ਸਹੂਲਤਾਂ ਨਾ ਦੇ ਕੇ ਉਨ੍ਹਾਂ ਨੂੰ ਹੋਰ ਵੀ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਿੰਡ ਵਿੱਚ ਬਣੇ ਸਕੂਲ ਨੂੰ 12ਵੀਂ ਜਮਾਤ ਤੱਕ ਅੱਪਗ੍ਰੇਡ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਨ੍ਹਾਂ ਦਾ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ।

ਜ਼ਿਲ੍ਹੇ ਦੀ ਨੁਹਾਰ ਬਦਲਣ ਲਈ ਨਵੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ : ਚੇਅਰਮੈਨ ਢਿੱਲਵਾਂ

ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)

ਫਰੀਦਕੋਟ ਜ਼ਿਲ੍ਹੇ ਦੀ ਨੁਹਾਰ ਬਦਲਣ ਲਈ ਡਿਸਟ੍ਰਿਕ ਡਿਵੈਲਪਮੈਂਟ ਪਲਾਨ ਤਿਆਰ ਕਰਨ ਲਈ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ੍. ਸੁਖਜੀਤ ਸਿੰਘ ਢਿੱਲਵਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ. ਰਾਜਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ ਲਖਵਿੰਦਰ ਸਿੰਘ ਰੰਧਾਵਾ, ਐੱਸ.ਡੀ.ਐੱਮ. ਮੈਡਮ ਬਲਜੀਤ ਕੌਰ, ਐੱਸ.ਡੀ.ਐੱਮ. ਜੈਤੋ ਡਾ. ਨਿਰਮਲ ਓਸੇਪਚਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਸੁਖਜੀਤ ਸਿੰਘ ਢਿੱਲਵਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਜਿਹੜੇ ਵੀ ਵਿਕਾਸ ਕਾਰਜਾਂ ਸਬੰਧੀ ਕੰਮ ਚੱਲ ਰਹੇ ਹਨ, ਉਸ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾ ਕਿਹਾ ਕਿ ਜ਼ਮੀਨੀ ਪੱਧਰ 'ਤੇ ਜ਼ਿਲ੍ਹਾ ਨਿਵਾਸੀਆਂ ਨੂੰ ਜੋ ਸਮੱਸਿਆਵਾਂ ਆਉਂਦੀਆਂ ਹਨ, ਉਸ ਸਬੰਧੀ ਹੀ ਯੋਜਨਾਵਾਂ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਫਰੀਦਕੋਟ ਜ਼ਿਲ੍ਹੇ ਦੀ ਨੁਹਾਰ ਬਦਲਣ ਲਈ ਆਪਣੇ ਆਪਣੇ ਪਲਾਨ ਤਿਆਰ ਕਰਕੇ ਯੋਜਨਾਵਾਂ ਬਣਾਈਆਂ ਜਾਣ ਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਉਹ ਫਰੀਦਕੋਟ ਜ਼ਿਲ੍ਹੇ ਦੀ ਨੁਹਾਰ ਬਦਲਣ ਲਈ ਫੰਡਾਂ ਦੀ ਕਮੀ ਨਹੀਂ ਆਉਣ ਦੇਣਗੇ ਤੇ ਜੇਕਰ ਕਿਸੇ ਕਿਸਮ ਦੀ ਦਿੱਕਤ ਆਉਂਦੀ ਹੈ ਤਾਂ ਉੱਚ ਪੱਧਰ 'ਤੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਨਗੇ।

ਡੀ ਐੱਲ ਐੱਡ ਦੇ 2 ਫਰਜ਼ੀ ਵਿਦਿਆਰਥੀ ਗ੍ਰਿਫਤਾਰ, ਅਸਲੀ ਦੀ ਥਾਂ ਦੇ ਰਹੇ ਸਨ ਪ੍ਰੀਖਿਆ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਪਿੰਡ ਬਰਕੰਦੀ 'ਚ ਬਣੀ ਡਾਈਟ ਵਿਖੇ ਚੱਲ ਰਹੀ ਡੀ ਐੱਲ ਐੱਡ ਸੈਸ਼ਨ 2020-22 ਦੇ ਦੂਜੇ ਪੜਾਅ ਦੀ ਪ੍ਰੀਖਿਆ ਵਿੱਚ ਦੋ ਫਰਜ਼ੀ ਵਿਦਿਆਰਥੀਆਂ ਨੂੰ ਪੇਪਰ ਦਿੰਦੇ ਹੋਏ ਫੜਿਆ ਗਿਆ ਹੈ। ਇਸ ਮਾਮਲੇ ਵਿੱਚ ਥਾਣਾ ਸਦਰ ਮੁਕਤਸਰ ਪੁਲਸ ਵੱਲੋਂ 4 ਲੋਕਾਂ ਖਿਲਾਫ ਮਾਮਲਾ ਦਰਜ ਕਰਵਾਇਆ ਗਿਆ ਹੈ। ਹਾਲਾਂਕਿ ਅਜੇ ਅਸਲੀ ਵਿਦਿਆਰਥੀਆਂ ਦੀ ਗ੍ਰਿਫਤਾਰੀ ਹੋਣਾ ਬਾਕੀ ਹੈ। ਇਸ ਸਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਡਾਇਟ ਬਰਕੰਦੀ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਦੱਸਿਆ ਕਿ 24 ਮਈ ਨੂੰ ਡੀ ਐੱਲ ਐੱਡ ਦੀ ਪ੍ਰੀਖਿਆ ਕੇਂਦਰ 'ਚ ਸੁਰਿੰਦਰ ਸਿੰਘ ਪੁੱਤਰ ਚਾਨਣ ਰਾਮ ਦੀ ਜਗ੍ਹਾ ਸੁਖਚੈਨ ਸਿੰਘ ਵਾਸੀ ਢਾਣੀ ਮਾਹ ਸਿੰਘ ਜਲਾਲਾਬਾਦ ਪ੍ਰੀਖਿਆ ਦੇ ਰਿਹਾ ਸੀ, ਜਦਕਿ ਅੰਕੁਸ਼ ਪੁੱਤਰ ਬਲਦੇਵ ਸਿੰਘ ਦੀ ਜਗ੍ਹਾ ਨਿਸ਼ਾਨ ਸਿੰਘ ਵਾਸੀ ਲਮੋਚੜ ਖੁਰਦ ਜਲਾਲਾਬਾਦ ਪ੍ਰੀਖਿਆ ਦੇ ਰਿਹਾ ਸੀ। ਸੰਜੀਵ ਕੁਮਾਰ ਨੇ ਦੱਸਿਆ ਕਿ 24 ਮਈ ਨੂੰ ਡੀ ਐੱਲ ਐੱਡ ਦੇ ਪ੍ਰੀਖਿਆ ਕੇਂਦਰ 'ਚ ਸੁਰਿੰਦਰ ਸਿੰਘ ਪੁੱਤਰ ਚਾਨਣ ਰਾਮ ਦੀ ਥਾਂ ਉਪਰ ਸੁਖਚੈਨ ਸਿੰਘ ਵਾਸੀ ਢਾਣੀ ਮਾਹ ਸਿੰਘ ਜਲਾਲਾਬਾਦ ਪ੍ਰੀਖਿਆ ਦੇ ਰਿਹਾ ਸੀ। ਇਸ ਤੋਂ ਇਲਾਵਾ ਅੰਕੁਸ਼ ਪੁੱਤਰ ਬਲਦੇਵ ਸਿੰਘ ਦੀ ਥਾਂ ਨਿਸ਼ਾਨ ਸਿੰਘ ਵਾਸੀ ਲਮੋਚੜ ਖੁਰਦ ਜਲਾਲਾਬਾਦ ਪ੍ਰੀਖਿਆ ਦੇ ਰਿਹਾ ਸੀ। ਪ੍ਰਿੰਸੀਪਲ ਸੰਜੀਵ ਕੁਮਾਰ ਨੇ ਕਿਹਾ ਕਿ ਪ੍ਰੀਖਿਆ ਦੌਰਾਨ ਅਜਿਹੀ ਹਰਕਤ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਤਰ੍ਹਾਂ ਚੌਕਸੀ ਭਵਿੱਖ 'ਚ ਵੀ ਜਾਰੀ ਰਹੇਗੀ। ਥਾਣਾ ਸਦਰ ਮੁਕਤਸਰ ਪੁਲਸ ਨੇ ਸ਼ਿਕਾਇਤਕਰਤਾ ਪ੍ਰਿੰਸੀਪਲ ਸੰਜੀਵ ਕੁਮਾਰ ਦੇ ਬਿਆਨਾਂ ਉਪਰ ਕਾਰਵਾਈ ਕਰਦੇ ਹੋਏ ਅਸਲੀ ਪ੍ਰੀਖਿਆਰਥੀ ਸੁਰਿੰਦਰ ਸਿੰਘ ਤੇ ਅੰਕੁਸ਼ ਅਤੇ ਫਰਜ਼ੀ ਪ੍ਰੀਖਿਆਰਥੀ ਸੁਖਚੈਨ ਸਿੰਘ ਤੇ ਨਿਸ਼ਾਨ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਅਸਲੀ ਵਿਦਿਆਰਥੀਆਂ ਦੀ ਗ੍ਰਿਫਤਾਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੰਚਾਇਤ ਵਿਭਾਗ ਨੇ ਗੜ੍ਹੀ ਤਰਖਾਣਾਂ 'ਚ 3 ਏਕੜ ਜ਼ਮੀਨ ਕਰਵਾਈ ਕਬਜ਼ਾ ਮੁਕਤ

ਸਮਰਾਲਾ (ਸੁਰਜੀਤ ਸਿੰਘ)-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਸਰ ਰਸੂਖਦਾਰ ਲੋਕਾਂ ਤੋਂ ਸਰਕਾਰੀ ਜ਼ਮੀਨ 'ਤੇ ਲਮੇ ਸਮੇਂ ਤੋਂ ਕੀਤੇ ਕਬਜ਼ਿਆਂ ਤੋਂ ਜ਼ਮੀਨ ਨੂੰ ਮੁਕਤ ਕਰਾਉਣ ਦੀ ਮੁਹਿੰਮ ਦੀ ਸਭ ਪਾਸਿਓਂ ਸ਼ਲਾਘਾ ਹੋ ਰਹੀ ਹੈ। ਇਸੇ ਸਿਲਸਿਲੇ ਦੇ ਅਧੀਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਬਲਾਕ ਮਾਛੀਵਾੜਾ ਅਧੀਨ ਗ੍ਰਾਮ ਪੰਚਾਇਤ ਗੜ੍ਹੀ ਤਰਖਾਣਾ ਦੀ 3 ਏਕੜ 1 ਕਨਾਲ ਜ਼ਮੀਨ ਨੂੰ ਕਬਜ਼ਾ ਮੁਕਤ ਕਰਵਾਇਆ ਗਿਆ। ਇਸ ਸਬੰਧੀ ਬਲਾਕ ਵਿਕਾਸ ਪੰਚਾਇਤ ਅਫਸਰ (ਬੀ.ਡੀ.ਪੀ.ਓ) ਮਾਛੀਵਾੜਾ ਗੁਰਪ੍ਰੀਤ ਸਿੰਘ ਮਾਂਗਟ ਨੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਹਲਕਾ ਸਮਰਾਲਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਬਲਾਕ ਮਾਛੀਵਾੜਾ ਅਧੀਨ ਪੈਂਦੇ ਪਿੰਡ ਗੜ੍ਹੀ ਤਰਖਾਣਾ ਦੀ 3 ਏਕੜ 1 ਕਨਾਲ, ਜੋ ਕਿ ਰਸਤਾ ਤੇ ਖਾਲਾ ਸੀ, ਜ਼ਮੀਨ ਨੂੰ ਕਬਜ਼ਾ ਮੁਕਤ ਕਰਵਾਇਆ ਗਿਆ। ਬੀ.ਡੀ.ਪੀ.ਓ. ਮਾਂਗਟ ਨੇ ਅੱਗੇ ਦੱਸਿਆ ਕਿ ਇਸ ਜ਼ਮੀਨ 'ਤੇ ਪਿੰਡ ਵਾਸੀਆਂ ਵੱਲੋਂ ਨਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਇਸ ਮੌਕੇ ਸੁਪਰਡੰਟ ਗੁਰਪ੍ਰੀਤ ਸਿੰਘ ਬਦੇਸ਼ਾ, ਲਖਵਿੰਦਰ ਸਿੰਘ ਪੰਚਾਇਤ ਅਫ਼ਸਰ, ਅਮਰਜੀਤ ਸਿੰਘ ਪੰਚਾਇਤ ਸਕੱਤਰ ਵੱਲੋਂ ਉਪਰੋਕਤ ਰਕਬੇ ਦਾ ਕਬਜ਼ਾ ਸਰਪੰਚ/ਸਮੂਹ ਪੰਚ ਗੜ੍ਹੀ ਤਰਖਾਣਾ ਦੇ ਸਪੁਰਦ ਕੀਤਾ ਗਿਆ। ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਹਿਤੈਸ਼ੀ ਉਹ ਸਾਰੇ ਕੰਮ ਕਰ ਰਹੀ ਹੈ, ਜਿਨ੍ਹਾਂ ਦਾ ਉਸ ਨੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਜ਼ਮੀਨਾਂ ਉੱਤੇ ਸਾਲਾਂ-ਬੱਧੀ ਸਿਆਸੀ ਰਸੂਖ ਰੱਖਣ ਵਾਲੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਸਨ। ਉਨ੍ਹਾਂ ਕਿਹਾ ਕਿ ਕੋਈ ਵਿਅਕਤੀ ਕਿੰਨਾ ਵੀ ਅਸਰ ਰਸੂਖ ਰੱਖਣ ਵਾਲਾ ਕਿਉਂ ਨਾ ਹੋਵੇ, ਉਸ ਦੇ ਕਬਜ਼ੇ ਤੋਂ ਸਰਕਾਰੀ ਜ਼ਮੀਨ ਮੁਕਤ ਕਰਾ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਰਵਾਇਤੀ ਪਾਰਟੀਆਂ ਦੀ ਸਰਕਾਰਾਂ ਸਮੇਂ ਸਰਕਾਰ ਵਿੱਚ ਬੈਠੇ ਸਿਆਸੀ ਲੋਕਾਂ ਨੇ ਵੀ ਜ਼ਮੀਨਾਂ 'ਤੇ ਜੋ ਕਬਜ਼ੇ ਕੀਤੇ ਹੋਏ ਹਨ, ਸਾਰੇ ਮੁਕਤ ਕਰਾ ਲਏ ਜਾਣਗੇ। ਜ਼ਿਲ੍ਹਾ ਵਿਕਾਸ ਪੰਚਾਇਤ ਅਫਸਰ (ਡੀ.ਡੀ.ਪੀ.ਓ) ਨਵਨੀਤ ਜੋਸ਼ੀ ਨੇ ਦੱਸਿਆ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਮ ਲੋਕਾਂ ਨੂੰ ਭੌ-ਮਾਫੀਆ, ਰੇਤ ਮਾਫੀਆ, ਮਾਈਨਿੰਗ ਮਾਫੀਆ, ਟ੍ਰਾਂਸਪੋਰਟ ਮਾਫੀਆ ਤੋਂ ਨਿਜਾਤ ਦਿਵਾਉਣ ਲਈ ਵਚਨਬੱਧ ਹੈ।

ਸੰਤ ਬਾਬਾ ਲਖਵੀਰ ਸਿੰਘ ਦੌਧਰ ਵਾਲਿਆਂ ਦੀ ਬਰਸੀ ਮਨਾਈ

ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)

ਸੰਤ ਬਾਬਾ ਲਖਵੀਰ ਸਿੰਘ ਜੀ ਦੀ ਬਰਸੀ ਮੌਕੇ ਧਾਰਮਿਕ ਸ਼ਖ਼ਸੀਅਤਾਂ ਸੰਬੋਧਨ ਕਰਨ ਸਮੇਂ।

ਨੇਤਰਹੀਣ ਗੁਰਮਤਿ ਸੰਗੀਤ ਵਿਦਿਆਲਾ ਨਿਰਮਲਾ ਆਸ਼ਰਮ ਵੱਡਾ ਡੇਰਾ ਦੌਧਰ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਲਖਵੀਰ ਸਿੰਘ ਜੀ ਦੀ ਬਰਸੀ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਦੀਪਕ ਸਿੰਘ ਦੀ ਦੇਖ-ਰੇਖ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਰਘਵੀਰ ਸਿੰਘ ਜਥੇਦਾਰ ਕੇਸਗੜ੍ਹ ਸਾਹਿਬ ਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96 ਕਰੋੜੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਬੋਲਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਰਘਵੀਰ ਸਿੰਘ ਤੇ ਬਾਬਾ ਬਲਵੀਰ ਸਿੰਘ ਨੇ ਕਿਹਾ ਕਿ ਸੰਤ ਬਾਬਾ ਲਖਵੀਰ ਸਿੰਘ ਜੀ ਇੱਕ ਮਹਾਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਗੁਰੂਘਰ ਦੇ ਲੇਖੇ ਲਾਉਣ ਦੇ ਨਾਲ-ਨਾਲ ਸਮਾਜ ਦੇ ਦੁਰਕਾਰੇ ਹੋਏ ਯਤੀਮ, ਅਨਾਥ ਤੇ ਨੇਤਰਹੀਣ ਬੱਚਿਆਂ ਦੀ ਸੇਵਾ ਸੰਭਾਲ ਲਈ ਵਿਦਿਆਲਿਆ ਖੋਲ੍ਹ ਕੇ ਉਨ੍ਹਾ ਦੇ ਜੀਵਨ ਪੱਧਰ ਨੂੰ ਉੱਚਾ ਤੇ ਸੁੱਚਾ ਚੁੱਕਣ ਦੇ ਨਾਲ ਇੱਕ ਸਮਾਜਸੇਵੀ ਸ਼ਖ਼ਸੀਅਤ ਹੋਣ ਦਾ ਪ੍ਰਮਾਣ ਦਿੱਤਾ। ਇਸ ਮੌਕੇ ਸੰਤ ਬਾਬਾ ਦੀਪਕ ਸਿੰਘ ਦੌਧਰ ਵਾਲਿਆਂ ਨੇ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਸੰਤ ਬਾਬਾ ਲਖਵੀਰ ਸਿੰਘ ਜੀ ਵੱਲੋਂ ਨੇਤਰਹੀਣ ਤੇ ਮੰਦਬੁੱਧੀ ਬੱਚਿਆਂ ਲਈ ਚਲਾਏ ਗਏ ਇਸ ਮਿਸ਼ਨ ਆਸ਼ਰਮ ਨੂੰ ਤਨ-ਮਨ ਤੇ ਧਨ ਨਾਲ ਚਲਾਇਆ ਜਾਵੇਗਾ, ਏਹੀ ਬਾਬਾ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਸਮੇਂ ਭਾਈ ਸਬਸਾਚਨ ਸਿੰਘ ਡੇਰਾ ਗਿਆਰਵੀ ਵਾਲਾ ਦੌਧਰ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਰਾਗੀ ਸਰਨਜੀਤ ਸਿੰਘ ਕਟਾਣਾ ਸਾਹਿਬ, ਰਾਗੀ ਗੁਰਲਾਲ ਸਿੰਘ, ਰਾਗੀ ਸੁਰਜੀਤ ਸਿੰਘ ਅੰਮ੍ਰਿਤਸਰ, ਗਿਆਨੀ ਸਤਵਿੰਦਰ ਸਿੰਘ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਰਾਗੀ ਨਿਰਮਲ ਸਿੰਘ ਨੂਰ, ਭਾਈ ਗੁਰਦੀਪ ਸਿੰਘ ਚੱਕ ਭਾਈਕਾ, ਮਨਪ੍ਰੀਤ ਸਿੰਘ ਮਾਨ, ਪਰਮਜੀਤ ਸਿੰਘ ਪੰਮਾ, ਬਾਬਾ ਕਮਲਦੀਪ ਸਿੰਘ, ਸੰਤ ਗਰੀਬ ਦਾਸ ਕੋਟਕਪੂਰਾ, ਮਹੰਤ ਜਗਰੂਪ ਸਿੰਘ, ਮਨਦੀਪ ਕੌਰ ਖਾਲਸਾ, ਸੰਤ ਬਾਬਾ ਰੇਸ਼ਮ ਸਿੰਘ ਖੁਰਾਣਾ ਆਦਿ ਸ਼ਖ਼ਸੀਅਤਾਂ ਹਾਜ਼ਰ ਸਨ।

ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਵਿਦਿਆਰਥੀਆਂ 12ਵੀਂ 'ਚ ਸਫਲਤਾ ਦੇ ਝੰਡੇ ਗੱਡੇ

- ਦਿਲਪ੍ਰੀਤ ਕੌਰ ਮੈਡੀਕਲ 'ਚ 97% ਅੰਕਾਂ ਨਾਲ ਜ਼ਿਲ੍ਹੇ 'ਚੋਂ ਫਸਟ

ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਬਾਘਾ ਪੁਰਾਣਾ ਦੇ ਵਿਦਿਆਰਥੀਆਂ ਨੇ ਹਰ ਵਾਰ ਦੀ ਤਰ੍ਹਾਂ ਇਸ ਸਾਲ ਵੀ 12ਵੀਂ ਦੇ ਰਿਜ਼ਲਟ ਵਿੱਚ ਸਫਲਤਾ ਦੇ ਝੰਡੇ ਗੱਡੇ। ਇਸ ਵਾਰ ਦੇ ਨਤੀਜੇ ਵਿੱਚੋਂ 20 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਮੈਡੀਕਲ ਦੀ ਵਿਦਿਆਰਥੀਆਂ ਦਿਲਪ੍ਰੀਤ ਕੌਰ 97% ਅੰਕ ਪ੍ਰਾਪਤ ਕਰਕੇ ਮੋਗੇ ਜ਼ਿਲ੍ਹੇ ਵਿੱਚੋਂ ਫਸਟ ਰਹੀ ਤੇ ਪੰਜਾਬ ਦੀ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਵਾਇਆ ਅਤੇ ਪੰਜਾਬ ਵਿੱਚੋਂ 15ਵਾਂ ਸਥਾਨ ਹਾਸਲ ਕੀਤਾ। ਦਿਲਪ੍ਰੀਤ ਦੀ ਇਸ ਪ੍ਰਾਪਤੀ 'ਤੇ ਸਕੂਲ ਮੈਨੇਜਮੈਂਟ ਨੇ ਨਕਦ ਇਨਾਮ ਤੇ ਟਰਾਫੀ ਨਾਲ ਸਨਮਾਨਤ ਕੀਤਾ। ਇਸ ਤੋਂ ਬਿਨਾਂ ਮੈਡੀਕਲ ਵਿੱਚੋਂ ਅਵਨੀਤ ਕੌਰ ਨੇ 95.6% ਅੰਕ ਪ੍ਰਾਪਤ ਕੀਤੇ, ਨਾਨ-ਮੈਡੀਕਲ ਵਿੱਚੋਂ ਅਵਨੀਤ ਕੌਰ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਬਬਲਜੋਤ ਕੌਰ 94%, ਤਨੀਸ਼ਾ 94%, ਕੁਮਕੁਮ 92%, ਅਮਨਜੀਤ ਕੌਰ 92%, ਚਰਨਕਮਲਪ੍ਰੀਤ ਕੌਰ 91%, ਤਨਵੀਰ ਸਿੰਘ 91%, ਸਿਮਰਨਜੀਤ ਕੌਰ 91%, ਅਨਮੋਲਪ੍ਰੀਤ ਕੌਰ 90.4%, ਤਰਨਦੀਪ ਰਖਰਾ 90.4%, ਪਵਨਵੀਰ ਕੌਰ 90.2%, ਰਮਨੀਤ ਕੌਰ 90.2%, ਖੁਸ਼ਦੀਪ ਕੌਰ 90%, ਅਨਮੋਲਪ੍ਰੀਤ ਕੌਰ 90%, ਅਰਸ਼ਵੀਰ ਕੌਰ 90% ਤੇ ਕਾਮਰਸ 'ਚੋਂ ਪ੍ਰਭਜੋਤ ਕੌਰ 90.2%, ਸਹਿਜਪ੍ਰੀਤ ਕੌਰ 90.2% ਤੇ ਪਾਇਲ ਨੇ 90% ਅੰਕ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ।

ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਵਧੀਆ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਵਧੀਆ ਰਿਜ਼ਲਟ ਲਈ ਵਧਾਈ ਦਿੱਤੀ। 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ, ਕੋ-ਆਰਡੀਨੇਟਰ ਮੁਕੇਸ਼ ਅਰੋੜਾ ਤੇ ਮੈਡਮ ਦੀਪਿਕਾ ਮਨਚੰਦਾ ਨੇ ਸਨਮਾਨਤ ਕੀਤਾ। ਇਸ ਸਮੇਂ ਵਿਦਿਆਰਥੀਆਂ ਦੇ ਮਾਪੇ, ਮੈਡਮ ਸੰਦੀਪ ਬਰਾੜ, ਮੈਡਮ ਨਵਜੋਤ ਕੌਰ, ਮੈਡਮ ਰੁਪਾਲੀ ਤੇ ਡੀ. ਪੀ. ਬਲਰਾਜ ਸਿੰਘ ਹਾਜ਼ਰ ਸਨ।

'ਮਿਸ਼ਨ ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ' ਤਹਿਤ ਆਰ ਆਰ ਆਰ ਸਥਾਪਤ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਨਗਰ ਕੌਂਸਲ ਲੌਂਗੋਵਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ 'ਮੇਰਾ ਜੀਵਨ, ਮੇਰਾ ਸਾਫ-ਸੁਥਰਾ ਸ਼ਹਿਰ ਹੈ' ਤਹਿਤ ਲੋੜਵੰਦ ਲੋਕਾਂ ਦੀ ਮਦਦ ਕਰਨ ਤੇ ਵਾਤਾਵਰਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਆਰ.ਆਰ.ਆਰ. ਸੈਂਟਰ ਬਣਾਏ ਗਏ ਹਨ, ਜਿੱਥੇ ਆਪਣੇ ਘਰਾਂ ਦੇ ਵਸਨੀਕ ਆਪਣੀਆਂ ਬੇਕਾਰ ਦੀਆਂ ਵਸਤੂਆਂ ਜਿਵੇਂ ਕਿ ਕੱਪੜੇ, ਜੁੱਤੀਆਂ, ਕਿਤਾਬਾਂ, ਫਰਨੀਚਰ, ਐਨਕਾਂ ਆਦਿ ਦਾਨ ਕਰ ਸਕਦੇ ਹਨ। ਸੋਫੇ, ਕੁਰਸੀਆਂ, ਟਾਈਲਾਂ, ਬੈਗ, ਖਿਡੌਣੇ ਆਦਿ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਵਸਤੂਆਂ ਲੋੜਵੰਦ ਲੋਕਾਂ ਨੂੰ ਮੁਫਤ ਵੰਡੀਆਂ ਜਾਣਗੀਆਂ ਤੇ ਬਾਕੀ ਸਾਮਾਨ ਨੂੰ ਰੀਸਾਈਕਲਿੰਗ ਸੈਂਟਰ ਨੂੰ ਦੇ ਕੇ ਮੁੜ ਵਰਤੋਂ ਲਈ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਰੋਜ਼ਾਨਾ ਰਿਪੋਰਟ ਪੋਰਟਲ ਰਾਹੀਂ ਕੇਂਦਰ ਦੀ ਸਵੱਛ ਭਾਰਤ ਅਭਿਆਨ ਟੀਮ ਨੂੰ ਸੌਂਪੀ ਜਾਵੇਗੀ। ਆਰ.ਆਰ.ਆਰ. ਕੇਂਦਰਾਂ ਵਿੱਚ ਸਾਮਾਨ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਖਾਦ ਤੇ ਕੱਪੜੇ ਦੇ ਥੈਲੇ ਦਿੱਤੇ ਜਾਣਗੇ। ਇਸ ਮੁਹਿੰਮ ਤਹਿਤ ਮਾਈ ਲਾਈਫ ਐਪ ਤੇ ਪੋਰਟਲ ਵੀ ਬਣਾਇਆ ਗਿਆ ਹੈ। ਆਰ.ਆਰ.ਆਰ. ਕੇਂਦਰਾਂ 'ਚ ਸਾਮਾਨ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਖਾਦ ਤੇ ਕੱਪੜੇ ਦੇ ਬੈਗ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸ਼ਹਿਰ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰਨ ਜਾਂ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਇਸ ਮੁਹਿੰਮ ਨੂੰ ਸਫਲ ਬਣਾਉਣ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ।

ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਘੁੱਲੀ ਸਨਮਾਨਤ

- ਨਜਾਇਜ਼ ਕਬਜ਼ਿਆਂ ਨੂੰ ਫੌਰੀ ਹਟਾਇਆ ਜਾਵੇਗਾ : ਘੁੱਲੀ
- 8 ਕਰੋੜ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਮਾਰਕੀਟ ਕਮੇਟੀ ਧੂਰੀ ਦੇ ਨਵ-ਨਿਯੁਕਤ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੋਂ ਇਲਾਵਾ ਡਾਕਟਰ ਅਨਵਰ ਭਸੌੜ, ਅਮਰਦੀਪ ਸਿੰਘ ਧਾਂਦਰਾ ਦਾ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਤੇ ਹੋਰਨਾਂ ਆੜ੍ਹਤੀਆਂ ਵੱਲੋਂ ਉਨ੍ਹਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਸਹਿਯੋਗ ਨਾਲ ਧੂਰੀ ਮਾਰਕੀਟ ਕਮੇਟੀ ਅਧੀਨ ਆਉਂਦੇ ਪੰਜ ਖਰੀਦ ਕੇਂਦਰਾਂ ਨੂੰ ਡਿਜੀਟਲ ਕਰਨ ਦੇ ਨਾਲ ਨਾਲ ਧੂਰੀ ਮਾਰਕੀਟ ਕਮੇਟੀ ਅੰਦਰ ਹੋਰ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਪਿੰਡਾਂ ਦੇ ਖਰੀਦ ਕੇਂਦਰਾਂ ਤੋਂ ਇਲਾਵਾ ਧੂਰੀ ਮਾਰਕੀਟ ਕਮੇਟੀ ਅੰਦਰ ਵੱਖ ਵੱਖ ਵਿਕਾਸ ਕਾਰਜਾਂ ਉੱਪਰ ਕਰੀਬ 8 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ, ਜਿਸ ਨਾਲ ਮੰਡੀਆਂ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਸਕਣਗੀਆਂ। ਉਨ੍ਹਾ ਕਿਹਾ ਕਿ ਧੂਰੀ ਮਾਰਕੀਟ ਕਮੇਟੀ ਅਧੀਨ ਆਉਂਦੇ ਸਾਰੇ ਖਰੀਦ ਕੇਂਦਰਾਂ ਵਿੱਚ ਹੋਏ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਦੇ ਨਾਲ ਨਾਲ ਕਿਸੇ ਵੀ ਨਜਾਇਜ਼ ਕਬਜ਼ੇ ਨੂੰ ਰਹਿਣ ਨਹੀਂ ਦਿੱਤਾ ਜਾਵੇਗਾ।

ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੁਦ ਸਰਕਾਰੀ ਥਾਵਾਂ ਤੋਂ ਨਜਾਇਜ਼ ਕਬਜ਼ੇ ਹਟਾ ਕੇ ਸਰਕਾਰ ਦਾ ਸਾਥ ਦੇਣ। ਉਨ੍ਹਾ ਪੰਜਾਬ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਉੱਪਰ ਸੰਤੁਸ਼ਟੀ ਪ੍ਰਗਟ ਕੀਤੀ। ਇਸ ਮੌਕੇ ਜਗਤਾਰ ਸਿੰਘ ਗਿੱਲ, ਪ੍ਰਗਟ ਸਿੰਘ ਕੱਕੜਵਾਲ, ਸਤੀਸ਼ ਕੁਮਾਰ ਮਿੱਤਲ, ਜਾਗ ਸਿੰਘ ਸਰਪੰਚ, ਬਸੰਤ ਕੁਮਾਰ ਹੋਰ ਹਾਜ਼ਰ ਸਨ।

ਆਸ਼ੂ ਬੰਗੜ ਵੱਲੋਂ ਪੀਰੂ ਵਾਲਾ ਕ੍ਰਿਕਟ ਟੂਰਨਾਮੈਂਟ 'ਤੇ ਰਾਸ਼ੀ ਭੇਟ



ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)-ਬਲਾਕ ਮਮਦੋਟ ਅਧੀਨ ਪੈਂਦੇ ਪਿੰਡ ਪੀਰੂ ਵਾਲਾ ਵਿਖੇ ਹਰੀ ਸਿੰਘ ਨਲੂਆ ਯੂਥ ਕਲੱਬ ਦੇ ਨੌਜਵਾਨਾਂ ਵੱਲੋਂ ਕਰਵਾਏ ਜਾ ਰਹੇ ਤਿੰਨ ਰੋਜ਼ਾ ਕ੍ਰਿਕਟ ਟੂਰਨਾਮੈਂਟ ਵਿੱਚ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਪ੍ਰਬੰਧਕ ਕਮੇਟੀ ਨੂੰ 5100 ਰੁਪਏ ਦੀ ਨਗਦ ਰਾਸ਼ੀ ਭੇਟ ਕੀਤੀ ਅਤੇ ਬੋਲਦਿਆਂ ਆਸ਼ੂ ਬੰਗੜ ਨੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਵੱਧ ਤੋਂ ਵੱਧ ਜੁੜਨ ਬਾਰੇ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਗੁਰਪ੍ਰੀਤ ਸੋਨੀ, ਗੁਰਪ੍ਰੀਤ ਕਟੋਰਾ, ਹਰਮਨਮੀਤ ਸਿੰਘ, ਜਗਤਾਰ ਸਿੰਘ, ਅਰਸ਼ਦੀਪ ਸਿੰਘ, ਰਾਵਿੰਦਰ ਸਿੰਘ, ਜਸਕਰਨ ਸਿੰਘ ਤੋਂ ਇਲਾਵਾ ਸਮੂਹ ਯੂਥ ਕਲੱਬ ਮੈਂਬਰ ਹਾਜ਼ਰ ਸਨ।

ਕੈਂਬਰਿਜ ਕੌਨਵੈਂਟ ਸਕੂਲ 'ਚ ਨਾਟਕ ਦਾ ਮੰਚਨ

ਕੋਟ ਈਸੇ ਖਾਂ (ਅਰੋੜਾ)-ਇਥੋਂ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਕੈਂਬਰਿਜ ਕੌਨਵੈਂਟ ਸਕੂਲ ਵਿੱਚ 'ਪਰਿੰਦੇ ਭਟਕ ਗਏ' ਨਾਟਕ ਦਾ ਮੰਚਨ ਕਰਵਾਇਆ ਗਿਆ। ਸਕੂਲ ਦੀ ਚੇਅਰਮੈਨ, ਪ੍ਰਿੰਸੀਪਲ ਮੈਡਮ ਤੇ ਸਮੂਹ ਅਧਿਆਪਕਾਂ ਦੀ ਯੋਗ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਕਲਾ ਮੰਚ ਚੜ੍ਹਿਕ (ਮੋਗਾ) ਦੀ ਟੀਮ ਦੇ ਨਿਰਦੇਸ਼ਕ ਤੀਰਥ ਚੜ੍ਹਿਕ ਤੇ ਦਲਜਿੰਦਰ ਡਾਲਾ ਵੱਲੋਂ 'ਪਰਿੰਦੇ ਭਟਕ ਗਏ' ਨੁੱਕੜ ਨਾਟਕ ਪੇਸ਼ ਕੀਤਾ ਗਿਆ। ਇਹ ਨਾਟਕ ਅੱਜ ਦੇ ਸਮੇਂ 'ਚ ਚਲਦੀਆਂ ਕੁਰੀਤੀਆਂ ਤੇ ਨਸ਼ੇ ਦੇ ਅਧਾਰਤ ਸੀ। ਟੀਮ ਦੇ ਕਲਾਕਾਰਾਂ ਨੇ ਬਹੁਤ ਹੀ ਵਧੀਆ ਢੰਗ ਨਾਲ ਅੱਜ ਦੀ ਮੁੱਖ ਸਮੱਸਿਆ ਨਸ਼ੇ ਤੇ ਵਿਦੇਸ਼ ਜਾਣ ਦੀ ਦੌੜ ਨੂੰ ਉਜਾਗਰ ਕੀਤਾ। ਅਖੀਰ ਵਿੱਚ ਬੱਚਿਆਂ ਤੇ ਅਧਿਆਪਕਾਂ ਵੱਲੋਂ ਇਸ ਨਾਟਕ ਦੀ ਖੂਬ ਪ੍ਰਸ਼ੰਸਾ ਕੀਤੀ ਗਈ।

CMYK

Public Notice

I, Ram Parkash S/o Charan Dass R/o Village and P.O. Khothran Kalan, Tehsil Banga, District S.B.S.Nagar (Nawanshahr) declare that my daughter Monica who is divorcee, residing with us, is out of our family control and she lift her parents house without any information. Therefore I disinherit her from my all moveable and immovable properties. Any body dealing with her shall be self responsible. All concerned please note.

I, Ranjit Singh S/o Gurbachan Singh R/o H.No. 456/3, Hargobind Nagar, Jalandhar, Punjab declare that my son Satyam is out of my control. I disinherit him from my moveable and immovable properties. I and my family shall not be held responsible for any of his acts, deeds and things. All please note.

COURT NOTICE

In the Court of
Sh. Tarunpreet Singh,
Judicial Magistrate-1st Class, Ludhiana.
CNR No. PBLD 03-013563-2020
Next Date : 10-07-2023
M/s Cholamandalam Investment and Finance Company Limited
Vs.
Gurdeep Singh
COMA/3462/2020

Publication Issued to : Gurdeep Singh S/o Sh. Tarsem Singh House No. 88, Ward No. 16, Near Railway Station, Adarsh Naagr, Sirhind-140406, Mobile No. 98149-00793.]

In above titled case, the accused could not be served, It is ordered that accused should appear in person or through counsel on 10-07-2023 at 10.00 a.m.

For details logon to https://highcourtchd.gov.in./?trs=district_notice&district.=Ludhiana

Judicial Magistrate,
1st Class, Ludhiana.
Dated, this day of 17-05-2023

COURT NOTICE

(U/o 5 Rule 20 CPC)
In the Court of
Sh. Mohinder Partap Singh Libra,
Civil Judge (Junior Division)-20,
Jalandhar.
CNR No. PBJL 02-003298-2021
Next Date : 30-05-2023
Om Parkash vs. Indel
Suit for Grant of Decree of Permanent Injunction.

Publication Issued to : Indel Father : Ram Balak H.No. ES-526/70 Mohalla Abadpura Jalandhar.

In above titled case the defendant(s)/respondents could not be served. It is Ordered that defendant(s)/respondent(s) should appear in person or through counsel on 30-05-2023 at 10.00 a.m.

For details logon to https://highcourtchd. gov.in/? trs=district_ notice&district=Jalandhar.

Civil Judge (Junior Division)-20, Jalandhar.
Dated, this day of 18-05-2023

COURT NOTICE

In the Court of
Sh. Tarunpreet Singh
Judicial Magistrate, 1st Class,
Ludhiana.
CNR No. PBLD 03-013554-2020
Next Date : 10-07-2023
M/s Cholamandalam Investment & Finance Company Limited
Vs.
Jaspreet Singh
COMA/3454/2020

Publication Issued to : Jaspreer Singh S/o Sh. Balwinder Singh R/o Main Road VPO Talwandi Kalan, Ludhiana, Mobile No. 98749-46998.

In above titled case, the accused could not be served, It is ordered that accused should appear in person or through counsel on 10-07-2023 at 10.00 a.m.

For details logon to https://highcourtchd.gov.in./?trs=district_notice&district=Ludhiana

Judicial Magistrate,
1st Class, Ludhiana.
Dated, this day of 17-05-2023

Change of Name

I, Neha Vashisht W/o Raghav Rampal R/o H.No.20, Dayanand Nagar Lawrence Road, Near Bansal Sweets Amritsar have changed my name from Neha Vashisht to Neha Rampal

I, Dawinder Kaur W/o Nirmal Singh R/o VPO. Bundala Patti Badal Ki Teh. Phillaur, Distt. Jalandhar (Pb.) have Changed my name Dawinder Kaur to Devinder Kaur. All Concerned please note.

ਦਫਤਰ ਡਿਪੂ ਮੈਨੇਜਰ, ਪਨਬੱਸ, ਅੰਮ੍ਰਿਤਸਰ-2

ਪ੍ਰੈੱਸ ਨੋਟ

(ਫੋਨ ਨੰਬਰ 0183-2551744,0183-2551776)

ਨਿਲਾਮੀ ਨੋਟਿਸ

ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਡਿਪੂ ਅਧੀਨ ਆਉਂਦੇ ਬੱਸ ਸਟੈਂਡ ਮਜੀਠਾ ਵਿਖੇ ਸਥਿਤ ਅੱਡਾ ਫੀਸ, ਦੁਕਾਨਾਂ, ਕਮਰਿਆਂ, ਕੰਟੀਨ, ਸਾਈਕਲ/ਸਕੂਟਰ ਸਟੈਂਡ ਪਾਰਕਿੰਗ ਆਦਿ ਨੂੰ ਖੁੱਲੀ ਬੋਲੀ ਰਾਹੀਂ ਠੇਕੇ/ਕਿਰਾਏ ਤੇ ਦੇਣ ਸਬੰਧੀ ਮਿਤੀ 05/06/2023 ਨੂੰ ਸੋਮਵਾਰ ਸਵੇਰੇ 11.00 ਵਜੇ ਦਫਤਰ ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਅੰਮ੍ਰਿਤਸਰ-2 ਵਿਖੇ ਰੱਖੀ ਗਈ ਹੈ। ਇਸ ਨਿਲਾਮੀ ਵਿਚ ਕੋਈ ਵੀ ਬੋਲੀਕਾਰ ਭਾਗ ਲੈ ਸਕਦਾ ਹੈ, ਨਿਲਾਮੀ ਦੀਆਂ ਵਿਸਥਾਰਪੂਰਵਕ ਸ਼ਰਤਾਂ ਬੋਲੀ ਤੋਂ ਪਹਿਲਾਂ ਕਿਸੇ ਕੰਮ ਵਾਲੇ ਦਿਨ ਸਵੇਰੇ 7.30 ਵਜੇ ਤੋਂ 14.00 ਵਜੇ ਤੱਕ ਜਾਂ ਬੋਲੀ ਵਾਲੇ ਦਿਨ ਮੌਕੇ ਤੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਹਰੇਕ ਬੋਲੀਕਾਰ ਬੋਲੀ ਵਿੱਚ ਹਿੱਸਾ ਲੈਣ ਲਈ 10000/-ਰੁਪਏ ਨਗਦ ਬੋਲੀ ਤੋਂ ਪਹਿਲਾਂ ਦਫਤਰ ਦੀ ਕੈਸ਼ ਬਰਾਂਚ ਵਿਚ ਜਮ੍ਹਾਂ ਕਰਵਾਏਗਾ, ਸਫਲ ਬੋਲੀਕਾਰ ਦੀ ਰਕਮ ਬਾਅਦ ਵਿਚ ਅਡਜਸਟ ਕਰ ਲਈ ਜਾਵੇਗੀ ਅਤੇ ਬਾਕੀ ਬੋਲੀਕਾਰਾਂ ਨੂੰ (ਪਹਿਲੇ ਬੋਲੀਕਾਰ ਦੀ ਰਕਮ ਛੱਡ ਕੇ) ਉਹ ਰਕਮ ਵਾਪਸ ਕਰ ਦਿੱਤੀ ਜਾਵੇਗੀ, ਜਿਸ ਬੋਲੀਕਾਰ ਵਲੋਂ 10000/-ਰੁਪਏ ਦੀ ਰਕਮ ਜਮ੍ਹਾਂ ਕਰਵਾਈ ਜਾਵੇਗੀ ਉਹ ਬੋਲੀ ਵਿਚ ਸ਼ਾਮਲ ਹੋ ਸਕਦਾ ਹੈ। ਉਸ ਤੋਂ ਇਲਾਵਾ ਹੋਰ ਕਿਸੇ ਨੂੰ ਬੋਲੀ ਵਿਚ ਬੈਠਣ ਜਾਂ ਭਾਗ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਜੇਕਰ ਨਿਲਾਮੀ ਵਾਲੇ ਦਿਨ ਸਰਕਾਰੀ ਪ੍ਰਸ਼ਾਸਨ ਵਲੋਂ ਕੋਈ ਛੁੱਟੀ ਐਲਾਨੀ ਜਾਂਦੀ ਹੈ ਤਾਂ ਇਹ ਬੋਲੀ ਅੱਗੇ ਦਫਤਰੀ ਕੰਮ ਵਾਲੇ ਦਿਨ ਕੀਤੀ ਜਾਵੇਗੀ, ਡਿਪੂ ਮੈਨੇਜਰ, ਪਨਬੱਸ, ਅੰਮ੍ਰਿਤਸਰ-2 ਪਾਸ ਪੂਰਾ ਅਧਿਕਾਰ ਹੋਵੇਗਾ ਕਿ ਉਹ ਸਮੁੱਚੀ ਬੋਲੀ ਜਾਂ ਕਿਸੇ ਵਿਸ਼ੇਸ਼ ਬੋਲੀਕਾਰ ਦੀ ਬੋਲੀ ਨੂੰ ਬਿਨਾਂ ਕੋਈ ਨੋਟਿਸ ਦਿੱਤੇ ਰੱਦ ਕਰ ਸਕਦਾ ਹੈ।

ਸਹੀ/-
ਡਿਪੂ ਮੈਨੇਜਰ, ਪਨਬੱਸ, ਅੰਮ੍ਰਿਤਸਰ-2

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਜਸਪ੍ਰੀਤ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ, ਦਰਜਾ ਪਹਿਲਾ, ਰੂਪਨਗਰ।

ਜਨਤਕ ਨੋਟਿਸ

ਵਿਸ਼ਾ : ਅਧੀਨ ਧਾਰਾ 111 ਲੈਂਡ ਰੈਵੀਨਿਊ ਐਕਟ 1887 ਬਾਬਤ ਦਰਖਾਸਤ ਤਕਸੀਮ ਵੱਲੋਂ ਜਸਵਿੰਦਰ ਸਿੰਘ ਪੁੱਤਰ ਮਲਕੀਅਤ ਕੌਰ ਪੁੱਤਰੀ ਸ਼ਰਨ ਸਿੰਘ ਵਾਸੀਆਨ ਲੋਹਾਰੀ ਤਹਿਸੀਲ ਬੱਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।

ਧਿਰਾਂ

1 ਮਨਜੀਤ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਪਿੰਡ ਕੋਟਲਾ ਨਿਹੰਗ ਤਹਿਸੀਲ ਵਾ ਜ਼ਿਲ੍ਹਾ ਰੂਪਨਗਰ।

ਉੱਤਰਵਾਦੀਆਨ

ਉਕਤ ਉੱਤਰਵਾਦੀਆਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਤਕਸੀਮ ਕੇਸ ਪਿੰਡ ਕੋਟਲਾ ਨਿਹੰਗ ਵਿੱਚ ਉਕਤ ਧਿਰਾਂ ਵੱਲੋਂ ਜੇਕਰ ਕੋਈ ਪੈਰਵੀ ਕਰਨਾ ਚਾਹੁੰਦਾ ਹੈ ਤਾਂ ਉਹ ਕੇਸ ਦੀ ਪੇਸ਼ੀ ਮਿਤੀ 15-06-2023 ਨੂੰ ਅਸਾਲਤਨ ਜਾਂ ਵਕਾਲਤਨ ਮੇਰੇ ਰੂਬਰੂ ਪੇਸ਼ ਹੋ ਕੇ ਪੈਰਵੀ ਕਰ ਸਕਦਾ ਹੈ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਇਸ ਕੇਸ ਵਿੱਚ ਇੱਕਤਰਫਾ ਕਾਰਵਾਈ ਰੂਲਾਂ ਅਨੁਸਾਰ ਕਰ ਦਿੱਤੀ ਜਾਵੇਗੀ।

ਇਹ ਨੋਟਿਸ ਮਿਤੀ 18-05-2023 ਨੂੰ ਮੇਰੇ ਦਸਤਖਤਾਂ/ਮੋਹਰ ਰਾਹੀਂ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ, ਅੱਵਲ, (ਤਹਿਸੀਲਦਾਰ), ਰੂਪਨਗਰ

ਦਫਤਰ ਨਗਰ ਕੌਂਸਲ, ਕਰਤਾਰਪੁਰ, ਜ਼ਿਲ੍ਹਾ ਜਲੰਧਰ

ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੁਕਾਨ ਦਾ ਇੰਦਰਾਜ਼ ਟੀ ਐੱਸ 1 ਯੂਨਿਟ ਨੰਬਰ 287, 288 ਅਤੇ 289 ਰਜਿਸਟਰ ਸਾਲ 1998-99 ਵਿੱਚ ਮਹਿੰਦਰ ਕੌਰ ਪਤਨੀ ਨਗੀਨਾ ਸਿੰਘ ਦੇ ਨਾਂਅ 'ਤੇ ਦਰਜ ਹੈ ਅਤੇ ਪ੍ਰਾਪਰਟੀਆਂ ਯੂ ਆਈ ਡੀ ਨੰਬਰ ਬੀ 09-0018 ਅਤੇ ਬੀ-09-0019 (ਰਕਬਾ 1324 ਵਰਗ ਫੁੱਟ) ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਸਾਲ 2013-14 ਵਿੱਚ ਦਵਿੰਦਰ ਸਿੰਘ ਪੁੱਤਰ ਨਗੀਨਾ ਸਿੰਘ ਦੇ ਨਾਂਅ 'ਤੇ ਦਰਜ ਹੈ ਅਤੇ ਪ੍ਰਾਪਰਟੀਆਂ ਯੂ ਆਈ ਡੀ ਨੰਬਰ ਬੀ-090021 (ਰਕਬਾ 1324 ਵਰਗ ਫੁੱਟ) ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਸਾਲ 2013-14 ਵਿੱਚ ਮਲਕੀਤ ਸਿੰਘ ਪੁੱਤਰ ਨਗੀਨਾ ਸਿੰਘ ਦੇ ਨਾਂਅ 'ਤੇ ਦਰਜ ਹੈ ਅਤੇ ਯੂ ਆਈ ਡੀ ਨੰਬਰ ਬੀ 09-0020 ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਸਾਲ 2013-14 ਵਿੱਚ ਖਾਲੀ ਹੈ। ਹੁਣ (1) ਦਵਿੰਦਰ ਸਿੰਘ ਪੁੱਤਰ (2) ਮਲਕੀਤ ਸਿੰਘ ਪੁੱਤਰ (3) ਕਮਲਜੀਤ ਕੌਰ ਪੁੱਤਰੀ (4) ਸੁਖਵਿੰਦਰ ਕੌਰ ਪੁੱਤਰੀ ਲੇਟ ਨਗੀਨਾ ਸਿੰਘ ਵਾਸੀ ਗਲੀ ਸੁਰਜਣ ਸਿੰਘ ਵਾਲੀ ਕਰਤਾਰਪੁਰ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ। ਇਨ੍ਹਾਂ ਪ੍ਰਾਪਰਟੀਆ ਦਾ ਇੰਦਰਾਜ਼ ਨਗਰ ਕੌਂਸਲ ਦੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਸਾਡੇ ਉਪਰੋਕਤ ਵਾਰਸਾਂ ਦੇ ਨਾਵਾਂ 'ਤੇ ਬਰਾਬਰ-ਬਰਾਬਰ ਤਬਦੀਲ ਕਰਨ ਦੀ ਕਿਰਪਾਲਤਾ ਕੀਤਾ ਜਾਵੇ, ਕਿਉਂਕਿ ਇਹ ਪ੍ਰਾਪਰਟੀ ਸਾਡੀ ਮਾਤਾ ਲੇਟ ਮਹਿੰਦਰ ਕੌਰ ਦੀ ਜੱਦੀ ਮਲਕੀਤੀ ਹੈ। ਹੁਣ ਸਾਡੀ ਮਾਤਾ ਦੀ ਮੌਤ ਮਿਤੀ 04-04-1999 ਅਤੇ ਪਿਤਾ ਦੀ ਮੌਤ ਮਿਤੀ 06-10-1990 ਨੂੰ ਹੋ ਚੁੱਕੀ ਹੈ। ਉਪਰੋਕਤ ਦਰਸਾਏ ਵਾਰਸਾਂ ਤੋਂ ਇਲਾਵਾ ਸਾਡੇ ਮਾਤਾ-ਪਿਤਾ ਦਾ ਹੋਰ ਕੋਈ ਵਾਰਸ ਨਹੀਂ ਹੈ। ਸਾਡੇ ਮਾਤਾ ਪਿਤਾ ਵੱਲੋਂ ਆਪਣੇ ਜੀਵਨ ਦੌਰਾਨ ਕੋਈ ਵੀ ਵਸੀਅਤ ਕਿਸੇ ਦੇ ਵੀ ਹੱਕ ਵਿੱਚ ਨਹੀਂ ਕੀਤੀ ਗਈ ਹੈ। ਹੁਣ ਉਪਰੋਕਤ ਪ੍ਰਾਪਰਟੀਆਂ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਮੰਤਵ ਲਈ (1) ਦਵਿੰਦਰ ਸਿੰਘ ਪੁੱਤਰ (2) ਮਲਕੀਤ ਸਿੰਘ ਪੁੱਤਰ (3) ਕਮਲਜੀਤ ਕੌਰ ਪੁੱਤਰੀ (4) ਸੁਖਵਿੰਦਰ ਕੌਰ ਪੁੱਤਰੀ ਲੇਟ ਨਗੀਨਾ ਸਿੰਘ ਦੇ ਨਾਵਾਂ 'ਤੇ ਤਬਦੀਲ ਕੀਤਾ ਜਾਣਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਲਿਖਤੀ ਤੌਰ 'ਤੇ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ। ਸਹੀ/-ਕਾਰਜ ਸਾਧਕ ਅਫਸਰ, ਨਗਰ ਕੌਂਸਲ, ਕਰਤਾਰਪੁਰ।

CORRIGENDUM
LOVELY PROFESSIONAL UNIVERSITY

Certain updations/ modifications, clarifications and rectifications with respect to provisions contained in the Prospectus 2023 and other publications related to the admission and allied matters of the university have been made, which may or may not be covered in any information material or publication issued by the University; and therefore, are listed below for the information of all the concerned:

1. There are certain updates in the important dates, fees and amount of scholarships for Type-I and Type-II programmes. For updated details, refer to the university website (under the head Admissions i.e., https://www.lpu.in/admission/).
2. Programmes namely B.Tech. (CSE - AI and Data Engineering), B.Tech. (CSE - Software Product Engineering), B.Tech. (CSE – Artificial Intelligence and Machine Learning), B.Com. (Business Analytics) in tie up with Institute of Analytics (IoA), UK, B.Design (Global Design), M.Sc. (E-Learning) and MPT (Sports) are also being offered. For details, refer to the university website (under the head Admissions i.e., https://www.lpu.in/admission/).
3. Eligibility of B.Sc. (Hons.) Agriculture, B.Sc. (Hons.) Economics and M.Sc. (Film and TV Production) has been updated and for details, refer to the university website (under the head Admissions i.e., https://www.lpu.in/admission/).
4. There are certain updates in Trial and Audition Based Scholarship (TABS) and Physical Efficiency Test (PET) Guidelines. For updated details, refer to the university website (under the head Admissions i.e., https://www.lpu.in/admission/).

For more details, contact at University campus or log on to University website under the head "Admissions" - https://www.lpu.in/admission/.

Registrar

Address: Lovely Professional University,
Jalandhar-Delhi G.T. Road, Phagwara, Punjab, India - 144411

ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

31 ਮਾਰਚ, 2023 ਨੂੰ ਖਤਮ ਹੋਏ ਤਿਮਾਹੀ / ਸਾਲ ਦੇ ਪੜਤਾਲੇ ਵਿਤੀ ਨਤੀਜਿਆਂ ਦਾ ਵੇਰਵਾ

(ਰਕਮ ਸੈਂਕੜਿਆਂ ਵਿੱਚ)

ਵੇਰਵਾ	ਤਿਮਾਹੀ ਖਤਮ 31.03.2023 (ਪੜਤਾਲੇ)	ਤਿਮਾਹੀ ਖਤਮ 31.03.2022 (ਪੜਤਾਲੇ)	ਸਾਲ ਖਤਮ 31.03.2023 (ਪੜਤਾਲੇ)
ਕੁੱਲ ਆਮਦਨ	121.99	116.67	6,914.47
ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ)	(1,205.92)	(2,345.05)	73.69
ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	(1,205.92)	(2,345.05)	73.69
ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	(1,072.12)	(1,979.22)	3.80
ਕੁੱਲ ਕੰਪ੍ਰੀਹੈਂਸਿਵ ਆਮਦਨ	(1,930.54)	(1,29,281.95)	(3,223.91)
ਇਕੁਇਟੀ ਸ਼ੇਅਰ ਪੂੰਜੀ	1,00,000	1,00,000	1,00,000
ਹੋਰ ਇਕੁਇਟੀ	-	-	1,85,386.28
ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ	(0.11)	(0.20)	0.00

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੈਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬਧ ਹੈ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਇਰੈਕਟਰ
DIN-00932391

ਮਿਤੀ : 25.05.2023
ਸਥਾਨ : ਲੁਧਿਆਣਾ

ਰਜਿ ਦਫਤਰ : ਸ੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967

ਕਲਾਸੀਫਾਈਡ ਇਸ਼ਤਿਹਾਰ

Lost & Found

It, Is Notified For The Information That My Plot Registry Wasika No.2292 Date 16-09-2016, Wasika Report Date 20-05-2023 Rakba 5 ½ Marla , Actually Lost At Gurdaspur. Fir No.934f Date 20-05-2023. Candidate Name Kuldeep Singh S/O Narinjan Singh S/O Roor Singh R/O 260/18, Sangalpura Road Gurdaspur. Tehsil/Distt- Gurdaspur. Tehsil/Distt- Gurdaspur. Punjab-143521. Mobile No.7719779357.

ਆਮ ਸੂਚਨਾ

ਛੋਟਾ ਸਿੰਘ ਪੁੱਤਰ ਚੂਹੜ ਸਿੰਘ ਬੀਏ-517 ਬਲਰਾਂ ਰਕਬਾ ਪਾਪੜਾਂ ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਗੀਟਾ ਰਾਣੀ ਪਤਨੀ ਦੀਪਕ ਸਿੰਗਲਾ ਮੂਨਕ ਰਕਬਾ ਪਾਪੜਾਂ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:-ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ

ਮੋਟਰ ਕੁਨੈਕਸਨ ਖਾਤਾ ਨੰਬਰ ਏ.ਪੀ.54/821 ਪਿੰਡ ਦੋਨਾ ਰਹਿਮਤ ਵਾਲਾ ਵਿਖੇ ਬਲਵੀਰ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਜੋਧਪੁਰ ਦੇ ਨਾਮ ਚੱਲ ਰਿਹਾ ਹੈ, ਹੁਣ ਗੁਰਜਿੰਦਰਪਾਲ ਸਿੰਘ ਪੁਤਰ ਦਰਸਨ ਸਿੰਘ ਪਿੰਡ ਚੱਕ ਭੰਗੇ ਵਾਲਾ ਦੇ ਨਾਮ ਟਰਾਂਸਫਰ ਹੋ ਰਿਹਾ ਹੈ। ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਬਿਜਲੀ ਬੋਰਡ ਦੇ ਦਫਤਰ ਮਮਦੋਟ ਵਿਖੇ ਕਰੇ।

ਮੋਟਰ ਕੁਨੈਕਸਨ ਖਾਤਾ ਨੰ. ਏ. ਪੀ. 54/822 ਪਿੰਡ ਦੋਨਾ ਰਹਿਮਤ ਵਾਲਾ ਵਿਖੇ ਰਘਬੀਰ ਸਿੰਘ ਪੁੱਤਰ ਦਲੀਪ ਸਿੰਘ ਪਿੰਡ ਜੋਧਪੁਰ ਦੇ ਨਾਮ ਪਰ ਚਲ ਰਿਹਾ ਹੈ, ਹੁਣ ਸੁਖਵਿੰਦਰ ਸਿੰਘ ਪੁੱਤਰ ਅਨੂਪ ਸਿੰਘ ਵਾਸੀ ਪਿੰਡ ਸਾਮ ਖੇੜਾ ਦੇ ਨਾਮ ਟਰਾਂਸਫਰ ਹੋ ਰਿਹਾ ਹੈ ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਬਿਜਲੀ ਬੋਰਡ ਦੇ ਦਫਤਰ ਮਮਦੋਟ ਵਿਖੇ ਕਰੇ ।

ਮੋਟਰ ਕੁਨੈਕਸਨ ਖਾਤਾ ਨੂੰ ਏ ਪੀ 54/802 ਪਿੰਡ ਦੋਨਾਂ ਰਹਿਮਤ ਵਾਲਾ ਵਿਖੇ ਹਰਮਨਪ੍ਰੀਤ ਸਿੰਘ ਪੁੱਤਰ ਸੁਖਵੰਤ ਸਿੰਘ ਪਿੰਡ ਜੋਧਪੁਰ ਦੇ ਨਾਮ ਚਲ ਰਿਹਾ ਹੈ ਹੁਣ ਇਹ ਕਨੈਕਸਨ ਸੁਖਵਿੰਦਰ ਸਿੰਘ ਪੁਤਰ ਅਨੂਪ ਸਿੰਘ ਪਿੰਡ ਸਾਮ ਖੇੜਾ ਦੇ ਨਾਮ ਟਰਾਂਸਫਰ ਹੋ ਰਿਹਾ ਹੈ ਕਿਸੇ ਨੂੰ ਇਤਰਾਜ ਹੋਵੇ ਤਾ 15 ਦਿਨਾਂ ਦੇ ਅੰਦਰ ਬਿਜਲੀ ਬੋਰਡ ਦੇ ਦਫਤਰ ਮਮਦੋਟ ਵਿਖੇ ਕਰੇ।

ਸਹਾਇਕ ਕਾਰਜਕਾਰੀ ਇੰਜੀਨੀਅਰ ਵੰਡ ਉੱਪ ਮੰਡਲ ਜ਼ੀਰਾ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਮੋਟਰ ਦਾ ਖਾਤਾ ਨੰਬਰ 3003131974 (ਏ ਪੀ 43/0226) ਜੋ ਕਿ ਗੁਰਦਿਆਲ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਵਾਸੀ ਤਲਵੰਡੀ ਮੰਗੇ ਖਾਂ ਨੂੰ ਅਵਤਾਰ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ ਵਾਸੀ ਤਲਵੰਡੀ ਮੰਗੇ ਖਾਂ ਦੇ ਨਾਂਅ 'ਤੇ ਕਰਨ ਦੀ ਅਵਤਾਰ ਸਿੰਘ ਵੱਲੋਂ ਦਰਖਾਸਤ ਦਿੱਤੀ ਗਈ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਇਸ ਦਫਤਰ ਨੂੰ 15 ਦਿਨਾਂ ਦੇ ਵਿੱਚ ਸੂਚਿਤ ਕਰ ਸਕਦਾ ਹੈ।
ਸਹਾਇਕ ਕਾਰਜਕਾਰੀ ਇੰਜੀਨੀਅਰ, ਵੰਡ ਉੱਪ ਮੰਡਲ ਜ਼ੀਰਾ।

ਸਹਾਇਕ ਕਾਰਜਕਾਰੀ ਇੰਜੀਨੀਅਰ ਵੰਡ ਉੱਪ ਮੰਡਲ ਜ਼ੀਰਾ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਮੋਟਰ ਦਾ ਖਾਤਾ ਨੰਬਰ 3003131974 (ਏ ਪੀ 43/0226) ਜੋ ਕਿ ਗੋਪਾਲ ਸਿੰਘ ਪੁੱਤਰ ਸ੍ਰੀ ਨਰੈਣ ਸਿੰਘ ਵਾਸੀ ਮੇਹਰ ਸਿੰਘ ਵਾਲਾ ਨੂੰ ਸੁਖਮੰਦਰ ਸਿੰਘ ਪੁੱਤਰ ਸ੍ਰੀ ਜੁਗਰਾਜ ਸਿੰਘ ਵਾਸੀ ਲੌਂਗਕੇ ਖੁਰਦ (ਰਕਬਾ ਮੇਹਰ ਸਿੰਘ ਵਾਲਾ) ਦੇ ਨਾਂਅ 'ਤੇ ਕਰਨ ਦੀ ਸੁਖਮੰਦਰ ਸਿੰਘ ਵੱਲੋਂ ਦਰਖਾਸਤ ਦਿੱਤੀ ਗਈ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਇਸ ਦਫਤਰ ਨੂੰ 15 ਦਿਨਾਂ ਦੇ ਵਿੱਚ-ਵਿੱਚ ਸੂਚਿਤ ਕਰ ਸਕਦਾ ਹੈ।
ਸਹਾਇਕ ਕਾਰਜਕਾਰੀ ਇੰਜੀਨੀਅਰ, ਵੰਡ ਉੱਪ ਮੰਡਲ ਜ਼ੀਰਾ।

ਮੈਂ, ਸੁੱਚਾ ਸਿੰਘ ਪੁੱਤਰ ਸੋਮ ਨਾਥ ਵਾਸੀ ਗਲੀ ਨੰਬਰ 6, ਨਿਊ ਫਤਿਹਗੜ੍ਹ, ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ 'ਭੁਪਿੰਦਰ ਸਿੰਘ' ਅਤੇ ਉਸਦੀ ਪਤਨੀ 'ਮਨੀਸ਼ਾ' ਨੂੰ 'ਨਵਾਂ ਜ਼ਮਾਨਾ' ਅਖਬਾਰ ਮਿਤੀ 31-05-2022 ਰਾਹੀਂ ਬੇਦਖਲ ਕੀਤਾ ਸੀ । ਹੁਣ ਮੇਰਾ ਲੜਕਾ 'ਭੁਪਿੰਦਰ ਸਿੰਘ' ਮੇਰੇ ਕਹਿਣੇ ਵਿਚ ਹੈ ਅਤੇ ਮੈਂ ਇਸ ਦੀ ਬੇਦਖਲੀ ਰੱਦ ਕਰਦਾ ਹਾਂ ਅਤੇ ਉਹ ਮੇਰੀ ਚੱਲ-ਅਚੱਲ ਜਾਇਦਾਦ ਦਾ ਕਾਨੂੰਨੀ ਵਾਰਸ ਅਤੇ ਹੱਕਦਾਰ ਹੋਵੇਗਾ । ਸਾਰੇ ਸਬੰਧਤ ਨੋਟ ਕਰਨ ।

ਟਿਊਬਵੈੱਲ ਕੁਨੈਕਸਨ ਨੰਬਰ ਏ.ਪੀ 60/297 ਤਿੰਨ ਹਾਰਸ ਪਾਵਰ ,ਟਿਊਬਵੈੱਲ ਕੁਨੈਕਸਨ ਨੰਬਰ ਏ.ਪੀ 60/ 296 ਤਿੰਨ ਹਾਰਸ ਪਾਵਰ ਜਸਵੰਤ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਸਮਰਾਏ ਤਹਿਸੀਲ ਡੇਰਾ ਬਾਬਾ ਨਾਨਕ ਜਿਲਾ ਗੁਰਦਾਸਪੁਰ ਚਲਦੇ ਪਿੰਡ ਮਛਰਾਲਾ ਬਦਲੀ ਕਰਾਉਣ ਸੰਬੰਧੀ ਜਗਜੀਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਸਮਰਾਏ ਹਾਲ ਵਾਸੀ 438/1 ਸਿਵਲ ਲਾਇਨ ਗੁਰਦਾਸਪੁਰ ਵੱਲੋਂ ਹਲਫੀਆ ਬਿਆਨ ਪ੍ਰਾਪਤ ਹੋਇਆ ਹੈ । ਕੁਨੈਕਸਨ ਜਸਵੰਤ ਸਿੰਘ ਦੇ ਨਾਮ ਤੋ ਬਦਲੀ ਹੋ ਕੇ ਜਗਜੀਤ ਸਿੰਘ ਦੇ ਨਾਮ ਹੋਣ ਜਾ ਰਿਹਾ ਹੈ । ਇਸ ਸੰਬੰਧੀ ਇਤਰਾਜ਼ 7 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ । ਸੰਬੰਧਤ ਨੋਟ ਕਰਨ ।

ਟਿਊਬਵੈੱਲ ਕੁਨੈਕਸਨ ਨੰਬਰ ਏ.ਪੀ 53/249 ਤਿੰਨ ਹਾਰਸ ਪਾਵਰ ਜਸਵੰਤ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਸਮਰਾਏ ਤਹਿਸੀਲ ਡੇਰਾ ਬਾਬਾ ਨਾਨਕ ਜਿਲਾ ਗੁਰਦਾਸਪੁਰ ਚਲਦੇ ਪਿੰਡ ਸਮਰਾਏ ਬਦਲੀ ਕਰਾਉਣ ਸੰਬੰਧੀ ਜਗਜੀਤ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਸਮਰਾਏ ਹਾਲ ਵਾਸੀ 438/1 ਸਿਵਲ ਲਾਇਨ ਗੁਰਦਾਸਪੁਰ ਵੱਲੋਂ ਹਲਫੀਆ ਬਿਆਨ ਪ੍ਰਾਪਤ ਹੋਇਆ ਹੈ । ਕੁਨੈਕਸਨ ਜਸਵੰਤ ਸਿੰਘ ਦੇ ਨਾਮ ਤੋ ਬਦਲੀ ਹੋ ਕੇ ਜਗਜੀਤ ਸਿੰਘ ਦੇ ਨਾਮ ਹੋਣ ਜਾ ਰਿਹਾ ਹੈ । ਇਸ ਸੰਬੰਧੀ ਇਤਰਾਜ਼ 7 ਦਿਨਾਂ ਅੰਦਰ ਐਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ । ਸੰਬੰਧਤ ਨੋਟ ਕਰਨ ।

ਅਸੀਂ ਸੰਤੋਸ਼ ਕੁਮਾਰ ਪੁੱਤਰ ਬਨਾਰਸੀ ਦਾਸ ਵਾ ਨੀਰੂ ਪਤਨੀ ਸੰਤੋਸ਼ ਕੁਮਾਰ ਕੋਟਕਪੂਰਾ ਨੇ ਆਪਣੇ ਲੜਕੇ ਦੀਪਕ ਕੁਮਾਰ ਉਰਫ ਦੀਪੂ ਨੂੰ ਮਿਤੀ 2 ਅਕਤੂਬਰ 2012 ਨੂੰ ਰੋਜਾਨਾ ਚੜ੍ਹਦੀ ਕਲਾ ਅਖਬਾਰ ਪਬਲਿਕ ਨੋਟਿਸ ਰਾਹੀ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਸਾਡੀ ਸੇਵਾ ਸੰਭਾਲ ਕਰਦਾ ਹੈ। ਬਾਕੀ ਵਾਰਸਾਂ ਵਾਂਗ ਸਾਡੀ ਚਲ-ਅਚੱਲ ਜਾਇਦਾਦ ਵਿੱਚ ਹੱਕਦਾਰ ਹੋਵੇਗਾ। ਅਸੀਂ ਉਕਤ ਬੇਦਖਲੀ ਵਾਪਸ ਨੂੰ ਰੱਦ ਕਰਦੇ ਹਾਂ।

ਮੈਂ ਬਿਮਲਾ ਦੇਵੀ ਪਤਨੀ ਪਿਆਰਾ ਲਾਲ ਵਾਸੀ 11, ਗਲੀ ਨੰ.11, ਪ੍ਰੇਮ ਨਗਰ ਨੇੜੇ ਗੁਰੂ ਨਾਨਕਪੁਰਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਸ਼ਵਨੀ ਕੁਮਾਰ ਮੇਰੇ ਕਹਿਣੇ ਤੋ ਬਾਹਰ ਸੀ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋ ਬੇਦਖਲ ਕਿਤਾ ਸੀ। ਪਰ ਹੁਣ ਇਹ ਮੇਰੇ ਕਹਿਣੇ ਵਿਚ ਹੈ ਇਸ ਲਈ ਮੈ ਇਸ ਨੂੰ ਦਿਤੀ ਹੋਈ ਬੇਦਖਲੀ ਵਾਪਿਸ ਲੈਂਦੀ ਹਾਂ।

ਮੈਂ, ਕੋਮਲ ਭਗਤ ਮਾਰਫਤ ਸੁਰੇਸ਼ ਕੁਮਾਰ ਵਾਸੀ ਪਿੰਡ ਤਲਵੰਡੀ ਰਾਮਾ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਨਾਂਅ ਸਾਰੇ ਦਸਤਾਵੇਜ਼ਾਂ 'ਚ ਕੋਮਲ ਭਗਤ ਹੈ, ਜਦੋਂ ਕਿ ਮੇਰਾ ਦੂਸਰਾ ਨਾਂਅ ਕੋਮਲ ਵੀ ਹੈ। ਇਹ ਦੋਵੇਂ ਨਾਂਅ ਮੇਰੇ ਅਤੇ ਇੱਕ ਹੀ ਵਿਅਕਤੀ ਦੇ ਹਨ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਰਣਜੀਤ ਕੌਰ ਪਤਨੀ ਸਵਿੰਦਰ ਸਿੰਘ ਵਾਸੀ ਮਕਾਨ ਨੰ. 700, ਸਰਪੰਚਾਂ ਵਾਲੀ ਗਲੀ, ਕੋਟ ਖਾਲਸਾ, ਡਾਕਖਾਨਾ ਖਾਲਸਾ ਕਾਲਜ, ਬਲਾਕ ਵੇਰਕਾ, ਕੋਟ ਖਾਲਸਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਭੇਜ ਸਿੰਘ ਅਤੇ ਉਸਦੀ ਪਤਨੀ ਕਿਰਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਬੀਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਪਿੰਡ ਮੈਰੀਪੁਰ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ ਅਤੇ ਨੂੰਹ ਅਨੁਰਾਧਾ ਅਤੇ ਪੋਤਰਾ ਪੁਲਕਿਤ ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਮੇਰੇ ਪਤੀ ਦੀ ਮੌਤ ਹੋ ਚੁੱਕੀ ਹੈ। ਮੈਂ ਉਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਰੋਜ ਪਤਨੀ ਭੋਲਾ ਨਾਥ ਵਾਸੀ ਮ. ਨੰ. 13, ਮੁਹੱਲਾ ਨੰ. 13, ਕੈਂਟ ਜਲੰਧਰ, ਜਲੰਧਰ ਪੰਜਾਬ-144005 ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਕਪਿਲ ਕੁਮਾਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।
(ਆਰ ਐਂਨ 7770)

ਬੇਦਖਲੀ ਨੋਟਿਸ

ਮੈਂ, ਬਲਵਿੰਦਰ ਕੌਰ ਪਤਨੀ ਗੁਰਨਾਮ ਸਿੰਘ ਵਾਸੀ 957,ਇੰਦਰਾ ਕਲੋਨੀ,ਕੋਟ ਖਾਲਸਾ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਮਿੰਦਰ ਸਿੰਘ ਅਤੇ ਉਸਦੀ ਪਤਨੀ ਰੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਉਨ੍ਹਾਂ ਦਾ ਵਤੀਰਾ ਬਹੁਤ ਮਾੜਾ ਹੈ ਅਤੇ ਮੈਨੂੰ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀਆਂ ਓਲਾਦਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ । ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਮਨਜੀਤ ਰਾਣੀ ਪਤਨੀ ਵਿਜੇ ਕੁਮਾਰ ਵਾਸੀ 131/13 ਏ, ਨਿਊ ਲੇਬਰ ਕਲੋਨੀ ਘੰਨੂਪੁਰ, ਨੇੜੇ ਨਾਗਨੀ ਮੰਦਿਰ, ਖੰਡਵਾਲਾ ਛੇਹਰਟਾ ਆਪਣੇ ਲੜਕੇ ਵਿਵੇਕ ਕੁਮਾਰ ਉਰਫ ਬਿੱਲੂ ਉਸਦੀ ਪਤਨੀ ਤਮੰਨਾ, ਦੂਸਰਾ ਲੜਕਾ ਕਰਨ ਕੁਮਾਰ ਉਰਫ ਕਾਲੂ ਜੋ ਮੇਰੇ ਕਹਿਣੇ ਵਿੱਚ ਨਹੀ ਹਨ , ਮੇਰੀ ਕੋਈ ਗੱਲ ਨਹੀਂ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ-ਅਚੱਲ, ਭੁੱਕਵੀ-ਅਣਭੁੱਕਵੀ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ-ਚੰਗੇ ਕੰਮ ਨਫ਼ੇ-ਨੁਕਸਾਨ, ਲੈਣ-ਦੇਣ ਲਈ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਮੇਰਾ ਹੁਣ ਦੋਨੋਂ ਲੜਕਿਆਂ ਦੇ ਨਾਲ ਕੋਈ ਰਿਸ਼ਤਾ ਨਹੀਂ ਹੈ। (ਅਰੋੜਾ)

ਮੈਂ, ਗੁਰਮੇਲ ਕੌਰ ਪਤਨੀ ਤੇਜਾ ਸਿੰਘ ਵਾਸੀ ਲਹਿਰਾਗਾਗਾ ਤਹਿਸੀਲ ਲਹਿਰਾ (ਸੰਗਰੂਰ) ਹਲਫ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਉਸ ਨੂੰ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਗੁਰਮੁੱਖ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਬਾਗਵਾਨਪੁਰ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਇਹ ਕਿ ਮੇਰਾ ਲੜਕਾ ਸੁਖਦੇਵ ਸਿੰਘ ਤੇ ਉਸ ਦੀ ਪਤਨੀ ਮੇਰੀ ਨੂੰਹ ਅੰਮ੍ਰਿਤਪਾਲ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹਨ, ਇਸ ਲਈ ਮੈਂ ਇਨ੍ਹਾਂ ਦੋਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਨ੍ਹਾਂ ਦੇ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ। (ਸਿੱਧੂ)

ਮੈਂ, ਪਰਮਜੀਤ ਸਿੰਘ ਪੁੱਤਰ ਸਵਰਗੀ ਜਸਵੰਤ ਸਿੰਘ ਵਾਸੀ ਪਿੰਡ ਸੰਘਵਾਲ ਡਾਕਖਾਨਾ ਕਿਸ਼ਨਗੜ੍ਹ, ਜਲੰਧਰ ਆਪਣੀ ਲੜਕੀ ਅਮਨਜੀਤ ਕੌਰ, ਇਸ ਦੇ ਪਤੀ ਮਨਦੀਪ ਸਿੰਘ ਅਤੇ ਮੇਹਰ ਕੌਰ ਦੋਹਤਰੀ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਉਸ 'ਚ ਅਤੇ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ।
(7763)

ਅਸੀਂ, ਮੂਰਤੀ ਦੇਵੀ ਪਤਨੀ ਕਨੱਈਆ ਰਾਮ ਅਤੇ ਕਨੱਈਆ ਰਾਮ ਪੁੱਤਰ ਧੰਨਾ ਰਾਮ ਵਾਸੀਆਨ ਮਕਾਨ ਨੰਬਰ 22/3 ਵਾਰਡ ਨੰਬਰ 42, ਲੈਦਰ ਕੰਪਲੈਕਸ ਰੋਡ, ਬਾਜਵਾ ਕਾਲੋਨੀ, ਜਲੰਧਰ, ਆਪਣੇ ਬੇਟੇ ਦੀਪਕ ਕੁਮਾਰ ਅਤੇ ਉਸ ਦੀ ਪਤਨੀ ਕਮਲੇਸ਼ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਉਸ 'ਚ ਅਤੇ ਉਨ੍ਹਾਂ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ। (7764)

ਮੈਂ, ਚਰਨ ਦਾਸ ਪੁੱਤਰ ਮੰਗਤ ਰਾਮ ਵਾਸੀ ਪਿੰਡ ਤਲਵਾੜਾ ਮਾਜਰਾ ਬਰਮਲਾ ਤਹਿਸੀਲ ਨੰਗਲ, ਰੂਪਨਗਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਮਹਿੰਦਰ ਪਾਲ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ। (ਸੁਰਜੀਤ ਸਿੰਘ ਢੇਰ)

ਮੈਂ, ਸੁਨੀਤਾ ਪਤਨੀ ਸਵਰਗੀ ਜੋਹਨ ਮਸੀਹ ਵਾਸੀ ਮਕਾਨ ਨੰਬਰ 1271, ਬੂਟਾ ਪਿੰਡ, ਜਲੰਧਰ ਆਪਣੇ ਬੇਟੇ ਇਬਰਾਹੀਮ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਉਸ 'ਚ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ 'ਚ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ। (7765)

ਮੈਂ, ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਫੋਲੜੀਵਾਲ, ਥਾਣਾ ਲਾਂਬੜਾ, ਜ਼ਿਲ੍ਹਾ ਜਲੰਧਰ ਆਪਣੇ ਲੜਕੇ ਹਰਦੀਪ ਤੇ ਉਸ ਦੀ ਪਤਨੀ ਸੁਪਿੰਦਰ ਕੌਰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਮੇਰਾ ਉਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਇਹ ਆਪਣੇ ਕਿਸੇ ਵੀ ਲੈਣ-ਦੇਣ ਜਾਂ ਚੰਗੇ-ਮਾੜੇ ਕੰਮਾਂ ਲਈ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਵਾਰ ਦਾ ਉਸ 'ਚ ਕੋਈ ਸੰਬੰਧ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ। (7766)

ਮੈਂ, ਗੁਰਮੀਤ ਸਿੰਘ ਪੁੱਤਰ ਚਰਨ ਦਾਸ ਵਾਸੀ ਖੜਿਆਲਾ (ਮਿਰਜ਼ਪੁਰ) ਡਾਕਖਾਨਾ ਹੁਸੈਨਪੁਰ ਲਾਲੋਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਅਤੇ ਨੂੰਹ ਗੁਰਜੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।
(ਹਿਤੇਸ਼)

ਮੈਂ, ਸ਼ਿਵ ਬਹਾਦਰ ਪੁੱਤਰ ਸ਼ਮਸ਼ੇਰ ਕੁਮਾਰ ਵਾਸੀ ਮੁਹੱਲਾ ਫੋਲਰੀਵਾਲ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੀਤਾ ਰਾਨਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਪ੍ਰੇਮ ਸਿੰਘ ਸੈਨੀ ਪੁੱਤਰ ਉਧਮ ਸਿੰਘ ਅਤੇ ਜੋਗਿੰਦਰ ਕੌਰ ਪਤਨੀ ਪ੍ਰੇਮ ਸਿੰਘ ਸੈਨੀ ਦੋਨੋ ਵਾਸੀਆਨ ਮਕਾਨ ਨੰ. 56-ਏ, ਪ੍ਰੀਤ ਨਗਰ, ਨਿਊ ਪ੍ਰੀਥਵੀ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਵਤਾਰ ਸਿੰਘ ਅਤੇ ਉਸਦੀ ਪਤਨੀ ਰਾਜਵਿੰਦਰ ਕੌਰ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਅਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪੱਤੀ ਢਿੱਲੋਂ ਲਾਲੂ ਘੁੰਮਣ ਤਹਿਸੀਲ ਤੇ ਜਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਉਰਫ ਨਿੱਕਾ ਮੇਰੇ ਕਹਿਣੇ ਤੋ ਬਾਹਰ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲਕ ਵਾਸਤਾ ਨਹੀ ਰਿਹਾ।

ਮੈਂ, ਦਰਸ਼ਨਾ ਪਤਨੀ ਲੇਟ ਲਾਲ ਚੰਦ ਵਾਸੀ ਮਕਾਨ ਨੰ. 66, ਡੈਮ ਗੰਜ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੋਨੂੰ ਅਤੇ ਉਸ ਦੀ ਪਤਨੀ ਹਰੀਸ਼ ਬਾਲਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਅਸ਼ਵਨੀ ਸੇਠ ਪੁੱਤਰ ਭਜਨ ਲਾਲ ਅਤੇ ਰਜਨੀ ਪਤਨੀ ਅਸ਼ਵਨੀ ਸੇਠ ਵਾਸੀਆਨ ਮਕਾਨ ਨੰ. 1631/9, ਗਲੀ ਬਾਗ ਚੌਧਰੀ, ਕਟੜਾ ਖਜ਼ਾਨਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਵਿਵੇਕ ਸੇਠ ਅਤੇ ਉਸ ਦੀ ਪਤਨੀ ਜੋਤੀ ਬਾਲਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਰਕੇਸ਼ ਕੁਮਾਰ ਪੁੱਤਰ ਰਜਿੰਦਰ ਕੁਮਾਰ ਅਤੇ ਕਮਲੇਸ਼ ਕੁਮਾਰੀ ਪਤਨੀ ਲੇਟ ਰਜਿੰਦਰ ਕੁਮਾਰ ਵਾਸੀਆਨ ਮਕਾਨ ਨੰ. 466, ਗਲੀ ਨੰ. 3, ਪਟਵਾਰੀਆਂ ਵਾਲੀ ਗਲੀ, ਗੋਪਾਲ ਨਗਰ, ਮਜੀਠਾ ਰੋਡ, ਅੰਮ੍ਰਿਤਸਰ ਦੇ ਵਸਨੀਕ ਹਾਂ। ਸਾਡਾ ਲੜਕਾ ਦੀਪਕ ਕੁਮਾਰ ਉਰਫ ਵਿੱਕੀ ਅਤੇ ਸਾਡੀ ਨੂੰਹ ਜਾਗ੍ਰਿਤੀ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਬੇਦਖਲੀ ਨੋਟਿਸ

ਮੈਂ, ਜੋਤੀ ਠਾਕੁਰ ਪਤਨੀ ਸਵ. ਸ੍ਰੀ ਜੈ ਕਿਸ਼ਨ ਵਾਸੀ ਮਕਾਨ ਨੰ. 724, ਨਿਊ ਕਮਲ ਵਿਹਾਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤਿਲਕ ਰਾਜ ਤੇ ਉਸਦੀ ਪਤਨੀ ਕਵਿਤਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਾਗੀਰੋ ਪਤਨੀ ਪ੍ਰਕਾਸ਼ (ਪਾਸੀ) ਵਾਸੀ ਸਹਿਜਾਦਾ ਨੰਗਲ ਮੰਡੀ, ਗੁਰਦਾਸਪੁਰ, ਤਹਿਸੀਲ, ਜ਼ਿਲ੍ਹਾ ਗੁਰਦਾਸਪੁਰ ਮੇਰਾ ਮੁੰਡਾ ਅਕਾਸ਼ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ। ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਤਿਲਕ ਰਾਜ ਪੁੱਤਰ ਭਗਤ ਰਾਮ ਅਤੇ ਜਸਵਿੰਦਰ ਕੌਰ ਪਤਨੀ ਤਿਲਕ ਰਾਜ, ਨਿਵਾਸੀ ਪਿੰਡ ਲੋਹਾਰ ਸੁੱਖਾ ਸਿੰਘ, ਲੋਹਾਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਵਦੀਪ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਨਾਂਅ ਦੀ ਬਦਲੀ

ਮੈਂ, ਰਜਨੀ ਪਤਨੀ ਰਵੀ ਕੁਮਾਰ ਪਿੰਡ ਪਾਲ ਨੌ, ਤਹਿਸੀਲ ਫਿਲੌਰ, ਜ਼ਿਲ੍ਹਾ (ਜਲੰਧਰ) ਨੇ ਆਪਣਾ ਨਾਂਅ ਬਦਲ ਕੇ ਰਜਨੀ ਤੋਂ ਰਜਨੀ ਕਟਾਰੀਆ ਰੱਖ ਲਿਆ, ਸੰਬੰਧਤ ਨੋਟ ਕਰਨ। (ਹਰਜਿੰਦਰ ਕੌਰ)

ਮੈਂ, ਕਿਰਨ ਪੁੱਤਰੀ ਜਸਵਿੰਦਰ ਸਿੰਘ ਪਤਨੀ ਜੇਮਸ ਪੋਲ ਵਾਸੀ ਪਿੰਡ ਬੜਾ, ਜ਼ਿਲ੍ਹਾਂ ਜਲੰਧਰ-144801, ਪੰਜਾਬ ਨੇ ਆਪਣਾ ਨਾਮ ਕਿਰਨ ਤੋਂ ਬਦਲ ਕੇ ਕਿਰਨ ਪੋਲ ਰੱਖ ਲਿਆ ਹੈ, ਵਿਆਹ ਤੋਂ ਬਾਅਦ। ਸਬੰਧਿਤ ਨੋਟ ਕਰਨ

ਮੈਂ, ਸੁਖਵਿੰਦਰ ਪਾਲ ਪੁੱਤਰ ਰਾਮ ਲਾਲ ਵਾਸੀ ਪਿੰਡ ਖੈਰਾ, ਡਾਕਖਾਨਾ ਚਾਚੋਕੀ, ਤਹਿਸੀਲ ਫਗਵਾੜਾ, ਜ਼ਿਲ੍ਹਾਂ ਕਪੂਰਥਲਾ ਨੇ ਆਪਣਾ ਨਾਮ ਸੁਖਵਿੰਦਰ ਪਾਲ ਤੋਂ ਬਦਲ ਕੇ ਸੁਖਵਿੰਦਰ ਪਾਲ ਕਲੇਰ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਸੁਖਵਿੰਦਰ ਪਾਲ ਕਲੇਰ ਪੁੱਤਰ ਰਾਮ ਲਾਲ ਵਾਸੀ ਪਿੰਡ ਖੈਰਾ, ਡਾਕਖਾਨਾ ਚਾਚੋਕੀ, ਤਹਿਸੀਲ ਫਗਵਾੜਾ, ਜ਼ਿਲ੍ਹਾਂ ਕਪੂਰਥਲਾ ਨੇ ਆਪਣੀ ਨਾਬਾਲਿਗ ਲੜਕੀ ਦਾ ਨਾਮ ਪ੍ਰਿਆ ਤੋਂ ਬਦਲ ਕੇ ਪ੍ਰਿਆ ਕਲੇਰ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਚੰਨਣ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਅਦਲੀਵਾਲਾ, ਅੰਮ੍ਰਿਤਸਰ ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਚੰਨਣ ਸਿੰਘ ਤੋਂ ਬਦਲ ਕੇ ਚਰਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

Change of Name

I, Purvi Angural W/o Shubam Sadana R/o HM-44, Aman Avenue,Outside Gate Hakima Amritsar, Punjab have changed my name from Purvi Angural to Purvi Sadana.Concerned note.

I, Pardeep Singh S/o Mohinder Singh R/o H.No.51, Satgur Ram Singh Colony, Opp. Khalsa Clollege, Amritsar, Punjab have changed my name to Pardeep as my Given name and Singh as Surname.

I, Jit Singh S/o Raghbir Singh R/o H. No. 90, Gali No.2, New Shaheed Udham Singh Nagar, Amritsar, Punjab have changed my name from Jit Singh to Jeet Singh.Concerned note.

I, Sudash Kumar S/o Lal Chand R/o 1, Ram Tirath Road, Joshi Colony, Mahal, Amritsar, Punjab have changed my name from Sudash Kumar to Sudesh Kumar.Concerned note.

I, Pawanjit Singh Passport No. L2135541 S/o Anand Jit Singh R/o H.No. 103, Daya Nand Nagar, Lawrence Road, Amritsar hereby notify that My Sur Name is Singh. All Concerned to Note. (Uttam)

I, Rajwinder Kaur (D.O.B 22/03/1985) W/o Amrinder Singh R/o VPO. Dhada Kalan, Tehsil Garhshankar, Hoshiarpur have changed my name from Rajwinder Kaur to Rajwinder Kaur Mann. (Hitesh)

I, Amrinder Singh (D.O.B 17/05/1986) S/o Mohinder Singh R/o VPO. Dhada Kalan, Tehsil Garhshankar, Hoshiarpur have changed my name from Amrinder Singh to Amrinder Singh Mann. (Hitesh)

I, Mohinder Paul S/o Hansraj R/o 7473, Gali No.9, Batala Road, Subhash Colony, Amritsar, Punjab have changed my name from Mohinder Paul to Mohinder Pal. Concerned note. (R)

I, Devinder Kaur W/o Jasmeet Singh Bindra R/o H.No. 661/12, Street No 2, Preet Nagar Distt. Hoshiarpur Punjab have changed my name from Devinder Kaur to Davinder Kaur. Concerned note. (Hitesh)

I, Love S/o Mahinder Singh H.No. 245 C W No. 10, Mohalla Babu Parmanand Nagar, Gurdaspur, that I have changed my name Love to Love Singh. All Concerned note. (Bank)

I Baljinder Kaur W/o. Diyal Singh Village Baba Bakala Sahib (Amritsar) declare that name of my Husband in My Passport as Dayal Singh, which is wrong, Correct name is My Husband is Diyal Singh. Concerned Note. (Athoula)

I, Manjit Singh Dogra S/o Bakshinder Singh R/o Near Tibba Sahib Gurudwara, Dogra Cottage, Sant Baba Sohan Singh Colony, Hoshiarpur Punjab have changed my name from Manjit Singh Dogra to Manjeet Singh. Concerned note.

I, Gurdeep Kaur Dogra W/o Manjeet Singh R/o Near Tibba Sahib Gurudwara, Dogra Cottage, Sant Baba Sohan Singh Colony, Hoshiarpur Punjab have changed my name from Gurdeep Kaur Dogra to Gurdeep Kaur. Concerned note.

I, Paramjit S/o Sh. Ram Lubhaiya R/o H.No. E.S – 275 , Street No.1 Abadpura , Jalandhar Punjab So That I Have Change My Name Paramjit To Paramjit Thaper . All Concerned Please Note.

I, Raman S/o Paramjit Thaper R/o H.No. E.S – 275 , Street No.1 Abadpura, Jalandhar Punjab So That I Have Change My Name Raman To Raman Thaper . All Concerned Please Note.

Change of Name

I, Rashmi D/o Kailash Bahri W/o Mohan Kohli R/o H.No. 12, Gali No. 11, Fateh Singh Nagar O/s Gate Hakima, Amritsar, Punjab have changed my name after marriage from Rashmi to Rashmi Kohli.

I, Gagan Gupta S/o Anup Kumar R/o H.No.1371, Sec-12, Huda Panipat. Haryana-132103, have changed my name and shall hereafter be Known as Gagan Garg. All Please Note.

I, Sanjeev Kumar Gupta S/o Raj Pal Gupta R/o 7/204, Raj Bhawan, Talab Wali Gali, Old Fafidabad, Faridabad, Haryana-121002, have changed my name and shall hereafter be Known as Sanjeev Gupta. All Please Note.

I, Chhama Gupta W/o Ved Parkash Goel R/o 232/817-A, Laxmi Niwas, Uncha Gaon, Ballabgarh, Faridabad, Haryana-121004. have changed my name and shall hereafter be Known as Varsha Goel. All Please Note.

I, Mohinder Singh S/o Masha Singh R/o VPO. Chone, Tehsil Batala, Distt. Gurdaspur have correct spelling of my name from Mohinder Singh to Mahinder Singh. All Please Note.

I, hitherto known Aspretty D/o Parminder Pal (W/o Mandeep Kumar) R/o Vill. Dehriwal, Po. Bassi Jalal Khan, Distt. Hoshiarpur-144203, Punjab have changed my name and shall hereafter be known as Pretty Kumari.

I, Sanbir Singh s/o Sarabjit Singh r/o H.No.6, Opposite JCT Mill, Govt Labour Colony, Phagwara, Kapurthala-144401, Punjab Changed my name spelling to Sanvir Singh. All Please Note.

I, Raj Rani d/o Sohan Lal w/o Ashok Kumar Bharti r/o Shitla Mandir, Devi Talab, Kapurthala-144601, Changed my name to Raj Bharti. All Please Note.

I, Gurpreet Kaur Seahra w/o Jaswant Singh r/o B-25/111, Near Old Octrol Sultanpur Road, Kapurthala Changed my name to Gurpreet Kaur. All Please Note.

I, Chandni Nischal w/o Sanjay Setia r/o H.No. 212/1, Udham Singh Nagar, Jalandhar, Punjab have changed my name to Chandni Setia. after marriage. All Please Note.

I, Paramjit Kaur w/o Sunil Sodhi r/o H.No. B1/842, Ram Nagar Jalandhar, Punjab have changed my name spelling to Paramjeet Kaur. All Please Note.

I, Chanda d/o Ram Chander Yadav r/o Vill. Kahlwan, Distt. Jalandhar, Punjab have changed my name To Chanda Kumari. All Please Note.

I, Arminder Kaur w/o Gurpartap Singh r/o Vill. Deepeywal, Po.Wara Jodh Singh, Teh.Sultanpur Lodhi, Kapurthala have changed my minor son name from Ekamjot to Singh Ekamjot. All Please Note.

I, Chahat d/o Deepak Kumar r/o 116, Kamal Vihar, Basti Peer Dad Road, Jalandhar have changed my name from Chahat to Chahat Verma. All Please Note. (R)

I, Mool Chander S/o Balak Ram R/o H.No. 236 B, Gali No. 7, Near Transfarmer, Baba Budha Ji Enclave, Dakoha, Distt. Jalandhar, Punjab have changed my name from Mool Chander to Mool Chand Saini. All concerned please note.

I, Bimla Kaur W/o Gurmail Singh, R/o VPO: Surapur, District: Nawanshahr declare that Bimal Kaur as well as Bimla Kaur is one and the same person.

I, Narinder W/o Ravinder Singh R/o 13, Gali No.2, Mishra Singh Colony, Guru Teg Bahudar Avenue B/s Dera Baba Sant Bhori Wala Tarn Taran Road, Amritsar have changed my name from Narinder to Narinderjit Kaur

I, Harpreet Kaur Alias Rajwant Kaur W/o Narinder Singh R/o 69, East Mohan Nagar Amritsar have changed my name from Harpreet Kaur Alias Rajwant Kaur to Harpreet Kaur

I, Harjeet Kaur W/o Jasbir Singh R/o L-4/1705, Plot No.7-B, New Tej Nagar, Near Gurdwara Dashmesh Darshan, Sultanwind Road, Amritsar have changed my name from Harjeet Kaur to Harjit Kaur

I Gurwinder Singh S/O Darshan Singh R/O Vpo Chogawan Via Tarsikka Distt Amritsar Have Changed My Name From Gurwinder Singh To Gurvinder Singh

I, Rimpi W/o Som Parkash R/o Village Faridpur P.O. Rahimpur Distt. Jalandhar, have changed my minor daughter name from Deepika to Deepika Kumari. All concerned note. (7767)

I, Rimpi W/o Som Parkash R/o Village Faridpur, P.O. Rahimpur, Distt. Jalandhar, have changed my minor daughter name from Lovepreet to Lovepreet Kumari. All concerned note. (7767)

I Joginder Pal S/o Hari Singh, R/o Vill. Mehmuwal Mahlan, Tehsil Shahkot Distt. Jalandhar (Punjab) have Changed my name Joginder Pal to Joginder Singh, Concerned May Note.

I, Rimpi W/o Som Parkash, R/o Village Faridpur P.O. Rahimpur, Distt. Jalandhar, have changed my minor daughter name from Riya to Riya Kumari. All concerned note. (7767)

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਬੁਟਾਰੀ ਦਫਤਰ 'ਚ ਅਚਾਨਕ ਛਾਪਾ

ਤਰਸਿੱਕਾ,ਜੰਡਿਆਲਾ ਗੁਰੂ (ਤਰਸੇਮ ਸਿੰਘ ਸਾਧਪੁਰ,ਹਰਿੰਦਰਪਾਲ ਸਿੰਘ)- ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਬੁਟਾਰੀ ਦਫਤਰ ਵਿੱਚ ਅਚਨਚੇਤ ਛਾਪਾ ਮਾਰ ਕੇ ਸਟਾਫ਼ ਦੀ ਕੀਤੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਹਾਜ਼ਰ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਵਿਭਾਗ ਸੰਬੰਧੀ ਫੀਡਬੈਕ ਲਈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਤਬਦੀਲ ਕੀਤੇ ਗਏ ਦਫ਼ਤਰੀ ਸਮੇਂ ਨੂੰ ਹਰ ਹਾਲਤ ਲਾਗੂ ਕੀਤਾ ਜਾਵੇ ਅਤੇ ਸਵੇਰੇ ਸਮੇਂ ਸਿਰ ਦਫਤਰ ਪਹੁੰਚ ਕੇ ਲੋਕਾਂ ਦੇ ਕੰਮ ਤਰਜੀਹ ਅਧਾਰ ਉੱਤੇ ਕੀਤੇ ਜਾਣੇ ਯਕੀਨੀ ਬਣਾਏ ਜਾਣ। ਉਨ੍ਹਾਂ ਮੁਲਾਜ਼ਮਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਕਿਸੇ ਵੀ ਖਪਤਕਾਰ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਨਾ ਕਰਨ । ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬਹੁਤ ਸਖਤ ਹੈ ਅਤੇ ਇਸ ਸੰਬੰਧੀ ਰੱਤੀ ਭਰ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ ਅਗਲੇ ਦਿਨਾਂ 'ਚ ਪੰਜਾਬ ਦੇ ਹੋਰਨਾਂ ਦਫ਼ਤਰਾਂ ਦੀ ਵੀ ਅਚਾਨਕ ਚੈਕਿੰਗ ਕੀਤੀ ਜਾਵੇਗੀ ਤਾਂ ਜੋ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਮੁਸ਼ਕਲਾਂ ਅਤੇ ਗਰਮੀ ਦੇ ਮੱਦੇਨਜ਼ਰ ਤਬਦੀਲ ਕੀਤੇ ਦਫ਼ਤਰੀ ਸਮੇਂ ਨੂੰ ਇੰਨ-ਬਿੰਨ ਲਾਗੂ ਕਰਵਾਇਆ ਜਾ ਸਕੇ।

ਬੀ ਡੀ ਸਾਫਟ ਨੇ ਪੰਜਾਬ ਦੇ ਬਜ਼ਾਰਾਂ 'ਚ ਹਮਲਾਵਰ ਵਿਸਤਾਰ ਦੀ ਯੋਜਨਾ ਬਣਾਈ

ਅੰਮ੍ਰਿਤਸਰ : ਬੀ ਡੀ ਸਾਫਟਵੇਅਰ ਡਿਸਟ੍ਰੀਬਿਊਸ਼ਨ ਪ੍ਰਾਈਵੇਟ ਲਿਮਿਟਿਡ , ਉਦਯੋਗ-ਮੋਹਰੀ ਖਪਤਕਾਰਾਂ, ਐਸ ਐਮ ਬੀ ਅਤੇ ਐਂਟਰਪ੍ਰਾਈਜ਼ ਪੱਧਰ ਦੇ ਹੱਲਾਂ ਦੀ ਪੇਸ਼ਕਸ਼ ਕਰਨ ਵਾਲਾ ਇੱਕ ਮੁੱਲ-ਵਰਧਿਤ ਆਈ ਟੀ ਸੁਰੱਖਿਆ ਵਿਤਰਕ, ਪੰਜਾਬ ਦੇ ਬਜ਼ਾਰਾਂ ਵਿੱਚ ਇੱਕ ਹਮਲਾਵਰ ਰੋਡਮੈਪ ਦੀ ਘੋਸ਼ਣਾ ਕਰਦਾ ਹੈ। ਉੱਤਰੀ ਭਾਰਤ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਦਾ ਹੈ। ਪਹਿਲੇ ਪੜਾਅ ਵਿੱਚ, ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਫੋਕਸ ਖੇਤਰ ਬਣੇ ਰਹਿਣਗੇ, ਕਿਉਂਕਿ ਇੰਟਰਨੈੱਟ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਸ ਨੇ ਇਨ੍ਹਾਂ ਸ਼ਹਿਰਾਂ ਵਿੱਚ ਡਿਜੀਟਲ ਕ੍ਰਾਂਤੀ ਨੂੰ ਕਿਵੇਂ ਬਲ ਦਿੱਤਾ ਹੈ। ਵਿਸਤਾਰ 'ਤੇ ਟਿੱਪਣੀ ਕਰਦੇ ਹੋਏ, ਸ੍ਰੀਮਾਨ ਜਾਕਿਰ ਹੁਸੈਨ, ਸੀ ਈ ਓ, ਬੀ ਡੀ ਸਾਫਟ, ਨੇ ਕਿਹਾ, " ਸਾਡਾ ਮੁੱਖ ਟੀਚਾ ਭਾਰਤ ਨੂੰ ਤਕਨਾਲੋਜੀ ਤੱਕ ਸੁਰੱਖਿਅਤ ਅਤੇ ਸੁਰੱਖਿਅਤ ਪਹੁੰਚ ਪ੍ਰਦਾਨ ਕਰਨਾ ਹੈ ਅਤੇ ਬ੍ਰਾਂਡ ਦੁਆਰਾ ਚੁੱਕੇ ਗਏ ਕਦਮ ਉੱਤਰੀ ਭਾਰਤ ਦੇ ਬਜ਼ਾਰ ਵਿੱਚ ਮਜ਼ਬੂਤ ਆਈ ਟੀ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣਗੇ। ਸਾਡੇ ਕੋਲ ਪਹਿਲਾਂ ਹੀ ਖੇਤਰ ਵਿੱਚ ਇੱਕ ਵਿਸਤ੍ਰਿਤ ਚੈਨਲ ਨੈਟਵਰਕ ਹੈ।

ਜੈਵਿਕ ਖੇਤੀ ਕਰਕੇ ਜ਼ਹਿਰਾਂ ਰਹਿਤ ਫਸਲਾਂ ਦੀ ਪੈਦਾਵਾਰ ਕੀਤੀ ਜਾ ਸਕਦੀ

ਗੁਰਦਾਸਪੁਰ (ਜਨਕ ਮਹਾਜਨ)- ਬਿਨਾਂ ਰਸਾਇਣਕ ਖਾਦਾਂ ਦੇ ਜੈਵਿਕ ਖੇਤੀ ਕਰਕੇ ਜ਼ਹਿਰਾਂ ਰਹਿਤ ਫਸਲਾਂ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਫਾਇਦੇਮੰਦ ਹੈ। ਜੈਵਿਕ ਖੇਤੀ ਦੀ ਉਪਜ ਦਾ ਬਜ਼ਾਰ ਵਿੱਚ ਦੁਗਣੇ ਤੋਂ ਵੱਧ ਮੁੱਲ ਮਿਲ ਜਾਂਦਾ ਹੈ ਅਤੇ ਬਜ਼ਾਰ ਵਿੱਚ ਇਸ ਦੀ ਮੰਗ ਵਿੱਚ ਭਾਰੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਕਿਸਾਨ ਇਸ ਖੇਤੀ ਵੱਲ ਆ ਰਹੇ ਹਨ। ਜੈਵਿਕ ਖੇਤੀ ਸੰਬੰਧੀ ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਰੰਗੀਲਪੁਰ ਦੇ ਅਗਾਂਹਵਧੂ ਕਿਸਾਨ ਗੁਰਮੁਖ ਸਿੰਘ ਜੋ ਕਿ ਖੁਦ ਵੀ ਜੈਵਿਕ ਖੇਤੀ ਕਰਦੇ ਹਨ, ਨੇ ਦੱਸਿਆ ਕਿ ਜੈਵਿਕ ਖੇਤੀ ਵਿੱਚ ਬਿਨਾਂ ਰਸਾਇਣਕ ਖਾਦਾਂ ਅਤੇ ਖੇਤੀ ਰਸਾਇਣਾਂ ਦੇ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ। ਉਨ੍ਹਾ ਦੱਸਿਆ ਕਿ ਰਸਾਇਣਕ ਖੇਤੀ ਨੂੰ ਜੈਵਿਕ ਵਿੱਚ ਬਦਲਣ ਵਾਸਤੇ ਤਿੰਨ ਸਾਲ ਲੱਗਦੇ ਹਨ। ਉਨ੍ਹਾ ਦੱਸਿਆ ਕਿ ਜੈਵਿਕ ਖੇਤਾਂ ਦੇ ਦੁਆਲੇ ਬਫ਼ਰ ਥਾਂ ਦੀ ਲੋੜ ਹੁੰਦੀ ਹੈ ਤਾਂ ਕਿ ਰਸਾਇਣਕ ਖੇਤਾਂ ਤੋਂ ਕਿਸੇ ਕਿਸਮ ਦਾ ਕੋਈ ਰਸਾਇਣ ਜੈਵਿਕ ਖੇਤ ਵਿੱਚ ਨਾ ਆਵੇ। ਉਨ੍ਹਾ ਕਿਹਾ ਕਿ ਜੈਵਿਕ ਖੇਤੀ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ ਦੀ ਬਿਲਕੁਲ ਮਨਾਹੀ ਹੈ। ਗੁਰਮੁਖ ਸਿੰਘ ਨੇ ਦੱਸਿਆ ਕਿ ਜੈਵਿਕ ਖੇਤੀ ਕਰਦੇ ਸਮੇਂ ਬੀਜ ਨੂੰ ਕਿਸੇ ਵੀ ਰਸਾਇਣ ਨਾਲ ਨਹੀਂ ਸੋਧਿਆ ਜਾਂਦਾ। ਜੈਨੇਟਿਕਲੀ ਬਦਲੀਆਂ ਹੋਈਆਂ ਫ਼ਸਲਾਂ ਜਿਵੇਂ ਕਿ ਬੀ.ਟੀ. ਕਿਸਮਾਂ ਦੀ ਮਨਾਹੀ ਹੈ। ਬੀਜ ਜੈਵਿਕ ਫ਼ਸਲ ਵਿੱਚੋਂ ਹੀ ਹੋਣਾ ਚਾਹੀਦਾ ਹੈ। ਰਸਾਇਣਕ ਖਾਦਾਂ ਦੇ ਬਦਲ ਵਜੋਂ ਫ਼ਲੀਦਾਰ ਫ਼ਸਲ ਅਧਾਰਤ ਫ਼ਸਲੀ ਚੱਕਰ, ਫ਼ਸਲਾਂ ਦੀ ਰਹਿੰਦ-ਖੂੰਹਦ, ਹਰੀ ਖਾਦ, ਰੂੜੀ ਦੀ ਖਾਦ, ਗੰਡੋਆ ਖਾਦ, ਕੰਪੋਸਟ, ਜੀਵਾਣੂੰ ਖਾਦਾਂ, ਨਾ ਖਾਣ ਯੋਗ ਖ਼ਲਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਰੂੜੀ ਦੀ ਖਾਦ ਜੈਵਿਕ ਖੇਤ ਦੀ ਹੀ ਹੋਣੀ ਚਾਹੀਦੀ ਹੈ। ਉਨ੍ਹਾ ਦੱਸਿਆ ਕਿ ਨਦੀਨਾਂ ਦੀ ਰੋਕਥਾਮ ਫ਼ਸਲਾਂ ਦੀ ਅਦਲਾ ਬਦਲੀ ਜਾਂ ਫ਼ਸਲ ਪੈਦਾ ਕਰਨ ਦੇ ਕਾਸ਼ਤਕਾਰੀ ਢੰਗਾਂ ਵਿੱਚ ਹੇਰ-ਫ਼ੇਰ ਅਤੇ ਗੋਡੀ ਨਾਲ ਕੀਤੀ ਜਾਂਦੀ ਹੈ। ਫ਼ਸਲਾਂ ਦੇ ਕੀੜਿਆਂ ਦੀ ਰੋਕਥਾਮ ਲਈ ਖੇਤ ਪ੍ਰਬੰਧ ਵਿੱਚ ਬਦਲਾਅ ਕਰਕੇ ਮਿੱਤਰ ਕੀੜਿਆਂ ਅਤੇ ਪੰਛੀਆਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਂਦਾ ਹੈ। ਨਿੰਮ ਦੀਆਂ ਨਮੋਲੀਆਂ ਦੇ ਅਰਕ ਜਾਂ ਜੈਵਿਕ ਕੀਟਨਾਸ਼ਕਾਂ (ਬੀ.ਟੀ, ਐਨ.ਪੀ.ਵੀ, ਟਰਾਈਕੋਗ੍ਰਾਮਾ ਆਦਿ) ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਿਸਾਨ ਗੁਰਮੁਖ ਸਿੰਘ ਨੇ ਦੱਸਿਆ ਕਿ ਬਿਮਾਰੀਆਂ ਦੀ ਰੋਕਥਾਮ ਲਈ ਟਰਾਈਕੋਡਰਮਾ ਅਤੇ ਪੀ.ਐਸ.ਐਫ ਆਦਿ ਉੱਲੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪ੍ਰਦੂਸ਼ਤ ਪਾਣੀ ਜਿਵੇਂ ਕਿ ਸੀਵਰੇਜ ਦੇ ਪਾਣੀ ਆਦਿ ਨਾਲ ਖੇਤ ਦੀ ਸਿੰਚਾਈ ਨਹੀਂ ਕਰਨੀ ਚਾਹੀਦੀ। ਕਿਸਾਨਾਂ ਨੂੰ ਆਪਣੀ ਫਸਲ ਦਾ ਕੁਝ ਰਕਬਾ ਜੈਵਿਕ ਖੇਤੀ ਦੇ ਅਧੀਨ ਜ਼ਰੂਰ ਲਿਆਉਣਾ ਚਾਹੀਦਾ ਹੈ।

Change of Name

I, hitherto known as Daljit Singh Sandhu Son of Baldev Singh Residing Village Sargundi, Tehsil Phillaur, Distt. Jalandhar Pb INDIA has changed my name and shall hereafter be known as Daljit Singh Sidhu. (Binder Suman)

I, Parveen Pal Wife of Dharam Pal R/o Village Birring PO Jalandhar Cantt. Distt Jalandhar have changed my name after marriage from Parveen to Parveen Pal. All concerned note please. (Sagar)

26-MAY-PAGE-7.qxd 5/25/2023 10:58 PM Page 1

ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਤੇ ਬਾਸਮਤੀ ਅਧੀਨ ਰਕਬਾ ਵਧਾਉਣ ਲਈ ਪ੍ਰੇਰਤ ਕਰਨਗੇ ਕਿਸਾਨ ਮਿੱਤਰ : ਵਿਜੇ ਸਿੰਘ

ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਰਕਾਰ ਦੇਵੇਗੀ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਸਬਸਿਡੀ

ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਡਾਕਟਰ ਵਿਜੇ ਸਿੰਘ ਤੇ ਹਾਜ਼ਰ ਕਿਸਾਨ ਮਿੱਤਰ ਤੇ ਕਿਸਾਨ।

ਮਮਦੋਟ (ਜਸਬੀਰ ਸਿੰਘ ਕੰਬੋਜ)

ਕਿਸਾਨਾਂ ਨੂੰ ਬਾਸਮਤੀ ਲਗਾਉਣ ਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਪ੍ਰੇਰਤ ਕਰਨ ਵਾਸਤੇ ਖੇਤੀਬਾੜੀ ਵਿਭਾਗ ਵੱਲੋਂ ਬਲਾਕ ਮਮਦੋਟ ਵਿੱਚ 41 ਕਿਸਾਨ ਮਿੱਤਰ ਨਿਯੁਕਤ ਕੀਤੇ ਗਏ ਹਨ, ਜੋ ਕਿਸਾਨਾਂ ਨੂੰ ਪਾਣੀ ਦੀ ਘੱਟ ਖਪਤ ਤੇ ਘੱਟ ਖਰਚੇ ਨਾਲ ਝੋਨੇ ਦੀ ਫ਼ਸਲ ਤੋਂ ਵੱਧ ਮੁਨਾਫ਼ਾ ਕਮਾਉਣ ਸਬੰਧੀ ਜਾਗਰੂਕ ਕਰਨ ਦੇ ਨਾਲ ਨਾਲ ਜ਼ਹਿਰ ਰਹਿਤ ਫਸਲਾਂ ਪੈਦਾ ਕਰਨ ਸਬੰਧੀ ਵੀ ਜਾਣਕਾਰੀ ਦੇਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾਕਟਰ ਤੇਜਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਡਾ. ਵਿਜੈ ਸਿੰਘ ਖੇਤੀਬਾੜੀ ਅਫਸਰ ਬਲਾਕ ਮਮਦੋਟ ਦੀ ਯੋਗ ਅਗਵਾਈ ਹੇਠ ਮਮਦੋਟ ਵਿਖੇ ਲਗਾਏ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਦੌਰਾਨ ਵਿਜੇ ਸਿੰਘ ਬਲਾਕ ਖੇਤੀਬਾੜੀ ਅਫਸਰ ਨੇ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਉਤਸ਼ਾਹਤ ਕਰਨ ਵਾਸਤੇ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਦੀ ਤਰ੍ਹਾਂ ਹੀ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਸਹਾਇਤਾ ਰਾਸ਼ੀ (ਸਬਸਿਡੀ) ਦਿੱਤੀ ਜਾਵੇਗੀ। ਉਨ੍ਹਾ ਕਿਸਾਨਾਂ ਨੂੰ ਹਦਾਇਤ ਕੀਤੀ ਕਿ ਜੋ ਪੰਜਾਬ ਸਰਕਾਰ ਵੱਲੋਂ ਜੋ 10 ਜ਼ਹਿਰੀਲੀਆਂ ਦਵਾਈਆਂ ਬਾਸਮਤੀ ਦੀ ਫਸਲ ਉੱਪਰ ਨਾ ਵਰਤਣ ਦੀ ਸਿਫਾਰਸ਼ ਕੀਤੀ ਗਈ ਹੈ, ਤੋਂ ਪ੍ਰਹੇਜ ਕੀਤਾ ਜਾਵੇ ਤੇ ਜੇਕਰ ਝੋਨੇ ਜਾਂ ਬਾਸਮਤੀ ਦੀ ਫਸਲ ਨੂੰ ਕਿਸੇ ਕਿਸਮ ਦੀ ਬਿਮਾਰੀ ਦੇ ਇਲਾਜ ਬਾਰੇ ਤੁਹਾਨੂੰ ਨਹੀਂ ਪਤਾ ਲੱਗਦਾ ਤਾਂ ਆਪਣੇ ਇਲਾਕੇ ਨਾਲ ਸਬੰਧਤ ਕਿਸਾਨ ਮਿੱਤਰ ਜਾਂ ਖੇਤੀਬਾੜੀ ਮਹਿਕਮੇ ਦੇ ਮਾਹਰ ਦੀ ਸਲਾਹ ਲਈ ਜਾਵੇ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਸਬੰਧੀ ਕੈਲੰਡਰ ਤੇ ਕਿਤਾਬਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸੰਪੂਰਨ ਸਿੰਘ ਮਮਦੋਟ, ਮਹਿੰਦਰ ਸਿੰਘ ਵਧਾਵਣ ਰਹੀਮੇ ਕੇ, ਪਿੱਪਲ ਸਿੰਘ ਸਦਰਦੀਨ, ਗੁਰਪ੍ਰੀਤ ਸਿੰਘ ਸੰਧੂ ਮਮਦੋਟ, ਸੁਖਦੇਵ ਸਿੰਘ, ਭਗਵਾਨ ਦਾਸ ਸ਼ਰਮਾ ਤੇ ਖੇਤੀਬਾੜੀ ਵਿਭਾਗ ਬਲਾਕ ਮਮਦੋਟ ਦਾ ਸਮੁੱਚਾ ਸਟਾਫ ਹਾਜ਼ਰ ਸੀ।

ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਮਾਮਲੇ 'ਚ ਦੋ ਨੂੰ ਦਸ-ਦਸ ਸਾਲ ਦੀ ਕੈਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਕਤੂਬਰ 2020 'ਚ ਨਸ਼ੀਲੇ ਪਦਾਰਥਾਂ ਦੀ ਹੋਈ ਬਰਾਮਦਗੀ ਦੇ ਇੱਕ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਨੂੰ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਬਡਾਲੀ ਆਲਾ ਸਿੰਘ ਵਿਖੇ ਕੁਲਵੀਰ ਸਿੰਘ ਉਰਫ ਲਾਲੀ ਵਾਸੀ ਪਿੰਡ ਬੈਦਵਾਨ ਬਾਸੀਆਂ ਤੇ ਪ੍ਰਗਟ ਸਿੰਘ ਵਾਸੀ ਚੁੰਨੀ ਕਲਾਂ ਵਿਰੁੱਧ ਦਰਜ ਕੀਤੇ ਗਏ ਮੁਕੱਦਮੇ 'ਚ ਦੋਵਾਂ ਨੂੰ ਗ੍ਰਿਫਤਾਰ ਕਰਦੇ ਹੋਏ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਰਾਤ ਨੂੰ ਚੁੰਨੀ ਕਲਾਂ ਦੀ ਅਕਾਲ ਅਕੈਡਮੀ ਨਜ਼ਦੀਕ ਨਾਕਾਬੰਦੀ ਦੌਰਾਨ ਪੁਲਸ ਪਾਰਟੀ ਵੱਲੋਂ ਰੋਕੇ ਗਏ ਉਕਤ ਮੋਟਰਸਾਈਕਲ ਸਵਾਰਾਂ ਦੀ ਉਸ ਸਮੇਂ ਦੇ ਤਤਕਾਲੀ ਐੱਸ.ਐੱਚ.ਓ. ਇੰਸਪੈਕਟਰ ਨਵਦੀਪ ਸਿੰਘ ਵੱਲੋਂ ਜਦੋਂ ਡੀ.ਐੱਸ.ਪੀ. ਸੁਖਵਿੰਦਰ ਸਿੰਘ ਚੌਹਾਨ ਦੀ ਹਾਜ਼ਰੀ 'ਚ ਤਲਾਸ਼ੀ ਲਈ ਗਈ ਤਾਂ ਦੋਵਾਂ ਦੇ ਕਬਜ਼ੇ 'ਚੋਂ 4820 ਗੋਲੀਆਂ ਲੋਮੋਟਿਲ, 450 ਗੋਲੀਆਂ ਐਲਪ੍ਰਾਜ਼ੋਲਮ, 6 ਟੀਕੇ ਬਿਉਪਰੋਨੋਰਫਿਨ ਤੇ 6 ਸ਼ੀਸ਼ੀਆਂ ਏਵਲ ਦੀਆਂ ਬਰਾਮਦ ਹੋਈਆਂ। ਮੁਕੱਦਮੇ ਦੀ ਸੁਣਵਾਈ ਦੌਰਾਨ ਪ੍ਰਾਸੀਕਿਊਸ਼ਨ ਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਗਏ ਸਬੂਤਾਂ, ਗਵਾਹਾਂ ਤੇ ਦਲੀਲਾਂ ਨੂੰ ਵਿਚਾਰਨ ਤੋਂ ਬਾਅਦ ਸਪੈਸ਼ਲ ਅਦਾਲਤ ਨੇ ਕੁਲਵੀਰ ਸਿੰਘ ਉਰਫ ਲਾਲੀ ਤੇ ਪ੍ਰਗਟ ਸਿੰਘ ਨੂੰ ਮਾਮਲੇ 'ਚ ਅ/ਧ 22ਸੀ ਐੱਨ.ਡੀ.ਪੀ.ਐੱਸ. ਐਕਟ ਤਹਿਤ ਦੋਸ਼ੀ ਮੰਨਦੇ ਹੋਏ 10-10 ਸਾਲ ਕੈਦ ਬਾਮੁਸ਼ੱਕਤ ਤੇ ਇੱਕ-ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

ਬਠਿੰਡਾ ਦੀ ਵਿਦਿਆਰਥਣ ਨੇ ਕਮਰਸ 'ਚ ਕੀਤਾ ਟਾਪ

ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਸਕੂਲ ਸਟਾਫ਼ ਵੱਲੋਂ ਵਿਦਿਆਰਥਣ ਦਾ ਸਨਮਾਨ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਥਾਨਕ ਸਿਪਾਹੀ ਸੰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਅਧੀਨ 12ਵੀਂ ਜਮਾਤ ਦੇ ਕਾਮਰਸ ਸਟਰੀਮ 'ਚ ਐਲਾਨੇ ਗਏ ਨਤੀਜਿਆਂ 'ਚ 500 ਵਿੱਚੋਂ 494 ਅੰਕ ਪ੍ਰਾਪਤ ਕਰਕੇ ਸੂਬੇ ਭਰ 'ਚ ਟਾਪ ਕੀਤਾ ਹੈ। ਇਹ ਪ੍ਰਗਟਾਵਾ ਕਰਦਿਆਂ ਇੱਥੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:) ਸ੍ਰੀ ਸ਼ਿਵ ਪਾਲ ਗੋਇਲ ਨੇ ਦੱਸਿਆ ਕਿ ਇਸ ਵਿਦਿਆਰਥਣ ਨੇ ਜ਼ਿਲ੍ਹੇ ਤੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾ ਕਿਹਾ ਕਿ ਪਰਸਰਾਮ ਨਗਰ ਸਕੂਲ ਵਿੱਦਿਅਕ ਤੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰ ਰਿਹਾ ਹੈ ਤੇ ਰਾਜ ਦੇ ਸਿੱਖਿਆ ਵਿਭਾਗ ਵੱਲੋਂ ਇਸ ਨੂੰ ਉੱਤਮ ਸਕੂਲ ਐਲਾਨਿਆ ਗਿਆ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰ. ਗੁਰਮੇਲ ਸਿੰਘ ਸਿੱਧੂ ਨੇ ਦੱਸਿਆ ਕਿ ਸਕੂਲ ਦੇ ਕਾਮਰਸ ਵਿਭਾਗ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ ਤੇ ਪਿਛਲੇ ਸਾਲ ਵੀ ਕਾਮਰਸ ਸਟਰੀਮ ਦਾ ਇੱਕ ਵਿਦਿਆਰਥੀ ਸਟੇਟ ਮੈਰਿਟ ਸੂਚੀ ਵਿੱਚ ਆਇਆ ਸੀ। ਉਨ੍ਹਾ ਕਿਹਾ ਕਿ ਵਿਦਿਆਰਥਣ (ਸਿਮਰਨਜੀਤ ਕੌਰ) ਨੇ 98.80 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਰਾਜ ਭਰ ਵਿੱਚ ਕਾਮਰਸ ਸਟਰੀਮ 'ਚ ਪਹਿਲਾ ਤੇ 12ਵੀਂ ਜਮਾਤ ਵਿੱਚ ਸਾਰੀਆਂ ਸਟਰੀਮਾਂ ਦੀ ਸਮੁੱਚੀ ਮੈਰਿਟ 'ਚ 6ਵਾਂ ਸਥਾਨ ਪ੍ਰਾਪਤ ਕੀਤਾ, ਜਿਸ ਦੇ ਅੱਜ ਨਤੀਜੇ ਐਲਾਨੇ ਗਏ ਹਨ। ਇਸ ਮੌਕੇ ਸਿਮਰਨਜੀਤ ਕੌਰ ਨੇ ਆਪਣੀ ਸ਼ਾਨਦਾਰ ਸਫ਼ਲਤਾ 'ਤੇ ਖੁਸ਼ੀ ਤੇ ਭਾਵੁਕਤਾ ਮਹਿਸੂਸ ਕਰਦਿਆਂ ਆਪਣੇ ਅਧਿਆਪਕਾਂ ਦਾ ਉਸ ਦੇ ਮਾਰਗਦਰਸ਼ਨ ਲਈ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਹ ਇੱਕ ਚਾਰਟਰਡ ਅਕਾਊਂਟੈਂਟ ਬਣਨਾ ਚਾਹੁੰਦੀ ਹੈ ਤੇ ਆਪਣੀ ਅਗਲੀ ਪੜ੍ਹਾਈ ਚੰਡੀਗੜ੍ਹ 'ਚ ਕਰੇਗੀ। ਇਸ ਮੌਕੇ ਸਕੂਲ ਸਟਾਫ਼, ਜਿਸ ਵਿੱਚ ਪੁਸ਼ਪੇਸ ਕੁਮਾਰ, ਗੁਰਪ੍ਰੀਤ ਸਿੰਘ, ਸ਼੍ਰੀਮਤੀ ਸਤੀਸ਼ ਕੁਮਾਰ, ਰਜਨੀਸ਼ ਕੁਮਾਰ, ਸ਼੍ਰੀਮਤੀ ਵੀਰਪਾਲ ਕੌਰ ਸਮੇਤ ਸਕੂਲ ਦੇ ਸਮੂਹ ਅਧਿਆਪਕ ਹਾਜ਼ਰ ਸਨ।

ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਦਾਖ਼ਲਾ ਪ੍ਰਕਿਰਿਆ ਸ਼ੁਰੂ

ਦੋਰਾਹਾ (ਹਰਮਿੰਦਰ ਸਿੰਘ ਸੇਠ)

ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਨਵੇਂ ਸੈਸ਼ਨ 2023-24 ਲਈ ਵੱਖ ਵੱਖ ਕੋਰਸਾਂ 'ਚ ਦਾਖ਼ਲਾ ਪ੍ਰਕਿਰਿਆ ਆਰੰਭ ਹੋਈ। ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ 15 ਮਈ 2023 ਤੋਂ ਦਾਖ਼ਲਾ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਤੇ 12ਵੀਂ ਦੀ ਪ੍ਰੀਖਿਆ ਦੇ ਚੁੱਕੇ ਵਿਦਿਆਰਥੀ ਕਾਲਜ ਵਿੱਚ ਆ ਕੇ ਆਪਣੇ ਇੱਛਤ ਕੋਰਸ ਵਿੱਚ ਦਾਖ਼ਲਾ ਕਰਵਾ ਸਕਦੇ ਹਨ। ਕਾਲਜ ਸਟਾਫ਼ ਵੱਲੋਂ ਵੀ ਇਲਾਕੇ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੀ ਪ੍ਰਾਪਤੀ ਹਿੱਤ ਕਾਲਜ 'ਚ ਦਾਖ਼ਲਾ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਰੂਪ ਬਰਾੜ ਨੇ ਦਾਖ਼ਲਿਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਕਾਲਜ ਇਲਾਕੇ ਦੇ ਨੌਜਵਾਨਾਂ ਤੇ ਖ਼ਾਸ ਤੌਰ 'ਤੇ ਲੜਕੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਕਾਲਜ ਵਲੋਂ ਵਿਦਿਆਰਥੀਆਂ ਲਈ ਬਿਨਾਂ ਕਿਸੇ ਫੀਸ ਤੋਂ ਅੰਗਰੇਜ਼ੀ ਦੀਆਂ ਕਲਾਸਾਂ, ਨਾਟਕ ਤੇ ਰੰਗਮੰਚ ਬਾਰੇ ਵਰਕਸ਼ਾਪ ਤੇ ਸੰਗੀਤ ਦੀਆਂ ਕਲਾਸਾਂ ਡਾ. ਲਵਲੀਨ ਬੈਂਸ, ਡਾ. ਸੋਮਪਾਲ ਹੀਰਾ ਤੇ ਪ੍ਰੋ. ਰਾਮਪਾਲ ਬੰਗਾ ਦੀ ਨਿਗਰਾਨੀ ਹੇਠ ਲਗਾਈਆਂ ਜਾ ਰਹੀਆਂ ਹਨ।

ਕਾਤਰਾਂ

ਚਰਸ ਸਮੇਤ ਗ੍ਰਿਫਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਇੱਕ ਵਿਅਕਤੀ ਨੂੰ 250 ਗ੍ਰਾਮ ਚਰਸ ਸਮੇਤ ਗ੍ਰਿਫਤਾਰ ਕੀਤਾ ਹੈ। ਉਪਰੋਕਤ ਜਾਣਕਾਰੀ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ.ਐੱਸ.ਪੀ. ਸਬ ਡਵੀਜ਼ਨ ਫ਼ਤਹਿਗੜ੍ਹ ਸਾਹਿਬ ਸੁਖਬੀਰ ਸਿੰਘ ਤੇ ਐੱਸ ਐੱਚ ਓ ਥਾਣਾ ਫ਼ਤਹਿਗੜ੍ਹ ਸਾਹਿਬ ਸਬ-ਇੰਸਪੈਕਟਰ ਅਰਸ਼ਦੀਪ ਸ਼ਰਮਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਤਲਾਣੀਆਂ ਨਜ਼ਦੀਕ ਗਸ਼ਤ ਕਰ ਰਹੀ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਇੱਕ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਆਧਾਰ 'ਤੇ ਹੈਦਰ ਵਾਸੀ ਡਿਫੈਂਸ ਬੰਨ੍ਹ ਸਰਹਿੰਦ ਨੂੰ ਰੋਕਿਆ ਗਿਆ ਤੇ ਸਬ-ਇੰਸਪੈਕਟਰ ਸਪਿੰਦਰ ਸਿੰਘ ਵੱਲੋਂ ਹੈਦਰ ਦੀ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 250 ਗ੍ਰਾਮ ਚਰਸ ਬਰਾਮਦ ਹੋਈ, ਜਿਸ 'ਤੇ ਉਸ ਨੂੰ ਗ੍ਰਿਫਤਾਰ ਕਰ ਮਾਮਲਾ ਦਰਜ ਕਰ ਲਿਆ ਗਿਆ।

ਤੇਜ਼ ਹਨੇਰੀ ਨਾਲ ਸ਼ੈਲਰ ਦੀਆਂ ਉੱਡੀਆਂ ਚਾਦਰਾਂ, ਚਾਰਦੀਵਾਰੀ ਢਹਿ-ਢੇਰੀ

ਸਮਾਣਾ (ਇਕਬਾਲ ਸਿੰਘ ਬੱਲ)-ਬੀਤੇ ਦਿਨੀਂ ਚੱਲੀ ਤੇਜ਼ ਹਨੇਰੀ ਤੇ ਤੂਫ਼ਾਨ ਨਾਲ ਜਿੱਥੇ ਸੜਕਾਂ ਕੰਢੇ ਅਨੇਕਾਂ ਦਰਖ਼ਤ ਡਿੱਗ ਗਏ, ਉੱਥੇ ਲੋਕਾਂ ਦੇ ਸ਼ੈੱਡ, ਟੀਨਾਂ ਆਦਿ ਉੱਡਣ ਕਾਰਨ ਲੱਖਾਂ ਦਾ ਨੁਕਸਾਨ ਹੋ ਗਿਆ ਹੈ। ਨੇੜਲੇ ਪਿੰਡ ਕਕਰਾਲਾ ਦੇ ਏ ਐੱਮ ਜੀ ਰਾਈਸ ਮਿਲਜ਼ ਕਕਰਾਲਾ ਦੇ ਮਾਲਕ ਸਿਕੰਦਰ ਸਿੰਘ ਦਾ ਵੀ ਤੇਜ਼ ਹਨੇਰੀ ਨਾਲ ਲੱਖਾਂ ਦਾ ਨੁਕਸਾਨ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ੈਲਰ ਮਾਲਕ ਸਿਕੰਦਰ ਸਿੰਘ ਤੇ ਨਿਊ ਦਿਹਾਤੀ ਰਾਈਸ ਮਿਲਜ਼ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਤੇਜ਼ ਹਨੇਰੀ ਨਾਲ ਸ਼ੈਲਰ 'ਤੇ ਪਈਆਂ ਸੀਮੇਂਟ ਦੀਆਂ ਚਾਦਰਾਂ ਤੇਜ਼ ਹਨੇਰੀ ਨਾਲ ਉੱਡ ਕੇ 100 ਮੀਟਰ ਦੂਰ ਜਾ ਡਿੱਗੀਆਂ ਤੇ ਸ਼ੈਲਰ ਦੀ 300 ਫੁੱਟ ਲੰਬੀ ਚਾਰਦੀਵਾਰੀ ਢਹਿ-ਢੇਰੀ ਹੋ ਗਈ ਹੈ ਅਤੇ ਨਾਲ ਹੀ ਬਾਰਦਾਨੇ ਦਾ ਨੁਕਸਾਨ ਵੀ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੁੱਲ ਮਿਲਾ ਕੇ ਉਨ੍ਹਾਂ ਦਾ ਕਰੀਬ 10 ਲੱਖ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਉਨ੍ਹਾ ਪੰਜਾਬ ਸਰਕਾਰ ਪਾਸੋਂ ਹੋਏ ਇਸ ਨੁਕਸਾਨ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।

ਦੰਦਾਂ ਦੀ ਸਾਂਭ-ਸੰਭਾਲ ਸੰਬੰਧੀ ਜਾਗਰੂਕਤਾ ਸਮਾਗਮ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰੀ ਅਗ੍ਰਵਾਲ ਸਮਾਜ ਸਭਾ ਤੇ ਕਲੀਨ ਐਂਡ ਗਰੀਨ ਸੇਵਾ ਸੁਸਾਇਟੀ ਵੱਲੋਂ ਵੀਰਵਾਰ ਨੂੰ ਪ੍ਰਧਾਨ ਤਰਸੇਮ ਗੋਇਲ ਦੀ ਪ੍ਰਧਾਨਗੀ ਹੇਠ ਜਲਾਲਾਬਾਦ ਰੋਡ ਸਥਿਤ ਰਾਮਾ ਕ੍ਰਿਸ਼ਨਾ ਮਿਡਲ ਸਕੂਲ ਵਿਖੇ ਦੰਦਾਂ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕਤਾ ਸਮਾਗਮ ਕੀਤਾ ਗਿਆ। ਸਮਾਗਮ ਦੌਰਾਨ ਜਿੱਥੇ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੈਲਥ ਇੰਸਪੈਕਟਰ ਲਾਲ ਚੰਦ ਨੇ ਵਿਦਿਆਰਥੀਆਂ ਨੂੰ ਦੰਦਾਂ ਦੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕੀਤਾ, ਉੱਥੇ ਹੀ ਦੰਦਾਂ ਦੇ ਮਾਹਰ ਡਾ. ਰੋਹਿਤ ਵਧਵਾ ਨੇ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਤੇ ਉਨ੍ਹਾਂ ਦੇ ਦੰਦਾਂ ਦਾ ਚੈੱਕਅਪ ਕੀਤਾ। ਇਸ ਮੌਕੇ ਵਿਦਿਆਰਥੀਆਂ ਨੂੰ ਟੂਥਪੇਸਟ ਤੇ ਬ੍ਰਸ਼ ਵੀ ਦਿੱਤੇ ਗਏ ਅਤੇ ਦੰਦਾਂ ਦੀ ਮਜ਼ਬੂਤੀ ਬਰਕਰਾਰ ਰੱਖਣ ਲਈ ਰੋਜ਼ਾਨਾ ਸਵੇਰੇ ਉੱਠਣ ਮਗਰੋਂ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਬ੍ਰਸ਼ ਕਰਨ ਦੀ ਸਲਾਹ ਦਿੱਤੀ। ਸਕੂਲ ਪ੍ਰਿੰਸੀਪਲ ਸੁਨੀਤਾ ਨੇ ਪ੍ਰਧਾਨ ਤਰਸੇਮ ਗੋਇਲ ਤੇ ਉਨ੍ਹਾਂ ਦੀ ਟੀਮ ਦਾ ਜਾਗਰੂਕਤਾ ਸਮਾਗਮ ਕਰਾਉਣ 'ਤੇ ਕੈਂਪ ਲਗਾ ਕੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਾਉਣ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਦੀਪ ਇਸਟੀਟਿਊਟ ਦਾ ਨਤੀਜਾ ਸ਼ਾਨਦਾਰ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵੱਲੋਂ ਐਲਾਨੇ ਗਏ ਏ. ਐੱਨ. ਐੱਮ. ਭਾਗ ਦੂਜਾ ਦੇ ਨਤੀਜੇ 'ਚੋਂ ਦੀਪ ਇਸਟੀਟਿਊਟ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼ ਲਹਿਰਾ ਮੁਹੱਬਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਨਤੀਜੇ 'ਚੋਂ ਮੰਜੂ ਕੁਮਾਰੀ ਪੁੱਤਰੀ ਰਤਨ ਸਿੰਘ, ਪ੍ਰਿਯੰਕਾ ਬਾਈ ਪੁੱਤਰੀ ਲਖਰਾਮ ਗੁੱਜਰ ਤੇ ਅਨੁਰਾਧਾ ਪੁੱਤਰੀ ਓਮ ਪ੍ਰਕਾਸ਼ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਬਾਕੀ ਵਿਦਿਆਰਥਣਾਂ ਨੇ ਵਧੀਆ ਅੰਕਾਂ ਨਾਲ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਮਨਦੀਪ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਮੈਡਮ ਹਿਨਾ ਗੁਪਤਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਧੀਆ ਰਿਜ਼ਲਟ ਲਈ ਵਿਦਿਆਰਥੀਆਂ, ਸਮੇਤ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤੇ ਸੰਸਥਾ ਵਿੱਚ ਸਾਲ 2023-24 ਲਈ ਦਾਖ਼ਲਾ ਸ਼ੁਰੂ ਹੋਣ ਬਾਰੇ ਜਾਣਕਾਰੀ ਦਿੱਤੀ।

ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇ 'ਤੇ ਨਜਾਇਜ਼ ਕੱਟਾਂ ਨੂੰ ਕੀਤਾ ਬੰਦ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਬਠਿੰਡਾ-ਜੀਰਕਪੁਰ ਉਪਰ ਬਣੇ ਨੈਸ਼ਨਲ ਹਾਈਵੇ ਨੰਬਰ-7 ਦੇ ਮੋੜ ਚੌਕ, ਨੇੜੇ ਬਿਜਲੀ ਘਰ, ਲੋਕਾਂ ਦੇ ਲੰਘਣ ਲਈ ਬਣਾਏ ਸੜਕ 'ਤੇ ਨਜਾਇਜ਼ ਕੱਟਾਂ ਨੂੰ ਆਖਰ ਬੰਦ ਕਰ ਦਿੱਤਾ ਹੈ। ਇਥੇ ਹਰ ਰੋਜ਼ ਕੋਈ ਨਾ ਕੋਈ ਐਕਸੀਡੈਂਟ ਹੁੰਦਾ ਰਹਿੰਦਾ ਸੀ, ਜਿਸ ਕਰਕੇ ਲੋਕ ਇਸ ਨੂੰ ਖ਼ੂਨੀ ਚੌਂਕ ਕਹਿਣ ਲੱਗ ਪਏ ਸਨ। ਇਸ ਚੌਕ 'ਤੇ ਗਿਆਰਾਂ ਰਾਸਤੇ ਲੱਗਦੇ ਹਨ, ਜਿਨ੍ਹਾਂ ਵਿੱਚੋਂ ਦੋ ਰਾਸਤੇ ਮੌੜ ਮੰਡੀ ਵਾਲੇ ਪਾਸੇ ਤੋਂ ਅਉਂਦੇ ਹਨ, ਚਾਰ ਰਾਸਤੇ ਬਠਿੰਡੇ ਵੱਲੋਂ, ਚਾਰ ਰਾਸਤੇ ਬਰਨਾਲੇ ਵੱਲੋਂ ਤੇ ਇਕ ਰਾਸਤਾ ਸ਼ਹਿਰ ਦੀ ਸ਼ਹੀਦ ਭਗਤ ਸਿੰਘ ਕਲੋਨੀ ਵੱਲੋਂ ਆਉਂਦਾ ਸੀ। ਜਦੋਂ ਚਾਰੇ ਪਾਸੇ ਦੀ ਟ੍ਰੈਫਿਕ ਚੌਕ ਵਿਚਕਾਰ ਆ ਜਾਂਦੀ ਤਾਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਲੱਗਦਾ ਕਿ ਇਹ ਵਾਹਨ ਕਿੱਧਰ ਜਾਵੇਗਾ, ਕਿੱਧਰ ਨੂੰ ਮੁੜੇਗਾ, ਇਸੇ ਚੱਕਰ 'ਚ ਹੀ ਗੱਡੀਆ ਆਪਸ ਵਿੱਚ ਭਿੜ ਜਾਂਦੀਆਂ ਸਨ, ਜਿਸ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਸਨ ਤੇ ਵਾਹਨਾਂ ਦਾ ਵੀ ਭਾਰੀ ਨੁਕਸਾਨ ਹੁੰਦਾ ਸੀ। ਭਾਵੇ ਇਨ੍ਹਾਂ ਕੱਟਾਂ ਨੂੰ ਬੰਦ ਕਰਾਉਣ ਲਈ ਸਮੇਂ ਸਮੇਂ 'ਤੇ ਮੰਗ ਉੱਠ ਰਹੀ ਸੀ, ਪਰ ਸਭ ਤੋਂ ਵੱਧ ਮੰਗ ਉਠਾਉਣ ਵਾਲੇ ਸੋਸ਼ਲ ਵਰਕਰ ਆਮ ਆਦਮੀ ਪਾਰਟੀ ਦੇ ਆਗੂ, ਜਨ ਕਲਿਆਣ ਸਭਾ ਦੇ ਪ੍ਰਧਾਨ ਸੀਤਾ ਰਾਮ ਦੀਪਕ ਇਨ੍ਹਾਂ ਕੱਟਾਂ ਲੈ ਕੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਸਨ। ਇਸ ਹੋਈ ਕਾਰਵਾਈ ਨੂੰ ਲੈ ਕੇ ਲੋਕ ਡਿਪਟੀ ਕਮਿਸ਼ਨਰ ਬਠਿੰਡਾ ਤੇ ਸੀਤਾਰਾਮ ਦੀਪਕ ਦੀ ਸ਼ਲਾਘਾ ਕਰ ਰਹੇ ਹਨ।

'ਆਪ' ਸਰਕਾਰ ਹੁਣ ਨਗਰ ਕੌਂਸਲ ਜੈਤੋ ਵੱਲ ਉਚੇਚਾ ਧਿਆਨ ਦੇਵੇ : ਗਰਗ

ਵਿਜੀਲੈਂਸ ਆਪਣੀ ਜਾਂਚ 'ਚ ਵੀ ਤੇਜ਼ੀ ਲਿਆਵੇ

ਜੈਤੋ (ਸਤੀਸ਼ ਕੁਮਾਰ ਭੀਰੀ)-ਬਦਲਾਅ ਲਿਆਉਣ ਦੇ ਵਾਅਦੇ ਨਾਲ ਭਾਰੀ ਬਹੁਮੱਤ ਪ੍ਰਾਪਤ ਕਰਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਨੂੰ ਹੁਣ ਨਗਰ ਕੌਂਸਲ ਜੈਤੋ ਵੱਲ ਉਚੇਚੇ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ। ਜੇਕਰ ਨਗਰ ਕੌਂਸਲ ਜੈਤੋ ਦੇ ਹਾਲਾਤ ਦੀ ਖੁੱਲ੍ਹ ਕੇ ਗੱਲ ਕੀਤੀ ਜਾਵੇ ਤਾਂ ਇਹ ਪਿਛਲੇ ਲੰਮੇ ਸਮੇਂ ਤੋਂ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਤੇ ਆਮ ਲੋਕਾਂ ਨਾਲ ਮਾੜਾ ਵਿਵਹਾਰ ਕਰਨ ਕਰਕੇ ਧਰਾਤਲ ਵਿੱਚ ਧਸ ਚੁੱਕੀ ਹੈ।

ਜੇਕਰ ਕਿਸੇ ਨੇ ਵੀ ਕੰਮ ਕਰਵਾਉਣਾ ਹੋਵੇ ਤਾਂ ਪ੍ਰਤੀ ਕੰਮ ਫੀਸ ਤੈਅ ਹੈ ਤੇ ਜੇਕਰ ਕੋਈ ਵਾਰ ਵਾਰ ਗੇੜੇ ਮਾਰਦਾ ਅੱਕ ਕੇ ਬੋਲ ਪਵੇ ਤਾਂ ਭ੍ਰਿਸ਼ਟ ਟੋਲਾ ਅਕਸਰ ਹੀ ਇਹ ਗੱਲ ਕਹਿੰਦਾ ਹੈ ਕਿ ਸਾਨੂੰ ਤਾਂ ਸ਼ਿਕਾਇਤਾਂ ਕਰਨ ਵਾਲੇ ਤੇ ਆਰ ਟੀ ਆਈਜ਼ ਪਾਉਣ ਵਾਲੇ ਸਾਹ ਨਹੀਂ ਲੈਣ ਦਿੰਦੇ, ਜੋ ਕਿ ਸਰਾਸਰ ਗਲਤ ਕਹਿੰਦੇ ਹਨ, ਕਿਉਂਕਿ ਇਨ੍ਹਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਕਿਸੇ ਨੂੰ ਆਰ ਟੀ ਆਈ ਵਿੱਚ ਮੰਗੀ ਕੋਈ ਸੂਚਨਾ ਨਹੀਂ ਦਿੱਤੀ ਗਈ ਅਤੇ ਨਾ ਹੀ ਸੂਚਨਾ ਨਾ ਦੇਣ ਲਈ ਕੋਈ ਕਾਰਨ ਦੱਸਿਆ ਗਿਆ ਹੈ। ਬਲਕਿ ਸੂਚਨਾ ਕਮਿਸ਼ਨਰ ਪੰਜਾਬ ਵਿੱਚ ਅਨੇਕਾਂ ਵਾਰ ਭਾਰੀ ਜੁਰਮਾਨੇ ਤੇ ਬੇਹਿਆਈ ਕਰਵਾਉਣ ਕਰਕੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇੱਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਕੋਲ ਸਹੀ ਕੰਮ ਨਾ ਕਰਨ ਲਈ ਸ਼ਿਕਾਇਤ ਤੇ ਆਰ ਟੀ ਆਈ ਵਰਗੇ ਸੌ ਸੌ ਬਹਾਨੇ ਹਨ, ਪਰ ਜੇਕਰ ਆਪਣੀ ਤਨਖਾਹ, ਭੱਤੇ ਲੈਣੇ ਹੋਣ ਜਾਂ ਤੈਅ ਕੀਤੀ ਫੀਸ ਮਿਲ ਜਾਵੇ ਤਾਂ ਰਿਕਾਰਡ ਨੂੰ ਖੁਰਦ-ਬੁਰਦ ਕਰਨ ਲਈ ਦੇਰ ਨਹੀਂ ਲਾਉਂਦੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜੇਕਰ ਨਗਰ ਕੌਂਸਲ ਦੇ ਅਕਾਊਂਟ ਬ੍ਰਾਂਚ ਨੂੰ ਪੁੱਠਾ ਕਰਕੇ ਝਾੜਿਆ ਜਾਵੇ ਤੇ ਪਿਛਲੇ 20 ਮਹੀਨਿਆਂ ਦੇ ਪਾਸ ਕੀਤੇ ਗਏ ਬਿੱਲਾਂ ਤੇ ਕੀਤੇ ਗਏ ਕੰਮਾਂ ਦੀ ਘੋਖ ਕੀਤੀ ਜਾਵੇ ਤਾਂ ਭ੍ਰਿਸ਼ਟਾਚਾਰ ਦੀ ਨਦੀ ਵਿੱਚ ਗੋਤੇ ਲਾਉਣ ਵਾਲੇ ਅਧਿਕਾਰੀ ਤੇ ਕਰਮਚਾਰੀ ਨੰਗੇ ਕੀਤੇ ਜਾ ਸਕਦੇ ਹਨ।

ਪਿਛਲੇ ਦਿਨੀਂ ਐੱਮ ਐੱਲ ਏ ਅਮੋਲਕ ਸਿੰਘ ਵੱਲੋਂ ਨਗਰ ਕੌਂਸਲ ਵਿੱਚ ਕੀਤੀ ਗਈ ਮੀਟਿੰਗ ਦੌਰਾਨ ਕਿਹਾ ਗਿਆ ਕਿ ਨਗਰ ਕੌਂਸਲ 'ਚ ਚੱਲ ਰਹੀਆਂ ਬੇਨਿਯਮੀਆਂ ਨੂੰ ਲੈ ਕੇ ਨਗਰ ਕੌਂਸਲ ਪ੍ਰਧਾਨ ਸੁਰਜੀਤ ਸਿੰਘ ਬਾਬਾ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਦੇਰ ਨਹੀਂ ਕੀਤੀ ਜਾਵੇਗੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਆਰ ਟੀ ਆਈ ਕਾਰਕੁਨ ਲਾਜਪਤ ਰਾਏ ਗਰਗ ਨੇ ਪੱਤਰਕਾਰਾਂ ਰਾਹੀਂ ਵਿਜੀਲੈਂਸ ਨੂੰ ਸੁਨੇਹਾ ਦਿੱਤਾ ਕਿ ਉਹ ਰਿਕਾਰਡ ਖੁਰਦ-ਬੁਰਦ ਕਰਨ ਵਾਲੇ ਭ੍ਰਿਸ਼ਟਾਚਾਰੀਆਂ ਨੂੰ ਘੇਰਨ ਲਈ ਆਪਣੀ ਜਾਂਚ ਵਿੱਚ ਤੇਜ਼ੀ ਲਿਆਵੇ ਤਾਂ ਕਿ ਨਗਰ ਕੌਂਸਲ ਦੇ ਕੰਮਾਂ ਵਿੱਚ ਖੜੋਤ ਪੈਦਾ ਹੋਣ ਕਰਕੇ ਖੱਜਲ ਖੁਆਰ ਹੋ ਰਹੇ ਲੋਕਾਂ ਨੂੰ ਰਾਹਤ ਮਿਲ ਸਕੇ।

ਵਕੀਲ 'ਤੇ ਪਰਚਾ ਦਰਜ ਕਰਨ 'ਤੇ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਪਟਿਆਲਾ ਦੇ ਇੱਕ ਸੀਨੀਅਰ ਵਕੀਲ ਐੱਚ ਵੀ ਰਾਏ ਖਿਲਾਫ ਪਟਿਆਲਾ ਪਲਸ ਵੱਲੋਂ ਝੂਠਾ ਮੁਕੱਦਮਾ ਦਰਜ ਕਰਨ 'ਤੇ ਰੋਸ ਪ੍ਰਗਟ ਕਰਦਿਆਂ ਇੱਕ ਦਿਨ ਦੀ ਹੜਤਾਲ ਕਰਕੇ ਅਦਾਲਤੀ ਕੰਮ-ਕਾਜ ਪੂਰੀ ਤਰ੍ਹਾਂ ਠੱਪ ਰੱਖਿਆ ਅਤੇ ਐੱਚ ਵੀ ਰਾਏ ਵਕੀਲ ਖਿਲਾਫ ਦਰਜ ਕੀਤਾ ਝੂਠਾ ਮੁਕੱਦਮਾ ਕੈਂਸਲ ਕਰਨ ਦੀ ਮੰਗ ਕੀਤੀ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਅਹੁਦੇਦਾਰ ਤੇ ਬਾਰ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚ ਸੈਕਟਰੀ ਗੁਰਜੋਤ ਸਿੰਘ ਵਿਰਕ, ਨਵਜੋਤ ਗਰਗ, ਪ੍ਰਿਥਪਾਲ ਸਿੰਘ ਰਵੇਲ, ਜਗਮੀਤ ਕੌਰ, ਸ਼ਿਵਚਰਨ ਵਰਤੀਆ, ਖਵਾਬ ਸੋਨੀ, ਜੁਗਰਾਜ ਸਿੰਘ ਵੜੈਚ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਸਾਬਕਾ ਪ੍ਰਧਾਨ ਨਵਦੀਪ ਸਿੰਘ ਢਿੱਲੋਂ, ਸਾਬਕਾ ਪ੍ਰਧਾਨ ਦਵਿੰਦਰ ਸਿੰਘ ਢਿੱਲੋਂ, ਹਰਮਨਦੀਪ ਸਿੰਘ ਸਿੱਧੂ, ਵਿਪਨ ਬਾਂਸਲ, ਭੁਪਿੰਦਰ ਸਿੰਘ ਚੀਮਾਂ, ਗੁਰਵਿੰਦਰ ਸਿੰਘ ਢੋਲਣ, ਹਰਪਾਲ ਸਿੰਘ, ਰੋਮੀ ਵਡੇਰਾ ਤੋਂ ਇਲਾਵਾ ਹੋਰ ਵੀ ਬਾਰ ਮੈਂਬਰ ਹਾਜ਼ਰ ਸਨ।

'ਮੇਰੀ ਲਾਈਫ ਮੇਰਾ ਸਵੱਛ ਸ਼ਹਿਰ' ਤਹਿਤ ਰੈਲੀ ਕੱਢੀ

ਮੱਖੂ (ਰਛਪਾਲ ਸਿੰਘ ਸੰਧੂ)-ਨਗਰ ਪੰਚਾਇਤ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ 20 ਮਈ ਤੋਂ 5 ਜੂਨ ਤੱਕ ਸਹਿਰ ਵਿਚ ਵਿਸੇਸ ਮੁਹਿੰਮ 'ਮੇਰੀ ਲਾਈਫ ਮੇਰਾ ਸਵੱਛ ਸਹਿਰ' ਤਹਿਤ ਸ਼ਹਿਰ ਨਿਵਾਸੀਆਂ ਨੂੰ ਆਰਆਰਆਰ ਸੈਂਟਰ ਵਿੱਚ ਆਪਣਾ ਪੁਰਾਣਾ ਵਰਤਿਆ ਹੋਇਆ ਸਮਾਨ, ਜੋ ਦੁਬਾਰਾ ਵਰਤੋਂ ਵਿਚ ਆ ਸਕਦਾ ਹੈ ਜਿਵੇਂ ਕਿ ਕੱਪੜੇ, ਬੈਗ, ਕਿਤਾਬਾਂ, ਸਟੇਸਨਰੀ, ਬਿਜਲੀ ਦਾ ਸਾਮਾਨ, ਪੁਰਾਣੇ ਬਰਤਨ, ਕੰਟੇਨਰ, ਗੱਦੇ, ਸਿਰਹਾਣੇ, ਫਰਨੀਚਰ, ਥਰਮੋਕੋਲ, ਬਿਲਡਿੰਗ ਦਾ ਸਮਾਨ ਜਿਵੇਂ ਟਾਈਲਾਂ, ਜੁੱਤੀਆਂ, ਚੱਪਲਾਂ, ਖਿਡੌਣੇ ਆਦਿ ਨੂੰ ਹੁਣ ਆਰਆਰਆਰ ਕੇਂਦਰਾਂ ਵਿਚ ਜਮਾਂ ਕਰਾਉਣ, ਕਿਉਂਕਿ ਇਹ ਦੁਬਾਰਾ ਵਰਤਣਯੋਗ ਸਮਾਨ ਹੁਣ ਜਿੱਥੇ ਕੂੜਾ ਨਹੀਂ ਬਣੇਗਾ, ਉਥੇ ਆਰਆਰਆਰ ਕੇਂਦਰ ਤੋਂ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਇਹ ਸਾਮਾਨ ਮੁਫਤ ਦਿੱਤਾ ਜਾਵੇਗਾ।

ਸ਼ਹਿਰ ਵਾਸੀਆਂ ਨੂੰ ਜਾਗਰੂਕ ਕਰਨ ਲਈ ਧਰਮ ਪਾਲ ਸਿੰਘ ਕਾਰਜ ਸਾਧਕ ਅਫ਼ਸਰ ਮੱਖੂ ਅਤੇ ਨਰਿੰਦਰ ਕਟਾਰੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ ਦੀ ਅਗਵਾਈ ਵਿੱਚ ਰੈਲੀ ਕੱਢੀ ਗਈ। ਇਸੇ ਲੜੀ ਤਹਿਤ ਰਾਜ ਕਮਲ ਸੈਨਟਰੀ ਕਲਰਕ ਵੱਲੋ ਸਸਸ ਸਕੂਲ (ਲੜਕੇ) ਦੇ ਪ੍ਰਿੰਸੀਪਲ ਸਾਹਿਬ, ਸਕੂਲ ਅਧਿਆਪਕਾਂ ਤੇ ਸਕੂਲ ਵਿਦਿਆਰਥੀਆਂ ਨੂੰ 'ਮੇਰੀ ਲਾਈਫ ਮੇਰਾ ਸਵੱਛ ਸ਼ਹਿਰ' ਤਹਿਤ ਆਰਆਰਆਰ ਸੈਂਟਰ ਸਬੰਧੀ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਕੋਆਰਡੀਨੇਟਰ ਮੈਡਮ ਸਿਮਰਜੀਤ ਸਿੰਘ ਅਤੇ ਦਫ਼ਤਰੀ ਸਟਾਫ਼ ਵੱਲੋਂ ਭਾਗ ਲਿਆ ਗਿਆ।

ਯਾਸ਼ੀਕਾ ਗਰਗ ਨੂੰ ਕੀਤਾ ਸਨਮਾਨਤ

ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤ ਵਿਕਾਸ ਪ੍ਰੀਸ਼ਦ ਟੀਮ ਬਾਘਾ ਪੁਰਾਣਾ ਵੱਲੋਂ ਸ਼੍ਰੀ ਵਿਮਲ ਗਰਗ (ਵਿੱਕੀ) ਅਗਰਵਾਲ ਮਾਰਬਲ ਸਟੋਰ ਵਾਲੇ ਦੀ ਹੋਣਹਾਰ ਪੁੱਤਰੀ ਯਾਸ਼ੀਕਾ ਗਰਗ ਨੂੰ ਜ਼ਿਲ੍ਹਾ ਮੋਗਾ ਵਿੱਚੋਂ +2(ਕਾਮਰਸ ਗਰੁੱਪ) ਵਿੱਚ 96% ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਸਨਮਾਨਤ ਕੀਤਾ ਗਿਆ ਹੈ। ਭਾਰਤ ਵਿਕਾਸ ਪ੍ਰੀਸ਼ਦ ਟੀਮ ਬਾਘਾ ਪੁਰਾਣਾ ਦੇ ਮੈਂਬਰ ਭੂਸ਼ਣ ਗੋਇਲ ਪ੍ਰਧਾਨ, ਸ਼ਸ਼ੀ ਗਰਗ (ਐੱਮ ਸੀ) ਚੇਅਰਮੈਨ, ਯੋਗੇਸ਼ ਗੋਇਲ ਕੈਸ਼ੀਅਰ, ਦਵਿੰਦਰ ਬਾਂਸਲ ਸੈਕਟਰੀ ਤੇ ਕ੍ਰਿਸ਼ਨ ਬਾਂਸਲ (ਘੋਲੀਏ ਵਾਲੇ) ਵਾਇਸ ਪ੍ਰਧਾਨ ਸ਼ਾਮਲ ਹੋਏ ਤੇ ਬੇਟੀ ਯਾਸ਼ੀਕਾ ਗਰਗ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਕੇ ਹੌਸਲਾ ਅਫ਼ਜ਼ਾਈ ਕੀਤੀ ਗਈ, ਗਰਗ ਪਰਵਾਰ ਵੱਲੋਂ ਭਾਰਤ ਵਿਕਾਸ ਪ੍ਰੀਸ਼ਦ ਟੀਮ ਦਾ ਧੰਨਵਾਦ ਕੀਤਾ ਗਿਆ।

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)-ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਕਰਮਜੀਤ ਸਿੰਘ ਨਾਭਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸ਼ੁਰੂ ਕੀਤੀ ਗਈ ਸ੍ਰੀ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੇ ਵੀ ਭੋਗ ਪਾਏ ਗਏ। ਇਸ ਉਪਰੰਤ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਤੇ ਭਾਈ ਹਰਵਿੰਦਰ ਸਿੰਘ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਗੁਰੂ ਘਰ ਦੇ ਕਥਾਵਾਚਕ ਭਾਈ ਇਕਨਾਮ ਸਿੰਘ ਵੱਲੋਂ ਇਸ ਮੌਕੇ ਕਥਾ ਪ੍ਰਵਾਹ ਵੀ ਚਲਾਇਆ ਗਿਆ ਜਿਸ ਵਿਚ ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਦੀ ਖੁੱਲ੍ਹ ਕੇ ਵਿਆਖਿਆ ਕੀਤੀ। ਉਪਰੰਤ ਢਾਡੀ ਜਥਿਆਂ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸੰਬੰਧਤ ਪ੍ਰਸੰਗ ਸੁਣਾਏ ਗਏ। ਇਸ ਮੌਕੇ ਬਾਬਾ ਮੋਹਣ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਸਮਾਜ ਸੇਵੀ ਜਸਵੀਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਗਿੱਲ, ਪ੍ਰਧਾਨ ਜਸਵੀਰ ਸਿੰਘ, ਬਾਬਾ ਹਰੀ ਸਿੰਘ, ਅਕਾਊਂਟੈਂਟ ਸੁਖਵੀਰ ਸਿੰਘ, ਖਜ਼ਾਨਚੀ ਅਮਰਿੰਦਰ ਸਿੰਘ, ਪਰਮਿੰਦਰ ਸਿੰਘ ਪੰਮਾ, ਪਰਮਜੀਤ ਸਿੰਘ, ਹਰਬੰਤ ਸਿੰਘ ਮੁੱਤੋਂ, ਭੁਪਿੰਦਰ ਸਿੰਘ ਰਿਕਾਰਡ ਕੀਪਰ, ਭਾਈ ਅਨਮੋਲ ਸਿੰਘ ਵੀ ਮੌਜੂਦ ਸਨ।

ਵਾਲੀਆ ਇੰਗਲਿਸ਼ ਮਾਡਲ ਸਕੂਲ ਦਾ ਨਤੀਜਾ ਸ਼ਾਨਦਾਰ

ਪਰਾਚੀ ਸ਼ਰਮਾ ਨੇ ਪੰਜਾਬ 'ਚੋਂ 13ਵਾਂ ਰੈਂਕ ਹਾਸਲ ਕੀਤਾ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਵਾਲੀਆ ਇੰਗਲਿਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਖੰਨਾ ਦਾ ਬਾਰਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਪਰਾਚੀ ਸ਼ਰਮਾ ਪੁੱਤਰੀ ਮਨੋਜ ਕੁਮਾਰ ਨੇ ਆਰਟਸ ਗਰੁੱਪ ਵਿੱਚ 97.4% ਅੰਕ ਲੈ ਕੇ ਪੂਰੇ ਪੰਜਾਬ 'ਚੋਂ 13ਵਾਂ ਰੈਂਕ ਹਾਸਲ ਕਰਕੇ ਖੰਨਾ ਸ਼ਹਿਰ, ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਦੂਸਰੀ ਵਿਦਿਆਰਥਣ ਜਸ਼ਨਦੀਪ ਕੌਰ ਨੇ ਕਮਾਰਸ ਗਰੁੱਪ ਵਿੱਚੋਂ ਪੂਰੇ ਖੰਨਾ ਸ਼ਹਿਰ 'ਚ ਸਭ ਤੋਂ ਵੱਧ ਅੰਕ 96% ਪ੍ਰਤੀਸ਼ਤ ਲੈ ਕੇ ਸ਼ਹਿਰ ਤੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ। ਪ੍ਰਿਅੰਕਾ ਨੇ 93% ਪ੍ਰਤੀਸ਼ਤ ਨੰਬਰ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ਵਰ ਵਾਲੀਆ, ਨਵਰੀਤ ਵਾਲੀਆ, ਡਾਇਰੈਕਟਰ ਅਜੀਤ ਵਾਲੀਆ ਵੱਲੋਂ ਇਨ੍ਹਾਂ ਵਿਦਿਆਰਥਣਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਇਨਾਮ ਦਿੱਤੇ ਗਏ। ਪ੍ਰਿੰਸੀਪਲ ਰਾਕੇਸ਼ਵਰ ਵਾਲੀਆ ਵੱਲੋਂ ਬੱਚਿਆਂ ਦੇ ਆਉਣ ਵਾਲੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਗਈਆਂ।

ਮਾਤਾ ਗੁਜਰੀ ਕਾਲਜ ਦੇ ਐੱਨ ਸੀ ਸੀ ਯੂਨਿਟ ਨੇ ਵਾਤਾਵਰਣ ਸੰਭਾਲ ਲਈ ਚੁੱਕੀ ਸਹੁੰ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਐੱਨ.ਸੀ.ਸੀ. ਯੂਨਿਟ ਵੱਲੋਂ 23 ਪੀ ਬੀ ਬੀ ਐੱਨ ਐੱਨ.ਸੀ.ਸੀ. ਰੋਪੜ ਦੇ ਕਮਾਂਡਿੰਗ ਅਫ਼ਸਰ ਕਰਨਲ ਟੀ.ਵਾਈ.ਐੱਸ. ਬੇਦੀ ਤੇ ਪ੍ਰਸ਼ਾਸਨਕ ਅਫ਼ਸਰ ਕਰਨਲ ਲਕਸ਼ਮੀ ਕਾਂਤ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠਾਂ ਵਿਸ਼ਵ ਵਾਤਾਵਰਣ ਦਿਵਸ ਦੇ ਸੰਦਰਭ ਵਿੱਚ 'ਮਿਸ਼ਨ ਲਾਈਫ' ਨੂੰ ਧਿਆਨ 'ਚ ਰੱਖਦੇ ਹੋਏ ਪ੍ਰਣ ਕੀਤਾ ਗਿਆ ਕਿ ਵਾਤਾਵਰਣ ਦੀ ਰੱਖਿਆ ਲਈ ਆਪਣੀ ਰੋਜ਼ਾਨਾ ਜੀਵਨ ਸ਼ੈਲੀ ਵਿੱਚ ਸੰਭਵ ਤਬਦੀਲੀਆਂ ਕੀਤੀਆਂ ਜਾਣਗੀਆਂ। ਐੱਨ.ਸੀ.ਸੀ. ਕੈਡਿਟਾਂ ਨੇ ਇਹ ਵੀ ਪ੍ਰਣ ਕੀਤਾ ਕਿ ਉਹ ਸਦਾ ਸਮਾਜ ਵਿੱਚ ਵਾਤਾਵਰਣ ਸਾਫ ਸੁਥਰਾ ਰੱਖਣ ਲਈ ਜਾਗਰੂਕਤਾ ਫੈਲਾਉਂਦੇ ਰਹਿਣਗੇ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਵਾਤਾਵਰਣ ਦੀ ਮਹੱਤਤਾ ਨੂੰ ਸਮਝਦੇ ਹੋਏ ਲੋਕ ਭਲਾਈ ਦੀ ਭਾਵਨਾ ਨਾਲ ਸਭ ਨੂੰ ਵਾਤਾਵਰਣ ਵਿੱਚ ਹੋ ਰਹੇ ਪ੍ਰਦੂਸ਼ਣ ਦੀ ਰੋਕਥਾਮ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਉਨ੍ਹਾ ਐੱਨ.ਸੀ.ਸੀ. ਕੈਡਿਟਾਂ ਨੂੰ ਉਤਸ਼ਾਹਤ ਕਰਦਿਆਂ ਇਸ ਪ੍ਰਚਾਰਕ ਤੇ ਸਮਾਜ ਸੇਵੀ ਭਾਵਨਾ ਨੂੰ ਨਿਰੰਤਰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਇਸ ਗਤੀਵਧੀ ਦੌਰਾਨ ਐੱਨ.ਸੀ.ਸੀ. ਯੂਨਿਟ ਦੁਆਰਾ ਵਾਤਾਵਰਣ ਦੀ ਸੁਰੱਖਿਆ ਸੰਬੰਧੀ ਜਾਗਰੂਕਤਾ ਫੈਲਾਉਣ ਲਈ ਪੋਸਟਰ ਬਣਾਉਣ, ਲੇਖ ਲਿਖਣ ਤੇ ਵਾਦਵਿਵਾਦ ਮੁਕਾਬਲੇ ਆਦਿ ਕਰਵਾਏ ਗਏ, ਜਿਸ ਵਿੱਚ ਵਾਤਾਵਰਣ ਦੇ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ, ਜਿਨ੍ਹਾਂ ਵਿੱਚ ਜਾਨਵਰਾਂ ਨੂੰ ਮਨੁੱਖ ਦੇ ਬਰਾਬਰ ਹੱਕ ਮਿਲਣਾ, ਏਅਰ ਕੰਡੀਸ਼ਨਰਾਂ ਦੀ ਵਰਤੋਂ ਤੇ ਕੰਪਨੀਆਂ ਉੱਤੇ ਕਾਰਬਨ ਪ੍ਰਦੂਸ਼ਣ ਕਰਨ 'ਤੇ ਟੈਕਸ ਲੱਗਣਾ, ਰੁੱਖ ਲਗਾਉਣਾ ਤੇ ਪਲਾਸਟਿਕ ਦੇ ਨਾਲ ਹੋਣ ਵਾਲੀਆਂ ਸਮੱਸਿਆਵਾਂ ਲਈ ਜਾਗਰੂਕਤਾ ਫੈਲਾਉਣਾ ਆਦਿ ਵਿਸ਼ੇ ਸ਼ਾਮਲ ਸਨ।

ਅਖੀਰ ਵਿੱਚ ਕਾਲਜ ਦੇ ਐੱਨ ਸੀ ਸੀ ਅਫ਼ਸਰ ਪ੍ਰੋ. ਪੁਸ਼ਪਿੰਦਰ ਸਿੰਘ ਨੇ ਕੈਡਿਟਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਾਤਾਵਰਣ ਸੰਬੰਧੀ ਹੋਰ ਵੀ ਵੱਡੇ ਪੱਧਰ 'ਤੇ ਜਾਗਰੂਕਤਾ ਫੈਲਾਉਣ ਲਈ ਉਤਸ਼ਾਹਤ ਕੀਤਾ।

ਕਾਂਗਰਸੀ ਆਗੂ ਗੁਰਪ੍ਰੀਤ ਸਿੰਘ ਹੀਰੋਂ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

ਭੀਖੀ (ਧਰਮਵੀਰ ਸ਼ਰਮਾ)-ਜ਼ਿਲ੍ਹੇ ਅੰਦਰ ਭਾਜਪਾ ਨੂੰ ਉਸ ਸਮੇਂ ਬਲ ਮਿਲਿਆ ਜਦੋਂ ਕਾਂਗਰਸ ਪਾਰਟੀ ਨਾਲ ਸੰਬੰਧਤ ਪਿੰਡ ਹੀਰੋਂ ਕਲਾਂ ਦੇ ਕਾਂਗਰਸੀ ਆਗੂ ਗੁਰਪ੍ਰੀਤ ਸਿੰਘ ਹੀਰੋਂ ਆਪਣੇ ਸਾਥੀਆਂ ਸਮੇਤ ਭਾਜਪਾ ਆਗੂ ਜਗਦੀਪ ਸਿੰਘ ਨਕੱਈ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਹਰਜੀਤ ਸਿੰਘ ਗਰੇਵਾਲ, ਸੀਨੀਅਰ ਭਾਜਪਾ ਆਗੂ ਦਿਆਲ ਦਾਸ ਸੋਢੀ, ਜ਼ਿਲਾ ਪ੍ਰਧਾਨ ਰਾਕੇਸ਼ ਜੈਨ ਵੀ ਹਾਜ਼ਰ ਸਨ। ਉਨ੍ਹਾਂ ਗੁਰਪ੍ਰੀਤ ਸਿੰਘ ਹੀਰੋਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਪਾਰਟੀ ਦਾ ਸਨਮਾਨ ਚਿੰਨ੍ਹ ਪਾ ਕੇ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਮਿਹਨਤੀ ਵਰਕਰਾਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਹਰ ਪਿੰਡ ਹਰ ਸ਼ਹਿਰ ਵਿੱਚ ਲੋਕਾਂ ਨੂੰ ਮੋਦੀ ਸਰਕਾਰ ਦੇ ਪਿਛਲੇ 9 ਸਾਲਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਜਾਵੇ। ਇਸ ਮੌਕੇ ਦਰਸ਼ਨ ਸ਼ਰਮਾ ਮੰਡਲ ਪ੍ਰਧਾਨ ਜੋਗਾ ਵੀ ਹਾਜ਼ਰ ਸਨ।

ਪ੍ਰਿੰਸਜ਼ ਆਫ਼ ਮੁਕਤਸਰ ਸੀਰਤ ਤੇ ਹੋਰਨਾਂ ਦਾ ਸਨਮਾਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸ਼ਹਿਰ ਵਿੱਚ ਪਹਿਲਾ ਤੇ ਵਿਲੱਖਣ ਪ੍ਰਿੰਸਜ਼ ਆਫ਼ ਮੁਕਤਸਰ ਮੁਕਾਬਲਾ ਕਰਵਾਇਆ ਗਿਆ ਸੀ। ਮੁਕਾਬਲੇ ਦੌਰਾਨ ਸੀਰਤ ਢਿੱਲੋਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਪ੍ਰਿੰਸਜ਼ ਆਫ਼ ਮੁਕਤਸਰ ਦਾ ਖਿਤਾਬ ਤੇ ਤਾਜ ਜਿੱਤਿਆ ਸੀ। ਇਸੇ ਤਰ੍ਹਾਂ ਕਸ਼ਿਸ਼ ਪਹਿਲੀ ਰਨਰ-ਅੱਪ ਤੇ ਆਨਿਆ ਗਿਰਧਰ ਦੂਸਰੀ ਰਨਰ-ਅੱਪ ਚੁਣੀ ਗਈ ਸੀ। ਸਾਕਸ਼ੀ ਨੇ ਵੀ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਵਧੀਆ ਪੇਸ਼ਕਾਰੀ ਕੀਤੀ ਸੀ। ਮਿਸ਼ਨ ਵੱਲੋਂ ਕਰਵਾਏ ਗਏ ਆਪਣੀ ਕਿਸਮ ਦੇ ਪਹਿਲੇ ਤੇ ਵਿਲੱਖਣ ਸਮਾਰੋਹ ਦੀ ਸਫਲਤਾ ਲਈ ਵਧਾਈਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸ਼ਹਿਰ ਦੀਆਂ ਕਈ ਸੰਸਥਾਵਾਂ ਤੇ ਅਦਾਰਿਆਂ ਨੇ ਜੇਤੂ ਰਹੀਆਂ ਬੱਚੀਆਂ ਤੇ ਮਿਸ਼ਨ ਨੂੰ ਸਨਮਾਨਤ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਇਸੇ ਤਹਿਤ ਸਥਾਨਕ ਬਠਿੰਡਾ ਰੋਡ ਸਥਿਤ ਕੋਟਕਪੂਰਾ ਚੌਕ ਦੇ ਨੇੜੇ ਨਵੇਂ ਖੁੱਲ੍ਹੇ ਈਟਸ ਐਂਡ ਬੀਟਸ ਦੇ ਸੰਚਾਲਕਾਂ ਵੱਲੋਂ ਪ੍ਰਿੰਸਜ਼ ਆਫ਼ ਮੁਕਤਸਰ ਤੇ ਰਨਰਜ਼-ਅੱਪ ਲਈ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ ਕੈਫੇ ਦੇ ਮੈਨੇਜਿੰਗ ਡਾਇਰੈਕਟਰ ਬਲਕਰਨ ਢਿੱਲੋਂ ਪਾਰਟਨਰ ਸੰਦੀਪ ਸਿੰਘ, ਮਨਦੀਪ ਕੁਮਾਰ, ਮੰਨਤ ਤੇ ਚਰਨਜੀਤ ਕੌਰ ਢਿੱਲੋਂ ਆਦਿ ਮੌਜੂਦ ਸਨ। ਮਿਸ਼ਨ ਮੁਖੀ ਢੋਸੀਵਾਲ, ਨਿਰੰਜਣ ਸਿੰਘ ਰੱਖਰਾ, ਜਗਦੀਸ਼ ਧਵਾਲ, ਗੁਰਪਾਲ ਸਿੰਘ ਪਾਲੀ, ਡਾ. ਜਸਵਿੰਦਰ ਸਿੰਘ, ਸਾਹਿਲ ਕੁਮਾਰ ਹੈਪੀ, ਓ. ਪੀ. ਖਿੱਚੀ, ਡਾ. ਸੁਰਿੰਦਰ ਗਿਰਧਰ, ਬਿਮਲਾ ਢੋਸੀਵਾਲ ਤੇ ਸੁਮਨ ਗਿਰਧਰ ਨੇ ਵੀ ਸ਼ਿਰਕਤ ਕੀਤੀ। ਬੱਚੀਆਂ ਦੇ ਪਰਿਵਾਰਕ ਮੈਂਬਰ ਨਰਿੰਦਰ ਕੁਮਾਰ, ਮਨੋਜ, ਨੀਲਮ, ਛਵੀ, ਦਵਿੰਦਰ ਢਿੱਲੋਂ ਤੇ ਰਮਨੀਤ ਕੌਰ ਢਿੱਲੋਂ ਨੇ ਵੀ ਸ਼ਿਰਕਤ ਕਰਕੇ ਸਮਾਰੋਹ ਦੀ ਸ਼ੋਭਾ ਵਧਾਈ। ਸਮਾਰੋਹ ਦੌਰਾਨ ਈਟਸ ਐਂਡ ਬੀਟਸ ਕੈਫੇ ਵੱਲੋਂ ਚਰਨਜੀਤ ਕੌਰ ਢਿੱਲੋਂ ਨੇ ਮਿਸ਼ਨ ਮੈਂਬਰਾਂ ਦਾ ਸਵਾਗਤ ਕੀਤਾ ਤੇ ਜੇਤੂ ਬੱਚੀਆਂ ਨੂੰ ਵਧਾਈ ਦਿੱਤੀ। ਕੈਫੇ ਦੇ ਮੈਨੇਜਿੰਗ ਡਾਇਰੈਕਟਰ ਬਲਕਰਨ ਢਿੱਲੋਂ ਨੇ ਪ੍ਰਿੰਸਜ਼ ਆਫ਼ ਮੁਕਤਸਰ ਸਮੇਤ ਸਾਰੀਆਂ ਜੇਤੂ ਬੱਚੀਆਂ ਨੂੰ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਮਾਣ ਸਨਮਾਨ ਵਧਾਇਆ। ਇਸ ਮੌਕੇ ਪ੍ਰਿੰਸਜ਼ ਆਫ਼ ਮੁਕਤਸਰ ਸੀਰਤ ਢਿੱਲੋਂ ਦੇ ਪਿਤਾ ਦਵਿੰਦਰ ਪਾਲ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਰੋਏ ਤੇ ਸਾਰਥਿਕ ਸਮਾਜ ਦੀ ਸਿਰਜਣਾ ਵਿੱਚ ਲੜਕੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ। ਸਮਾਰੋਹ ਦੌਰਾਨ ਮਿਸ਼ਨ ਪ੍ਰਧਾਨ ਢੋਸੀਵਾਲ ਨੇ ਕੈਫੇ ਸੰਚਾਲਕਾਂ ਵੱਲੋਂ ਜੇਤੂ ਬੱਚੀਆਂ ਨੂੰ ਸਨਮਾਨਤ ਕਰਨ ਦੇ ਵਧੀਆ ਕਾਰਜ ਦੀ ਪੁਰਜ਼ੋਰ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ।

ਬਾਬਾ ਫਰੀਦ ਸਕੂਲ ਦੀਆਂ ਵਿਦਿਆਰਥਣਾਂ ਨੇ ਮੈਰਿਟ 'ਚ ਮੱਲਿਆ ਸਥਾਨ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਕਲਾਸ ਦੀ ਐਲਾਨੀ ਗਈ ਮੈਰਿਟ ਸੂਚੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮਾਨਤਾ ਪ੍ਰਾਪਤ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੀਆਂ ਦੋ ਵਿਦਿਆਰਥਣਾਂ ਨੇ ਆਪਣਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਦੱਸਿਆ ਕਿ 12ਵੀਂ ਕਲਾਸ ਦੀਆਂ ਵਿਦਿਆਰਥਣਾਂ ਗੁਰਵੀਰ ਕੌਰ ਪੁੱਤਰੀ ਜਸਕਰਨ ਸਿੰਘ ਨੇ 11ਵਾਂ ਰੈਂਕ ਹਾਸਲ ਕਰਕੇ 97.80 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ ਤੇ ਮਨਰੋਜ਼ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 15ਵਾਂ ਰੈਂਕ ਹਾਸਲ ਕਰਕੇ 97 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਮਾਨ ਵਧਾਇਆ ਅਤੇ ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਐੱਮ ਡੀ ਹਰਜੀਤ ਸਿੰਘ ਬਰਾੜ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਕਿਹਾ ਕਿ ਇਕੱਲੇ ਬੇਟੇ ਨਹੀਂ ਬੇਟੀਆਂ ਵੀ ਮਾਂ-ਬਾਪ ਦਾ ਨਾਮ ਰੌਸ਼ਨ ਕਰਦੀਆਂ ਹਨ। ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਧੀਆਂ ਨੂੰ ਅੱਗੇ ਵਧਣ ਵਿੱਚ ਪੂਰਾ ਸਹਿਯੋਗ ਦਿਓ ਤਾਂ ਜੋ ਧੀਆਂ ਨੂੰ ਬੋਝ ਮੰਨਣ ਦੀ ਧਾਰਨਾ ਰੱਖਣ ਵਾਲਿਆਂ ਨੂੰ ਗਲਤ ਸਾਬਿਤ ਕੀਤਾ ਜਾ ਸਕੇ। ਇਸ ਮੌਕੇ ਹਰਜੀਤ ਸਿੰਘ ਬਰਾੜ, ਪ੍ਰਿੰਸੀਪਲ ਪਰਮਜੀਤ ਕੌਰ ਤੇ ਸਕੂਲ ਦੇ ਸਟਾਫ ਵੱਲੋਂ ਮੈਰਿਟ ਵਿੱਚ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੌਰ, ਬਲਕਰਨ ਸਿੰਘ ਐੱਚ ਓ ਡੀ ਤੇ ਗੁਰਜੋਤ ਸਿੰਘ, ਕਲਾਸ ਇੰਚਾਰਜ ਰਮਨਦੀਪ ਕੌਰ ਤੇ ਸੁਖਦੀਪ ਸਿੰਘ, ਜਗਮੀਤ ਸਿੰਘ, ਗੁਰਮੇਲ ਸਿੰਘ ਡੀ ਪੀ, ਮਨਪ੍ਰੀਤ ਸਿੰਘ ਕੋਚ, ਤਰਸੇਮ ਕੁਮਾਰ, ਕੋਆਰਡੀਨੇਟਰ ਪ੍ਰੀਤੀ ਬਾਲਾ, ਮਨਦੀਪ ਕੌਰ ਐੱਚ ਓ, ਬੇਅੰਤ ਕੌਰ, ਪਵਨਦੀਪ ਕੌਰ ਤੋਂ ਇਲਾਵਾ ਸਮੂਹ ਸਟਾਫ ਨੇ ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਿਆਂ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

G20

ਉੱਤਰ ਰੇਲਵੇ

ਖੁੱਲ੍ਹੀ ਨਿਵਿਦਾ ਸੂਚਨਾ

ਵ. ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉ.ਰੇ., ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 19.06.2023 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 19.06.2023 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ (Rs.)	ਟੈਂਡਰ ਦੀ ਕੀਮਤ (Rs.)	ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ	ਬਿਆਨਾ ਰਾਸ਼ੀ # (Rs.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬ ਸਾਈਟ
502-ਟੀ.ਆਰ.ਡੀ.-ਫਿਰੋਜ਼ਪੁਰ-2023-24	ਬਾਰਾਮੂਲਾ-ਬਨਿਹਾਲ ਸੈਕਸ਼ਨ ਵਿਚ ਤਿੰਨ (03) ਸਾਲਾਂ ਦੇ ਲਈ ਫਿਰੋਜ਼ਪੁਰ ਮੰਡਲ ਤੇ ਓਐਚਈ ਅਤੇ ਪੀਐਸਆਈ ਸੰਪਤੀ ਰਖਰਖਾਅ ਗਤੀਵਿਧੀਆਂ ਦੀ ਆਊਟਸੋਰਸਿੰਗ	1,78,17,331.85p	ਜੀਰੋ	19.06.2023 15:00 ਵਜੇ ਤਕ	2,39,100/-	36 ਮਹੀਨੇ	19.06.2023 15:00 ਵਜੇ ਦੇ ਬਾਅਦ	www.ireps.gov.in
503-ਟੀ.ਆਰ.ਡੀ.-ਫਿਰੋਜ਼ਪੁਰ-2023-24	ਤਿੰਨ (03) ਸਾਲਾਂ ਦੇ ਲਈ ਫਿਰੋਜ਼ਪੁਰ ਮੰਡਲ ਦੇ ਜੰਮੂ ਤਵੀ ਅਤੇ ਕਟਰਾ ਸਟੇਸ਼ਨਾਂ ਅਦੇ ਆਊਟਪਿਟ ਵਿਚ ਇਲੈਕਟ੍ਰਿਕ ਲੋਕੋਮੋਟਿਵ ਦੇ ਸੈਂਡ ਬਾਕਸ ਵਿਚ ਰੇਲਵੇ ਦਰਸਾਈ ਰੇਤ ਦੀ ਸਪਲਾਈ ਅਤੇ ਭਰਨਾ ਅਤੇ ਇਲੈਕਟ੍ਰਿਕ ਲੋਕੋਮੋਟਿਵ ਦੇ ਦੋਸ਼ਪੂਰਨ ਸੈਂਡਰਸ ਨੂੰ ਵੀ ਠੀਕ ਕਰਨਾ	2,04,09,675.65p	ਜੀਰੋ	19.06.2023 15:00 ਵਜੇ ਤਕ	2,52,100/-	36 ਮਹੀਨੇ	19.06.2023 15:00 ਵਜੇ ਦੇ ਬਾਅਦ	www.ireps.gov.in

ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਨਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ। ਨੰ.:502 ਅਤੇ 503-ਟੀ.ਆਰ.ਡੀ.-ਫਿਰੋਜ਼ਪੁਰ-2023-24 ਮਿਤੀ: 25.05.2023 1584/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

26-May-PAGE-8.qxd 5/25/2023 10:41 PM Page 1

ਜ਼ਿਲ੍ਹਾ ਕਮਿਊਨਿਟੀ ਪੁਲਸ ਵੱਲੋਂ ਖੁਸਰੋਪੁਰ ਵਿਖੇ ਚੈਰਿਟੀ ਸੈਮੀਨਾਰ

ਕਰਤਾਰਪੁਰ (ਹਰਮੇਸ਼ ਦੱਤ) ਵਧੀਕ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸ੍ਰੀਮਤੀ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ ਸਬ ਡਵੀਜ਼ਨ ਸਾਂਝ ਕੇਂਦਰ ਕਰਤਾਰ ਪੁਰ ਵੱਲੋਂ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਇੰਸਪੈਕਟਰ ਪੂਰਨ ਸਿੰਘ ਦੀ ਸੁਪਰਵਿਜ਼ਨ ਹੇਠ ਸ਼ਹੀਦ ਸਰਵਨ ਸਿੰਘ ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਪਿੰਡ ਖੁਸਰੋਪੁਰ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਸਕੂਲ ਦੇ ਛੇਵੀਂ ਕਲਾਸ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਲੋੜਵੰਦ 60 ਬੱਚਿਆਂ ਨੂੰ ਕਾਪੀਆਂ ਅਤੇ ਜੁਮੈਟਰੀ ਬਾਕਸ ਵੰਡੇ ਗਏ। ਇਸ ਮੌਕੇ ਇੰਸਪੈਕਟਰ ਪੂਰਨ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋ ਦਿੱਤੀਆਂ ਜਾਣ ਸੇਵਾਵਾਂ ਤੇ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ ਗਈ। ਏ ਐਸ ਆਈ ਜਗਤਾਰ ਸਿੰਘ ਵੱਲੋ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ। ਲੇਡੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਨੇ ਔਰਤਾਂ, ਬੱਚਿਆ ਅਤੇ ਬਜੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਡੀ ਏ ਵੀ ਹਾਈ ਸਕੂਲ ਕਰਤਾਰਪੁਰ ਦੇ ਪ੍ਰਿੰਸੀਪਲ ਮੁਕੇਸ਼ ਕੁਮਾਰ ਵੱਲੋਂ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਤੇ ਟੀਚਰਾਂ ਦੇ ਆਗਿਆਕਾਰੀ ਬਣਨ ,ਮਨ ਲਗਾ ਕੇ ਪੜ੍ਹਨ ਸਬੰਧੀ ਪ੍ਰੇਰਿਆ ਗਿਆ। ਸੈਮੀਨਾਰ ਵਿੱਚ ਸਕੂਲ ਦੀ ਪਿੰਸੀਪਲ ਮੈਡਮ ਆਸ਼ੂ ਬਾਲਾ , ਮੈਡਮ ਰੇਨੂੰ ਬਾਲਾ ਲੈਕਚਰਾਰ , ਰੋਹਿਤ ਮਿਸ਼ਰਾ ਲੈਕਚਰਾਰ ਅਤੇ ਸਕੂਲ ਦਾ ਹੋਰ ਸਟਾਫ ਹਾਜਰ ਸੀ।

ਪੰਜਵੀਂ ਪਾਤਸ਼ਾਹੀ ਦਾ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਪੰਜਵੀ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਨਕ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ। ਉਪਰੰਤ ਭਾਈ ਕਿਰਨਦੀਪ ਸਿੰਘ, ਭਾਈ ਨਰਿੰਦਰ ਸਿੰਘ ਭਾਈ ਸਤਨਾਮ ਸਿੰਘ, ਭਾਈ ਗੁਰਪ੍ਰੀਤ ਸਿੰਘ, ਗਿਆਨੀ ਸੁਰਜੀਤ ਸਿੰਘ ਥਾਬਲਾ ਵਾਲਿਆਂ ਦੇ ਕਵਿਸਰੀ ਜਥਿਆਂ ਵੱਲੋਂ ਸੰਗਤਾਂ ਨੂੰ ਕੀਰਤਨ ਅਤੇ ਗੁਰੂ ਇਤਿਹਾਸ ਨਾਲ ਜੋੜਿਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਜਮੇਰ ਸਿੰਘ ਖੇੜਾ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਕੁਰਬਾਨੀ ਭਰੇ ਇਤਿਹਾਸ ਤੋਂ ਜਾਣੂ ਕਰਵਾਉਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਦੇ ਦਿੱਤੇ ਉਪਦੇਸ਼ਾਂ ਤੇ ਪਹਿਰਾ ਦੇਣਾ ਚਾਹੀਦਾ ਹੈ। ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ 40 ਦਿਨਾਂ ਤੋਂ ਚੱਲ ਰਹੀ ਲੜੀ ਦੇ ਪਾਏ ਭੋਗ। ਇਸੇ ਤਰ੍ਹਾਂ ਸਥਾਨਕ ਗੁਰਦੁਆਰਾ ਸ੍ਰੀ ਅਮਰਗੜ੍ਹ ਸਾਹਿਬ ਯਾਦਗਾਰੀ ਅਸਥਾਨ ਅਮਰ ਸ਼ਹੀਦ ਬੀਬੀ ਸ਼ਰਨ ਕੌਰ, ਗੁਰਦੁਆਰਾ ਯਾਦਗਾਰ ਸ਼ਹੀਦਾਂ ਸ੍ਰੀ ਹੇਮਕੁੰਟ ਲੰਗਰ ਅਸਥਾਨ ਮਾਨੇਮਾਜਰਾ, ਗੁਰਦੁਆਰਾ ਸ੍ਰੀ ਰਣਜੀਤਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਤਾੜੀ ਸਾਹਿਬ ਤੋਂ ਇਲਾਵਾ ਗੁਰਦੁਆਰਾ ਸ੍ਰੀ ਦਸਮੇਸ਼ਗੜ੍ਹ ਸਾਹਿਬ ਭੈਰੋਮਾਜਰਾ, ਖੇੜੀ ਸਲਾਬਤਪੁਰ, ਕਮਾਲਪੁਰ, ਭੱਕੂਮਾਜਰਾ, ਭੋਜੇਮਾਜਰਾ, ਕੀੜੀ ਅਫਗਾਨਾ, ਕਤਲੌਰ, ਤਾਲਾਪੁਰ, ਦੱਗਰੀ ਕੋਟਲੀ, ਭੁਰੜੇ ਬਰਸਾਲਪੁਰ ਆਦਿ ਇਲਾਕੇ ਦੇ ਪਿੰਡਾਂ ਦੇ ਗੁਰਧਾਮਾਂ ਵੀ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਬਜਾਰਾਂ ਵਿਚ ਦੁਕਾਨਦਾਰ ਭਰਾਵਾਂ ਅਤੇ ਸੜਕਾਂ ਦੇ ਕਿਨਾਰਿਆਂ ਤੇ ਸੰਗਤਾਂ ਵਲੋਂ ਥਾਂ ਥਾਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਛੋਲਿਆਂ ਦਾ ਪ੍ਰਸ਼ਾਦ ਵਰਤਾਇਆ ਗਿਆ। ਇਸ ਮੌਕੇ ਮੈਨੇਜਰ ਭਾਈ ਨੱਥਾ ਸਿੰਘ, ਭਾਈ ਨਰਿੰਦਰ ਸਿੰਘ ਸੋਲਖੀਆਂ, ਭਾਈ ਰਵਿੰਦਰ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਕਮਲਜੀਤ ਸਿੰਘ, ਕਰਮਜੀਤ ਸਿੰਘ, ਜਥੇਦਾਰ ਪ੍ਰੀਤਮ ਸਿੰਘ ਸੱਲੋਮਾਜਰਾ, ਜਥੇਦਾਰ ਗੁਰਮੀਤ ਸਿੰਘ ਮਕੜੌਨਾ, ਕੁਲਦੀਪ ਸਿੰਘ ਸਾਬਕਾ ਪੰਚ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ) ਇੱਥੋਂ ਨੇੜਲੇ ਪਿੰਡ ਸੋਹਾਨਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਪ੍ਰੀਤ ਸਿੰਘ ਪਟਿਆਲੇ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋ ਜਬਰ ਅਤੇ ਜੁਲਮ ਖਿਲਾਫ ਦਿੱਤੀ ਅਤੁੱਦੀ ਅਤੇ ਲਾਸਾਨੀ ਸ਼ਹਾਦਤ ਬਾਰੇ ਸੰਗਤਾਂ ਨੂੰ ਵਿਸਥਾਰ ਨਾਲ ਸੁਣਾਇਆ। ਭਾਈ ਭੁਪਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣਾ ਦੇ ਰਾਗੀ ਜੱਥੇ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਸੰਦੀਪ ਸਿੰਘ , ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤੀ ਧੁਰ ਕੀ ਬਾਣੀ ਦੇ ਸ੍ਰੀ ਸੁਖਮਨੀ ਸਾਹਿਬ ਜੀ, ਸ੍ਰੀ ਬਾਰਹ ਮਾਹ ਜੀ, ਸ਼ਬਦ ਹਜ਼ਾਰੇ ਜੀ ਅਤੇ 30 ਰਾਗਾਂ ਵਿੱਚ 2218 ਸ਼ਬਦ ਜੋ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਸੁਭਾਇਮਾਨ ਹਨ ਉਨਾਂ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਜਗਤਾਰ ਸਿੰਘ ਦਮਦਮੀ ਟਕਸਾਲ, ਭਾਈ ਹਰਵਿੰਦਰ ਸਿੰਘ ਜਵੱਦੀ ਟਕਸਾਲ, ਭਾਈ ਹਰਭਜਨ ਸਿੰਘ ਜੰਡਪੁਰ, ਭਾਈ ਦਲਜੀਤ ਸਿੰਘ, ਭਾਈ ਜਸਵਿੰਦਰ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਭਾਈ ਸੁਖਵਿੰਦਰ ਸਿੰਘ, ਸੁਖਮਨੀ ਸੇਵਾ ਸੋਸਾਇਟੀ ਦੀਆਂ ਬੀਬੀਆਂ, ਭਾਈ ਕੁਲਤਾਰ ਸਿੰਘ ਦੇ ਜੱਥੇ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਹਰਬਖਸ਼ ਸਿੰਘ ਅਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵੀਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਕਿਸਾਨੀ ਅੰਦੋਲਨ ਦੌਰਾਨ ਹਿੱਸਾ ਲੈਣ ਵਾਲੇ ਪ੍ਰਵਾਸੀ ਪੰਜਾਬੀਆਂ ਨੂੰ ਭਾਰਤ ਸਰਕਾਰ ਤੰਗ ਨਾ ਕਰੇ : ਧਾਲੀਵਾਲ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਜਿਨ੍ਹਾਂ ਪਰਵਾਸੀ ਪੰਜਾਬੀਆਂ ਨੇ ਕਿਸਾਨੀ ਅੰਦੋਲਨ ਦੌਰਾਨ ਹਿੱਸਾ ਲਿਆ ਸੀ ਉਨ੍ਹਾਂ ਨੂੰ ਕੇਂਦਰ ਸਰਕਾਰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰੇ। ਇਥੇ ਜੇ ਡਬਲਯੂ ਮੈਰੀਅਟ ਹੋਟਲ ਵਿੱਚ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਅਤੇ ਪੰਜਾਬ ਦੇ ਐਨ ਆਰ ਆਈ ਵਿਭਾਗ ਵਲੋਂ ਸਾਂਝੇ ਤੌਰ ਉੱਤੇ ਕਰਵਾਏ ਗਏ ਵਿਦੇਸ਼ ਸੰਪਰਕ ਪ੍ਰੋਗਰਾਮ ਦੌਰਾਨ ਧਾਲੀਵਾਲ ਨੇ ਕਿਹਾ ਕਿ ਜਿਹੜੇ ਪਰਵਾਸੀ ਪੰਜਾਬੀਆਂ ਨੇ ਕਿਸਾਨੀ ਅੰਦੋਲਨ ਦੌਰਾਨ ਕੇਂਦਰ ਸਰਕਾਰ ਦੇ ਖੇਤੀ ਮਾਰੂ ਕਾਨੂੰਨਾਂ ਵਿਰੁੱਧ ਹਿੱਸਾ ਲਿਆ ਸੀ ਉਨ੍ਹਾਂ ਨੂੰ ਭਾਰਤ ਵਿਚ ਆਉਣ ਤੋਂ ਰੋਕੇ ਜਾਣ ਅਤੇ ਹੋਰ ਕਈ ਤਰੀਕਿਆਂ ਨਾਲ ਤੰਗ ਕੀਤਾ ਜਾ ਰਿਹਾ ਹੈ ਅਤੇ ਕਈਆਂ ਨੂੰ ਕਾਲੀ ਸੂਚੀ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ ਕਿਉਂ ਪਰਵਾਸੀ ਪੰਜਾਬੀਆਂ ਨੇ ਇਸ ਅੰਦੋਲਨ ਵਿਚ ਇਸ ਲਈ ਹਿੱਸਾ ਲਿਆ ਸੀ ਕਿਉਂ ਕਿ ਉਹ ਆਪਣੇ ਦੇਸ਼, ਆਪਣੀ ਭੂਮੀ ਨੂੰ ਪਿਆਰ ਕਰਦੇ ਹਨ ਅਤੇ ਇਥੋਂ ਦੀ ਤਰੱਕੀ ਲਈ ਫਿਕਰਮੰਦ ਹਨ। ਪਰਵਾਸੀ ਪੰਜਾਬੀਆਂ ਸਮੇਤ ਹਰੇਕ ਵਿਦੇਸ਼ੀ ਭਾਰਤੀ ਆਪਣੀ ਜਮੀਨ ਪ੍ਰਤੀ ਭਾਵੁਕ ਹੁੰਦਾ ਹੈ। ਧਾਲੀਵਾਲ ਨੇ ਇਕ ਹੋਰ ਗੰਭੀਰ ਮੁੱਦਾ ਚੁੱਕਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਰਾਜਨੀਤਕ ਸ਼ਰਨ ਲੈਣ ਵਾਲਿਆਂ ਲਈ ਵੀ ਭਾਰਤ ਸਰਕਾਰ ਨੂੰ ਕੋਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਅਜਿਹੇ ਵਿਅਕਤੀ ਵਿਦੇਸ਼ਾਂ ਵਿਚ ਪੱਕੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਜਨਮ ਭੂਮੀ ’ਤੇ ਪਰਤਣ ਵਿਚ ਬਹੁਤ ਮੁਸ਼ਕਿਲ ਆਉਂਦੀ ਹੈ। ਇਸ ਮੌਕੇ ਭਾਰਤ ਸਰਕਾਰ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਸਕੱਤਰ ਡਾ. ਔਸਫ ਸਈਅਦ, ਪੰਜਾਬ ਦੇ ਐਨ ਆਰ ਆਈ ਵਿਭਾਗ ਦੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ, ਸਕੱਤਰ ਕੰਵਲ ਪ੍ਰੀਤ ਬਰਾੜ ਤੋਂ ਇਲਾਵਾ ਪ੍ਰਸ਼ਾਸਨ ਅਤੇ ਪੁਲਸ ਵਿਭਾਗ ਦੇ ਉੱਚ ਅਧਿਕਾਰੀ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਹਾਜਰ ਸਨ।

ਸਰਕਾਰੀ ਕੈਟਲ ਪਾਊਂਡ ਸੁੱਖੇਮਾਜਰਾ ਵਿਖੇ ਗਊਆਂ ਦਾ ਕੀਤਾ ਟੀਕਾਕਰਨ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਪਿੰਡ ਸੁੱਖੇਮਾਜਰਾ ਵਿਖੇ ਚੱਲ ਰਹੇ ਖੇਤਰ ਦੇ ਇਕਮਾਤਰ ਸਰਕਾਰੀ ਕੈਟਲ ਪਾਊਂਡ (ਗਊਸ਼ਾਲਾ) ’ਚ ਗਊਆਂ ਅਤੇ ਹੋਰਨਾਂ ਜਾਨਵਰਾਂ ਦਾ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਲਈ ਜ਼ੂਰਰੀ ਟੀਕਾਕਰਨ ਕੀਤਾ ਗਿਆ ਅਤੇ ਨਾਲ ਹੀ ਪੇਟ ਦੇ ਕੀੜਿਆਂ ਤੋਂ ਬਚਾਅ ਲਈ ਦਵਾਈਆਂ ਦਿੱਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਉਕਤ ਸਰਕਾਰੀ ਕੈਟਲ ਪਾਊਂਡ ’ਚ ਕਰੀਬ 300 ਤੋਂ ਵੱਧ ਗਊਆਂ ਅਤੇ ਹੋਰ ਪਸ਼ੂ ਹਨ ਜਿਨਾਂ ਦਾ ਸਮੁੱਚਾ ਪ੍ਰਬੰਧ ਮਸਤ ਬਾਬਾ ਸ਼ਾਮ ਜੀ ਪ੍ਰਧਾਨ ਬਲਜੀਤ ਚੌਧਰੀ ਦੀ ਅਗਵਾਈ ਹੇਠ ਵਲੰਟੀਅਰ ਸੇਵਾਵਾਂ ਤਹਿਤ ਪਹੁੰਚੀ ਮਾਹਿਰਾਂ ਦੀ ਟੀਮ ’ਚ ਸ਼ਾਮਲ ਸ਼ਨਕ ਖੇੜੀ, ਕਰਨ ਰਾਣਾ ਅਤੇ ਡਾ. ਹਨੀ ਮੁਕਾਰੀ ਵੱਲੋਂ ਗਰਮੀ ਦੇ ਮੌਸਮ ’ਚ ਪਸ਼ੂਆਂ ਤੇ ਗਾਵਾਂ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਲਈ ਉਨਾਂ ਦਾ ਜ਼ਰੂਰੀ ਟੀਕਾਕਰਨ ਕੀਤਾ ਗਿਆ ਅਤੇ ਜ਼ਰੂਰੀ ਦਵਾਈਆਂ ਦਿੱਤੀਆਂ ਗਈਆਂ। ਸੇਵਾਦਲ ਦੇ ਪ੍ਰਧਾਨ ਬਲਜੀਤ ਚੌਧਰੀ ਨੇ ਦੱਸਿਆ ਕਿ ਲੋਕ ਭਲਾਈ ਸੇਵਾਦਲ ਵੱਲੋਂ ਆਪਣੇ ਪੱਧਰ ’ਤੇ ਅਹਿਤਿਆਤ ਦੇ ਤੌਰ ’ਤੇ ਪਸ਼ੂਆਂ ਦਾ ਇਲਾਜ ਕਰਵਾਇਆ ਗਿਆ।

ਮਹਾਰਾਜ ਸਮਾਧੀ ਵਾਲੇ ਧਾਰਮਿਕ ਅਸਥਾਨ ਝੱਜ ਦੇ ਪ੍ਰਬੰਧਕ ਸਵਾਮੀ ਅਨਮੋਲਕਾ ਨੰਦ ਜੀ ਮਹਾਰਾਜ ਵੱਲੋਂ ਸੰਗਤਾਂ ਦੇ ਸਹਿਯੋਗ ਅਤੇ ਪ੍ਰਸ਼ਾਸ਼ਨ ਦੀ ਸਹਿਮਤੀ ਨਾਲ ਚਲਾਇਆ ਜਾ ਰਿਹਾ ਹੈ।

ਮਸਤ ਬਾਬਾ ਸ਼ਾਮ ਜੀ ਮਹਾਰਾਜ ਲੋਕ ਭਲਾਈ ਸੇਵਾਦਲ ਦੇ

ਦੂਨ ਵੈੱਲ.ਫੇਅਰ ਸੋਸਾਇਟੀ ਦੀ ਅਹਿਮ ਬੈਠਕ ਅੱਜ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਸਮਾਜ ਸੇਵੀ ਸੰਸਥਾ ਦੂਨ ਵੈੱਲ.ਫ਼ੇਅਰ ਸੋਸਾਇਟੀ ਨੂਰਪੁਰਬੇਦੀ ਨੇ ਇਕ ਅਹਿਮ ਬੈਠਕ 26 ਮਈ ਨੂੰ ਬਾਅਦ ਦੁਪਹਿਰ ਸਾਢੇ 4 ਵਜੇ ਪਿੰਡ ਸਿੰਬਲ ਮਾਜਰਾ (ਜੇਤੇਵਾਲ) ਸਥਿਤ ਦਫ਼ਤਰ ਵਿਖੇ ਬੁਲਾਈ ਹੈ। ਇਸ ਸਬੰਧੀ ਸੋਸਾਇਟੀ ਦੇ ਪ੍ਰਧਾਨ ਮਾ. ਨਾਨਕ ਚੰਦ ਰਾਣਾ ਅਤੇ ਮਾ. ਮੋਹਨ ਸਿੰਘ ਭੈਣੀ ਨੇ ਦੱਸਿਆ ਕਿ ਇਸ ਬੈਠਕ ’ਚ ਪੀਰ ਬਾਬਾ ਜ਼ਿੰਦਾ ਸ਼ਹੀਦ ਅਸਥਾਨ ਨੂਰਪੁਰਬੇਦੀ ਲਈ ਟਰੱਸਟ ਬਣਾਏ ਜਾਣ ਨੂੰ ਲੈ ਕੇ ਹਾਈਕੋਰਟ ’ਚ ਦਾਇਰ ਕੀਤੇ ਜਾ ਰਹੇ ਕੇਸ ’ਤੇ ਚਰਚਾ ਕਰਨ ਤੋਂ ਇਲਾਵਾ ਅਗਾਮੀ ਦਿਨਾਂ ’ਚ ਸੋਸਾਇਟੀ ਵੱਲੋਂ ਕੀਤੇ ਜਾਣ ਵਾਲੇ ਹੋਰਨਾਂ ਸਮਾਜਿਕ ਕੰਮਾਂ ਦੀ ਰੂਪਰੇਖਾ ਤੈਅ ਕਰਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਕੋਟਪਾ ਐਕਟ ਸਬੰਧੀ ਕੀਤਾ ਜਾਗਰੂਕ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਵਿਧਾਨ ਚੰਦਰ ਦੀ ਯੋਗ ਅਗਵਾਈ ਹੇਠ ਬਲਾਕ ਦੇ ਵੱਖ ਵੱਖ ਖੇਤਰਾਂ ਵਿਚ ਸਿਹਤ ਵਿਭਾਗ ਵੱਲੋਂ ਕਾਰਵਾਈ ਕਰਦੇ ਹੋਏ ਪਿੰਡ ਬੈਂਸ ਦੇ ਬੱਸ ਅੱਡੇ ਵਿੱਚ ਦੁਕਾਨਦਾਰਾਂ ਨੂੰ ਕੋਟਪਾ ਐਕਟ ਅਧੀਨ ਜਾਗਰੂਕ ਕੀਤਾ ਗਿਆ ਅਤੇ ਐਕਟ ਦੀ ਉਲੰਘਣਾ ਕਰਨ ਵਾਲੇ ਦੁਕਾਨਦਾਰਾਂ ਨੂੰ ਜੁਰਮਾਨਾ ਕੀਤਾ। ਬਲਜੀਤ ਸਿੰਘ ਹੈਲਥ ਸੁਪਰਵਾਈਜ਼ਰ ਅਤੇ ਉਨ੍ਹਾਂ ਦੀ ਟੀਮ ਦਰਸ਼ਨ ਸਿੰਘ ਚਾਹਲ ਹੈਲਥ ਵਰਕਰ ਹਰਮਿੰਦਰ ਕੁਮਾਰ ਹੈਲਪ ਵਰਕਰ ਵੱਲੋਂ ਤੰਬਾਕੂ ਦੇ ਸਿਹਤ ਤੇ ਬੁਰੇ ਪ੍ਰਭਾਵਾਂ ਸਬੰਧੀ ਵੀ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ।

ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 2 ਨੂੰ

ਬਹਿਰਾਮ (ਅਵਤਾਰ ਕਲੇਰ) ਧੰਨ ਧੰਨ ਬਾਬਾ ਕੰਨੀਆ ਜੀ, ਧੰਨ ਧੰਨ ਬਾਬਾ ਮੱਲੂ ਰਾਮ ਜੀ ਅਤੇ ਮਾਤਾ ਸਤੀ ਜੀ ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 2 ਜੂਨ ਨੂੰ ਪਿੰਡ ਪੱਦੀ ਜਗੀਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਕਮੇਟੀ ਦੇ ਸਕੱਤਰ ਸੁਰਿੰਦਰ ਪਾਲ ਕੁੱਕੂ ਨੇ ਦੱਸਿਆ ਕਿ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਉਣ ਉਪਰੰਤ ਸਟੇਜ ਸਜਾਈ ਜਾਵੇਗੀ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਮੇਲੇ ਦੌਰਾਨ ਬਾਬਾ ਬਲਵਿੰਦਰ ਲੱਡੂ ਜੀ ਉੜਾਪੜ ਵਾਲਿਆਂ ਵੱਲੋਂ ਫਰੀ ਮੈਡੀਕਲ ਕੈਂਪ ਡਾ. ਦੇਸ ਰਾਜ ਪੁਰੀ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ। ਪ੍ਰਬੰਧਕ ਕਮੇਟੀ ਵੱਲੋਂ ਸਵੇਰ ਤੋਂ ਚਾਹ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਬਾਅਦ ਦੁਪਿਹਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਦਾਦੂਵਾਲ ਵਿਖੇ ਮਹੀਨਾਵਾਰ ਕਥਾ ਸਮਾਗਮ ਭਲਕੇ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਮਾਹਿਲਪੁਰ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਦਾਦੂਵਾਲ ਅਤੇ ਪਿੰਡ ਦੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਮਹੀਨਾਵਾਰ ਕਥਾ ਸਮਾਗਮ 27 ਮਈ ਸ਼ਾਮ 7 ਤੋਂ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਜੱਥੇਦਾਰ ਹਰਬੰਸ ਸਿੰਘ ਸਰਹਾਲਾ ਪ੍ਰਧਾਨ ਸਾਹਿਬਜਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਮਾਹਿਲਪੁਰ ਨੇ ਦੱਸਿਆ ਕੇ ਇਸ ਮੌਕੇ ਕਾਕਾ ਚਰਨਜੋਤ ਸਿੰਘ ਅਤੇ ਕਾਕਾ ਅਰੁਣਵੀਰ ਸਿੰਘ ਬੱਚਿਆਂ ਦਾ ਕਵੀਸ਼ਰੀ ਜਥਾ ਅਤੇ ਭਾਈ ਦਿਆਲ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ। ਇਸ ਤੋਂ ਬਾਅਦ ਬੀਬੀ ਗੁਰਸ਼ਰਨਪ੍ਰੀਤ ਕੌਰ ਬੱਲੋਂ (ਬਠਿੰਡਾ) ‘ਸਿੱਖ ਸਮਾਜ ਵਿੱਚ ਇਸਤਰੀ ਦਾ ਸਥਾਨ’ ਵਿਸ਼ੇ ’ਤੇ ਕਥਾ ਕਰਨਗੇ। ਗੁਰੂ ਕਾ ਲੰਗਰ ਅਤੁੱਟ ਚੱਲੇਗਾ।

ਸਰਕਾਰੀ ਸੀਨੀਅਰ ਸੈਕੰਡਰੀ ਕੋ-ਐਜੂਕੇਸ਼ਨ ਸਕੂਲ ਵਿਖੇ ਨਸ਼ਾਖੋਰੀ ਸੰਬੰਧੀ ਸੈਮੀਨਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਰਕਾਰੀ ਸੀਨੀਅਰ ਸੈਕੰਡਰੀ ਕੋ-ਐਜੂਕੇਸ਼ਨ ਸਕੂਲ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਰਾਜਨ ਅਰੋੜਾ ਦੇ ਸਹਿਯੋਗ ਨਾਲ ਅਤੇ ਵਾਇਸ ਪ੍ਰਿੰਸੀਪਲ ਸੀਮਾ ਸੈਣੀ ਦੀ ਹਾਜ਼ਰੀ ਵਿੱਚ ਤੰਬਾਕੂ ਅਤੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਅਤੇ ਇਲਾਜ਼ ਸਬੰਧੀ ਜਾਣਕਾਰੀ ਸੈਮੀਨਾਰ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਸਿਹਤ ਤੇ ਪਰਵਾਰ ਭਲਾਈ ਵਿਭਾਗ ਹੁਸ਼ਿਆਰਪੁਰ ਅਧੀਨ ਜ਼ਿਲ੍ਹਾ ਨਸ਼ਾ ਮੁਕਤੀ ਮੁੜ ਵਸੇਬਾ ਸੁਸਾਇਟੀ ਹੁਸ਼ਿਆਰਪੁਰ ਤੋ ਰਿਸੋਰਸ ਪਰਸਨ ਵਜੋਂ ਮਿਸ ਸੰਦੀਪ ਕੁਮਾਰੀ ਕਲੀਨਿਕਲ ਸਾਇਕੋਲੋਜਿਸਟ ਕਾਂਉਸਲਰ ਓ.ਓ.ਏ.ਟੀ.ਕਲੀਨਿਕ ਹੁਸ਼ਿਆਰਪੁਰ ਅਤੇ ਪ੍ਰਸ਼ਾਂਤ ਆਦੀਆ ਕਾਂਉਸਲਰ ਓ.ਓ.ਏ.ਟੀ.ਕਲੀਨਿਕ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਸਨ। ਮਿਸ ਸੰਦੀਪ ਕੁਮਾਰੀ ਸਾਇਕੋਲੋਜਿਸਟ ਕਾਂਉਸਲਰ ਨੇ ਕਿਹਾ ਕਿ ਨਸ਼ਾ ਇੱਕ ਮਾਨਸਿਕ ਬਿਮਾਰੀ ਹੈ ਜਿਸਦਾ ਇਲਾਜ ਪੰਜਾਬ ਸਰਕਾਰ ਦੇ ਸਿਹਤ ਸੰਸਥਾਵਾਂ ਵਿੱਚ ਮੁਫਤ ਕੀਤਾ ਜਾਂਦਾ ਹੈ, ਵਿਸ਼ਵ ਸਿਹਤ ਸੰਗਠਨ ਵਲੋਂ ਨਸ਼ੇ ਦੀ ਬਿਮਾਰੀ ਨੂੰ ਬਾਰ ਬਾਰ ਹੋਣ ਵਾਲੀ ਲੰਬਾ ਸਮਾਂ ਚਲਣ ਵਾਲੀ ਬਿਮਾਰੀ ਹੈ ਜੋ ਕਿ ਨਸ਼ਾ ਕਰਨ ਵਿਅਕਤੀ ਨੂੰ ਹੀ ਨਹੀਂ ਉਸਦੇ ਪਰਵਾਰ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂ ਇਕ ਅਫੀਕਟਿਵ ਪਦਾਰਥ ਹੈ ਜਿਸ ਕਰਕੇ ਇਸ ਨੂੰ “ਦੀ ਗੇਟ ਆਫ ਅਦਰ ਡਰੱਗਜ਼” (ਦੂਜਿਆਂ ਨਸ਼ਿਆ ਦਾ ਪ੍ਰਵੇਸ਼ ਦੁਆਰ) ਕਿਹਾ ਜਾਂਦਾ ਹੈ। ਤੰਬਾਕੂ ਕਈ ਪ੍ਰਕਾਰ ਦੇ ਕੈਂਸਰਾਂ ਦਾ ਕਾਰਨ ਬਣਦਾ ਹੈ ਤੇ ਵਿਸ਼ਵ ਵਿਚ ਸਭ ਤੋ ਵੱਧ ਮੌਤਾਂ ਤੰਬਾਕੂ ਦੇ ਸੇਵਨ ਤੋਂ ਹੋਣ ਵਾਲੀਆਂ ਬੀਮਾਰੀਆਂ ਕਾਰਨ ਹੁੰਦੀਆਂ ਹਨ। ਉਨ੍ਹਾਂ ਕਿਹਾ ਕੀ ਅੱਜ-ਕੱਲ੍ਹ ਟੀਨ ਏਜ਼ ਦੇ ਬੱਚੇ ਵੀ ਇਸ ਚ ਸ਼ਾਮਲ ਹੋ ਰਹੇ ਹਨ ਇਸ ਲਈ ਸਾਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ ਅਤੇ ਬੱਚਿਆਂ ਨੂੰ ਤੰਬਾਕੂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ’ਤੇ ਪ੍ਰਵੀਨ ਕੁਮਾਰੀ, ਸਵਿਤਾ ਦੇਵੀ, ਰਮਾ ਕੁਮਾਰੀ, ਗੁਰਪ੍ਰੀਤ ਕੌਰ, ਮਨੀਸ਼ਾ ਕੁਮਾਰੀ, ਰਕਸ਼ਾ ਕੁਮਾਰੀ, ਕਮਲੇਸ਼ ਰਾਣੀ, ਰਾਜ ਕੁਮਾਰੀ, ਆਰਤੀ ਚੰਦੇਲ, ਹਰਪ੍ਰੀਤ ਕੌਰ ਹਾਜ਼ਰ ਸਨ।

ਅਧਿਆਪਕਾਂ ਦੀ ਘਾਟ ਕਾਰਨ ਲਾਟੀਆਂਵਾਲ ਵਾਸੀਆਂ ਨੇ ਸਕੂਲ ਨੂੰ ਜੜਿਆ ਤਾਲਾ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਬਲਾਕ ਸੁਲਤਾਨਪੁਰ ਲੋਧੀ ਦੇ ਪਿੰਡ ਲਾਟੀਆਵਾਲ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਕਾਰਨ ਪਿੰਡ ਵਾਸੀਆਂ ਨੇ ਸਕੂਲ ਨੂੰ ਜਿੰਦਰਾ ਲਾ ਕੇ ਸਰਕਾਰ ਅਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਹਰਭਜਨ ਮੱਟੂ ਪ੍ਰਧਾਨ ਦਿਹਾਤੀ ਮਜਦੂਰ ਸਭਾ ਅਤੇ ਓਮ ਪ੍ਰਕਾਸ ਸਕੱਤਰ ਦਿਹਾਤੀ ਮਜਦੂਰ ਸਭਾ ਨੇ ਕਿਹਾ ਕਿ ਸਰਕਾਰ ਅਸਲ ਵਿਚ ਸਰਕਾਰੀ ਸਕੂਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਚਾਹੁੰਦੀ ਹੈ, ਇਸ ਲਈ ਪੰਜਾਬ ਦੇ ਬਹੁਤੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਉਨ੍ਹਾਂ ਮੰਗ ਕੀਤੀ ਕਿ ਅਧਿਆਪਕਾਂ ਦੀ ਭਰਤੀ ਕਰਕੇ ਸਕੂਲਾਂ ਵਿਚ ਅਧਿਆਪਕ ਪਹਿਲ ਦੇ ਆਧਾਰ ’ਤੇ ਭੇਜੇ ਜਾਣ ਕਿਉਂਕਿ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦੇਣਾ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਦਿੱਲੀ ਮਾਡਲ ਲਾਗੂ ਕਰਨਾ ਚਾਹੁੰਦੀ ਹੈ ਦੂਜੇ ਪਾਸੇ ਪਿੰਡ ਲਾਟੀਆਵਾਲ ਸਕੂਲ ਵਿੱਚ ਇੱਕ ਵੀ ਕੋਈ ਪੱਕਾ ਅਧਿਆਪਕ ਨਹੀਂ। ਉਹਨਾਂ ਦੱਸਿਆ ਕਿ ਸਕੂਲ ਵਿੱਚ ਸਿਰਫ ਆਰਜੀ ਤੌਰ ’ਤੇ ਅਧਿਆਪਕ ਆਉਂਦੇ ਹਨ ਅਤੇ ਚਲੇ ਜਾਂਦੇ ਹਨ ਬੱਚਿਆਂ ਦੀ ਕੋਈ ਸਾਰ ਨਹੀਂ ਲੈਂਦੇ। ਉਹਨਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਸਕੂਲ ਵਿੱਚ ਪੱਕੇ ਤੌਰ ’ਤੇ ਅਧਿਆਪਕਾਂ ਦੀਆਂ ਸਾਰੀਆਂ ਅਸਾਮੀਆਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕਮਲ ਕੁਮਾਰ ਮੈਂਬਰ ਪੰਚਾਇਤ, ਗੁਰਮੀਤ ਸਿੰਘ, ਜੀਤ ਸਿੰਘ, ਪ੍ਰੇਮ ਸਿੰਘ, ਪੂਰਨ ਸਿੰਘ, ਮੰਗਲ ਸਿੰਘ, ਭਜਨ ਸਿੰਘ, ਸੁਰਜੀਤ ਸਿੰਘ, ਜੋਗਾ ਸਿੰਘ, ਬਲਬੀਰ ਸਿੰਘ, ਛਿੰਦਾ ਆਦਿ ਹਾਜ਼ਰ ਸਨ।

ਕੋਵਿਡ 19 ਮਹਾਂਮਾਰੀ ਵਿਰੁੱਧ ਲੜਾਈ ਲੜਨ ਵਾਲੇ ਯੋਧਿਆਂ ਦਾ ਹੋਇਆ ਸਨਮਾਨ

ਫਗਵਾੜਾ (ਡਾ. ਰਮਨ) ਕੋਵਿਡ 19 ਕਰੋਨਾ ਵਾਇਰਸ ਮਹਾਂਮਾਰੀ ਨੂੰ ਮਾਤ ਦੇਣ ਪ੍ਰਤੀ ਲੜਾਈ ਲੜਨ ਵਾਲੇ ਯੋਧਿਆਂ ਦੇ ਸਨਮਾਨ ਲਈ ਰੱਖੇ ਸਾਰਡ ਐਨ ਜੀ ਉ ਵਲੋਂ ਸੀ ਈ ਉ ਸੁਧੀਰ ਭਟਨਾਗਰ ਦੀ ਸੁਚੱਜੀ ਦੇਖ-ਰੇਖ ਹੇਠ ਲਰਨਿੰਗ ਐਂਡ ਐਕਸਪੀਰੀਐਂਸ ਸੇਅਰਿੰਗ ਮੀਟਿੰਗ ਸ਼ਿਵਾਲਿਕ ਹੋਟਲ ਚੰਡੀਗੜ੍ਹ ਵਿਖੇ ਰੱਖੀ ਗਈ। ਸੂਬਾ ਪੱਧਰੀ ਰੱਖੀ ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਨੇ ਸ਼ਿਰਕਤ ਕੀਤੀ ਜਦਕਿ ਡਾਇਰੈਕਟਰ ਹੈਲਥ ਐਂਡ ਫੈਮਲੀ ਵੈਲਫੇਅਰ ਪੰਜਾਬ ਡਾ ਰਵਿੰਦਰ ਪਾਲ , ਡਾਇਰੈਕਟਰ ਹੈਲਥ ਸਰਵਿਸਿਜ ਫੈਮਲੀ ਵੈਲਫੇਅਰ ਡਾ ਆਦਰਸ਼ ਪਾਲ ਕੌਰ , ਸਟੇਟ ਇੰਮੂਨਾਈਜੇਸ਼ਨ ਅਫਸਰ ਡਾ. ਬਲਵਿੰਦਰ ਕੌਰ , ਨੋਡਲ ਅਫਸਰ, ਡਾ. ਐਸ ਪੀ ਸਿੰਘ, ਡਾ. ਰਾਜੇਸ਼ ਭਾਸਕਰ , ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ’ਚ ਸਿਵਲ ਸਰਜਨ ਕਪੂਰਥਲਾ ਵਲੋਂ ਦਿੱਤੇ ਨਿਰਦੇਸ਼ਾਂ ਤਹਿਤ ਡੀ ਆਈ ਉ ਕਪੂਰਥਲਾ ਡਾ. ਰਨਦੀਪ ਸਿੰਘ ਦੀ ਸੁਚੱਜੀ ਅਗਵਾਈ ਹੇਠ ਸਾਰਡ ਐਨ ਜੀ ਉ ਦੇ ਸੁਭਾਸ਼ ਸਾਹੂ ਡੀ ਐਮ ਸੀ ਕਪੂਰਥਲਾ, ਸੁਭਾਸ਼ ਚੰਦਰ ਬੀ ਐਮ ਸੀ ਫਗਵਾੜਾ ਅਤੇ ਸਾਰਡ ਐਨ ਜੀ ਓ ਦੇ ਸਮੂਹ ਕਪੂਰਥਲਾ ਵੰਲਟੀਅਰ ਵਲੋਂ ਕੋਵਿਡ 19 ਕਰੋਨਾ ਮਹਾਂਮਾਰੀ ਦੌਰਾਨ ਜੋ ਲੋਕ ਟੀਕਾਕਰਨ ਕਰਵਾਉਣ ਤੋਂ ਗੁਰੇਜ ਕਰਦੇ ਸਨ ਨੂੰ ਮੋਟੀਵੇਟ ਕਰ ਘਰ ਘਰ ਜਾ ਕੇ ਟੀਕਾਕਰਨ ਪ੍ਰਤੀ ਫੈਲੇ ਭਰਮ ਭੁਲੇਖਿਆਂ ਨੂੰ ਦੂਰ ਕਰ ਵੱਧ ਤੋਂ ਵੱਧ ਲੋਕਾ ਨੂੰ ਵੈਕਸੀਨ ਲਗਾਈ। ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ’ਚ ਐਨ ਜੀ ਉ ਦਾ ਵੱਡਾ ਰੋਲ ਰਿਹਾ ਜਿਸ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਰਜਿ ਫਗਵਾੜਾ ਦੇ ਚੇਅਰਮੈਨ ਅਤੇ ਉੱਘੇ ਸਮਾਜ ਸੇਵੀ ਡਾ. ਰਮਨ ਸ਼ਰਮਾ , ਮੈਡਮ ਮੋਨੀਕਾ ਏ ਐਨ ਐਮ (ਸਿਵਲ ਹਸਪਤਾਲ ਫਗਵਾੜਾ) ਮੈਡਮ ਰੀਟਾ ਥਾਪਰ ਪ੍ਰਿੰਸੀਪਲ ਪੁਤਰੀ ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ ਹਦੀਆਬਾਦ ਫਗਵਾੜਾ ਵਲੋਂ ਸਾਰਡ ਐਨ ਜੀ ਓ ਨੂੰ ਦਿੱਤੇ ਗਏ ਸਹਿਯੋਗ ਲਈ ਡਾਇਰੈਕਟਰ ਹੈਲਥ ਐਂਡ ਫੈਮਲੀ ਵੈਲਫੇਅਰ ਪੰਜਾਬ ਵਲੋਂ ਪ੍ਰਸੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ।

ਬਾਬਾ ਬੂਟਾ ਭਗਤ ਮੇਲੇ ਸੰਬੰਧੀ ਡੀ ਐੱਸ ਪੀ ਤੇ ਐੱਸ ਐੱਚ ਓ ਵੱਲੋਂ ਕਮੇਟੀ ਨਾਲ ਵਿਚਾਰ-ਵਟਾਂਦਰਾ

ਟਾਂਡਾ ਉੜਮੁੜ,(ਉਂਕਾਰ ਸਿੰਘ, ਜਸਵਿੰਦਰ ਸੰਧੂ)-ਡੀ ਐਸ ਪੀ ਕੁਲਵੰਤ ਸਿੰਘ ਟਾਂਡਾ ਅਤੇ ਐਸ ਐਚ ਓ ਪਰਮਿੰਦਰ ਸਿੰਘ ਸਿੰਘ ਨੇ ਬਾਬਾ ਬੂਟਾ ਭਗਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਮਲ ਸੈਣੀ ਅਤੇ ਬਾਕੀ ਆਹੁਦੇਦਾਰਾਂ ਨਾਲ ਜੂਨ ਮਹੀਨੇ ਹੋਣ ਵਾਲੇ ਸੂਬਾ ਪੱਧਰੀ ਜੋੜ ਮੇਲੇ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਅਤੇ ਮੌਕੇ ਦਾ ਜਾਇਜ਼ਾ ਲਿਆ। ਉਪਰੰਤ ਡੀ ਐਸ ਪੀ ਕੁਲਵੰਤ ਸਿੰਘ ਟਾਂਡਾ ਉੜਮੁੜ ਨੇ ਕਿਹਾ ਕਿ ਇਸ ਵਾਰ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਹੋਰ ਕਿਹਾ ਕਿ ਇਸ ਵਾਰ ਗੱਡੀਆਂ, ਮੋਟਰਸਾਈਕਲ, ਸਕੂਟਰਾਂ, ਕਾਰਾਂ ਅਤੇ ਹੋਰ ਵਾਹਨਾਂ ਲਈ ਸ਼ਹਿਰ ਦੇ ਤਿੰਨ ਪ੍ਰਵਾਇੰਟਾਂ ਲਈ ਪਾਰਕਿੰਗਾਂ ਦਾ ਪੁਖਤਾ ਪ੍ਰਬੰਧ ਕੀਤਾ ਜਾਵੇਗਾ। ਉਨਾਂ ਹੋਰ ਕਿਹਾ ਕਿ ਇਸ ਵਾਰ ਜਿਥੇ ਸਾਰੇ ਪ੍ਰਵਾਇੰਟਾਂ ਤੇ ਪੂਰੀ ਨਾਕਾਬੰਦੀ ਕੀਤੀ ਜਾਵੇਗੀ ਉਥੇ ਹੀ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਬਾਬਾ ਬੂਟਾ ਭਗਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਮਲ ਸੈਣੀ, ਕਿਸ਼ਨ ਸ਼ਰਮਾ, ਮੈਨੇਜਰ ਪ੍ਰਭ ਦਿਆਲ, ਬ੍ਰਿਜ ਸੋਧੀਂ, ਉਂਕਾਰ ਸਿੰਘ,ਅਮਨ ਕੁਮਾਰ ਅਤੇ ਤਰਸੇਮ ਲਾਲ ਹਾਜ਼ਰ ਸਨ।

ਪੰਜਾਬ- ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜਸਬੀਰ ਸਿੰਘ ਨੂਰਪੁਰ ਜ਼ਿਲ੍ਹਾ ਪ੍ਰਧਾਨ ਚੁਣੇ

ਬਹਿਰਾਮ (ਅਵਤਾਰ ਕਲੇਰ) ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਮੀਟਿੰਗ ਨਵਾਂਸ਼ਹਿਰ ਵਿਖੇ ਸੂਬਾ ਪ੍ਰਧਾਨ ਬਲਵੀਰ ਸਿੰਘ ਜੰਡੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਇੰਡੀਅਨ ਜਰਨਲਿਸਟ ਯੂਨੀਅਨ ਦੇ ਸਕੱਤਰ ਬਲਵਿੰਦਰ ਸਿੰਘ ਜੰਮੂ, ਚੰਡੀਗੜ੍ਹ ਇਕਾਈ ਦੇ ਪ੍ਰਧਾਨ ਜੈ ਸਿੰਘ ਛਿੱਬਰ, ਨਵਕਾਂਤ ਭਰੋਮਜਾਰਾ ਜਨਰਲ ਸਕੱਤਰ ਨੇ ਪੱਤਰਕਾਰੀ ਸਬੰਧੀ ਆ ਰਹੀਆਂ ਸਮੱਸਿਆਵਾਂ ’ਤੇ ਵਿਚਾਰ ਰੱਖੇ। ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਵਲੋਂ ਸਰਬਸੰਮਤੀ ਨਾਲ ਜਸਬੀਰ ਸਿੰਘ ਨੂਰਪੁਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪ੍ਰਧਾਨ ਚੁਣਿਆ ਅਤੇ ਉਨ੍ਹਾਂ ਨੂੰ ਜ਼ਿਲ੍ਹੇ ਦੇ ਅਹੁਦੇਦਾਰ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ। ਹਰਮੇਸ਼ ਵਿਰਦੀ ਚੇਅਰਮੈਨ ਨੇ ਨਾਂਅ ਪੇਸ਼ ਕੀਤਾ ਅਤੇ ਵਾਸਦੇਵ ਪ੍ਰਦੇਸੀ ਨੇ ਤਾਈਦ ਕੀਤੀ। ਜਸਬੀਰ ਸਿੰਘ ਨੂਰਪੁਰ ਨੇ ਆਖਿਆ ਕਿ ਉਹ ਪੱਤਰਕਾਰ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਤਨਦੇਹੀ ਨਾਲ ਨਿਭਾਉਂਣਗੇ। ਯੂਨੀਅਨ ਵਲੋਂ ਸੰਜੀਵ ਭਨੋਟ, ਨਰਿੰਦਰ ਰੱਤੂ, ਬਲਦੇਵ ਸਿੰਘ ਪਨੇਸਰ, ਬਲਵੀਰ ਸਿੰਘ ਰੂਬੀ, ਹਰਮੇਲ ਸਿੰਘ ਸਹੂੰਗੜਾ, ਨਛੱਤਰ ਸਿੰਘ ਬਹਿਰਾਮ, ਨਰਿੰਦਰ ਮਾਹੀ, ਨਰੇਸ਼ ਧੌਲ ਕਾਰਜਕਾਰੀ ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਮੌਕੇ ’ਤੇ ਅਮਿਤ ਸ਼ਰਮਾ, ਲਾਜਵੰਤ ਸਿੰਘ ਲਾਜ, ਵਾਸਦੇਵ ਪ੍ਰਦੇਸੀ, ਮਨਦੀਪ ਸਿੰਘ, ਹਰਮਿੰਦਰ ਸਿੰਘ ਪਿੰਟੂ, ਅੰਮ੍ਰਿਪਾਲ ਸਿੰਘ, ਪ੍ਰਵੀਰ ਅਬੀ, ਸੰਦੀਪ ਮਝੂਰ, ਜਰਨੈਲ ਸਿੰਘ ਖੁਰਦ, ਮਨੀਸ਼ ਚੁੱਘ, ਸੁਰਿੰਦਰ ਸਿੰਘ ਕਰਮ, ਬਿੱਟੂ ਮਾਹਲ, ਦੀਦਾਰ ਸਿੰਘ ਬਲਾਚੌਰੀਆ, ਮਹਿੰਦਰਪਾਲ ਸਿੰਘ, ਅਮਰੀਕ ਸਿੰਘ ਢੀਂਡਸਾ, ਮਨਜਿੰਦਰ ਸਿੰਘ, ਹਰਜਾਪ ਸਿੰਘ ਚੱਕ ਮੰਡੇਰ, ਮਨਜੀਤ ਸਿੰਘ ਜੱਬੋਵਾਲ, ਕੁਲਦੀਪ ਸਿੰਘ ਪਾਬਲਾ, ਤੀਰਥ ਸਿੰਘ ਰੱਕੜ, ਜਸਵਿੰਦਰ ਪਾਲ, ਨਿਰਮਲਜੀਤ ਸਿੰਘ ਚਾਹਲ, ਹਰਦੀਪ ਸਿੰਘ ਗਹੂੰਣ, ਸ਼ਾਮ ਲਾਲ, ਕੁਲਦੀਪ ਸਿੰਘ ਝਿੰਗੜ, ਜਰਨੈਲ ਸਿੰਘ ਨਿੱਘਾ ਆਦਿ ਹਾਜ਼ਰ ਸਨ।

ਗਲੋਬਲ ਰੋਡ ਸੇਫਟੀ ਹਫਤਾ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਮਨਾਇਆ

ਫਗਵਾੜਾ (ਡਾ. ਰਮਨ) ਪਰਿਆਸ ਸਿਟੀਜੰਸ ਵੈਲ਼ਫੇਅਰ ਕੌਂਸਲ ਫਗਵਾੜਾ ਵਲੋਂ ਅਮਰਦੀਪ ਸਿੰਘ ਰਾਏ ਵਧੀਕ ਡਾਇਰੈਕਟਰ ਜਨਰਲ ਆਫ ਟਰੈਫਿਕ ਪੰਜਾਬ ਚੰਡੀਗੜ੍ਹ ਦੀਆਂ ਹਦਾਇਤਾਂ ਅਤੇ ਐਸ.ਐਸ.ਪੀ. ਕਪੂਰਥਲਾ ਰਾਜਪਾਲ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੈਫਿਕ ਐਜੂਕੇਸ਼ਨ ਸੈੱਲ ਕਪੂਰਥਲਾ ਤੇ ਫਗਵਾੜਾ ਦੇ ਸਹਿਯੋਗ ਨਾਲ 7ਵਾਂ ਗਲੋਬਲ ਰੋਡ ਸੇਫਟੀ ਹਫਤਾ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਮਨਾਇਆ ਗਿਆ। ਇਸ ਦੌਰਾਨ ਅਜੈਬ ਸਿੰਘ ਬਾਹੜਾ ਯੂ.ਕੇ ਵੱਲੋਂ ਪ੍ਰਾਪਤ ਹੋਈ ਵਿੱਤੀ ਸਹਾਇਤਾ ਨਾਲ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿਚ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਦੇਖਰੇਖ ਹੇਠ ਟਰੈਫਿਕ ਨਿਯਮਾਂ ਨੂੰ ਦਰਸਾਉਂਦੇ ਹੋਏ ਸਲੋਗਨ ਤਿਆਰ ਕੀਤੇ। ਪਰਿਆਸ ਜੱਥੇਬੰਦੀ ਦੇ ਕਨਵੀਨਰ ਸ਼ਕਤੀ ਮਹਿੰਦਰੂ ਅਤੇ ਗੁਰਬਚਨ ਸਿੰਘ ਇੰਚਾਰਜ ਟਰੈਫਿਕ ਐਜੂਕੇਸ਼ਨ ਸੈੱਲ ਕਪੂਥਲਾ ਵਲੋਂ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿਤੀ ਗਈ। ਪੇਂਟਿੰਗ ਮੁਕਾਬਲੇ ’ਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਸਮੂਹ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਨਾਮਾਂ ਤੇ ਸਰਟੀਫਿਕੇਟਾਂ ਦੀ ਵੰਡ ਡੀ.ਐਸ. ਜੱਸਲ ਸੀਨੀਅਰ ਕੋਆਰਡੀਨੇਟਰ ਪਰਿਆਸ ਵੱਲੋਂ ਕੀਤੀ ਗਈ।

ਇਸ ਦੌਰਾਨ ਟਰੈਫਿਕ ਨਿਯਮਾਂ ਸੰਬੰਧੀ ਪੰਫਲੇਟ ਵੀ ਵੰਡੇ ਗਏ ਅਤੇ ਪ੍ਰੋਜੈਕਟਰ ਦੀ ਸਹਾਇਤਾ ਨਾਲ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਇੰਚਾਰਜ ਨੀਤੂ ਪਾਲ, ਸਟਾਫ ਮੈਂਬਰ ਕਮਲਜੀਤ ਕੌਰ, ਸ਼ੈਲੀ ਕੋਹਲੀ, ਕਮਲ ਕੁਮਾਰ, ਲਾਇਨ ਰਾਜਨ ਧਵਨ, ਪਰਿਆਸ ਸਿਟੀਜਨ ਵੈਲਫੇਅਰ ਕੌਂਸਲ ਤੋਂ ਮਨਿੰਦਰ ਸ਼ਰਮਾ, ਐਡਵੋਕੇਟ ਜਤਿੰਦਰ ਸ਼ਰਮਾ, ਰਣਵੀਰ ਧੀਮਾਨ, ਪਰਮਜੀਤ ਸਿੰਘ, ਏ.ਐਸ.ਆਈ. ਪਰਮਿੰਦਰ ਸਿੰਘ ਟਰੈਫਿਕ ਪੁਲਿਸ ਫਗਵਾੜਾ ਆਦਿ ਹਾਜ਼ਰ ਸਨ।

ਬਾਂਗੀਵਾਲ ਦੇ ਏਜੰਟ ਪਰਮਜੀਤ ਦੇ ਖਿਲਾਫ਼ ਭਾਰਤੀ ਕਿਸਾਨ ਯੂਨੀਅਨ ਨੇ ਲਾਇਆ ਪੱਕਾ ਧਰਨਾ

ਮਹਿਤਪੁਰ (ਰਾਜਾ)-ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਪਿੰਡ ਬਾਂਗੀਵਾਲ ਨੇੜੇ ਮਹਿਤਪੁਰ ਵਿਖੇ ਇਕ ਟਰੈਵਲ ਏਜੰਟ ਦੇ ਘਰ ਦੇ ਬਾਹਰ ਪੱਕੇ ਤੌਰ ’ਤੇ ਧਰਨਾ ਲਗਾਇਆ ਗਿਆ ਹੈ। ਕੇਵਲ ਸਿੰਘ ਸਰਪੰਚ ਜ਼ਿਲ੍ਹਾ ਪ੍ਰਧਾਨ ਜਲੰਧਰ ਬੀਕੇਯੂ ਪੰਜਾਬ ਸੁੱਖ ਗਿੱਲ ਤੋਤਾ ਸਿੰਘ ਵਾਲਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਤੇ ਕੌਮੀ ਜਨਰਲ ਸਕੱਤਰ ਪੰਜਾਬ ਨੇ ਕਿਹਾ ਕੇ ਪਰਮਜੀਤ ਸਿੰਘ ਪੁੱਤਰ ਜੁਗਿੰਦਰ ਸਿੰਘ ਪਿੰਡ ਬਾਂਗੀਵਾਲ ਨੇ ਨਾਲ ਦੇ ਪਿੰਡ ਦੇ ਸੁਰਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਗੋਬਿੰਦ ਪੁਰ ਲੋਹਗੜ੍ਹ ਨੇ ਸੁਰਿੰਦਰ ਸਿੰਘ ਨੂੰ ਵਿਦੇਸ ਭੇਜਣ ਦੇ ਨਾਂਅ ਅਤੇ ਸਾਢੇ 14 ਲੱਖ ਰੁਪਏ ਦੀ ਠੱਗੀ ਮਾਰ ਲਈ ਹੈ,ਇਸ ਸਬੰਧੀ ਕਈ ਵਾਰ ਪੰਚਾਇਤਾਂ ਹੋਈਆਂ ਪਰਮਜੀਤ ਸਿੰਘ ਕਿਸੇ ਵੀ ਪੰਚਾਇਤ ਦੇ ਕਹੇ ’ਤੇ ਆਖੇ ਨਾ ਲੱਗਿਆ ਅਤੇ ਪੈਸੇ ਦੇਣ ਤੋਂ ਸਾਫ ਮੁਕਰ ਗਿਆ। ਇਸ ਮੌਕੇ ਲਖਬੀਰ ਸਿੰਘ ਗੋਬਿੰਦਪੁਰ,ਜਸਵੰਤ ਸਿੰਘ ਸਰਪੰਚ ਲੋਹਗੜ੍ਹ,ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ, ਸਮਰਾ ਸਰਪੰਚ,ਮੰਨਾ ਬਡਵਾਲ,ਨਿਰਮਲ ਸਿੰਘ ਬੱਡੂਵਾਲ,ਸਾਹਿਬ ਸਿੰਘ ਤੋਤਾ ਸਿੰਘ ਵਾਲਾ,ਲਖਵਿੰਦਰ ਸਿੰਘ ਢੋਲੇਵਾਲ,ਹਰਦਿਆਲ ਸਿੰਘ ਸਰਪੰਚ,ਕਾਰਜ ਸਿੰਘ ਮਸੀਤਾਂ ਬਲਾਕ ਪ੍ਰਧਾਨ ਕੋਟ ਈਸੇ ਖਾਂ, ਹਰਮਨ ਦਾਨੇ ਵਾਲਾ, ਪ੍ਰੀਤਪਾਲ ਦਾਨੇਵਾਲਾ,ਜੀਤ ਸਿੰਘ ਬੱਡੂਵਾਲਾ,ਗੁਰਦੀਪ ਸਿੰਘ ਬਾਗੀਂਵਾਲ,ਸੁਰਿੰਦਰ ਸਿੰਘ ਗੋਬਿੰਦਪੁਰ,ਨਿਰਮਲ ਸਿੰਘ ਗੋਬਿੰਦਪੁਰ,ਤਜਿੰਦਰ ਸਿੰਘ ਕਰੀਮਪੁਰਾ,ਦਵਿੰਦਰ ਸਿੰਘ, ਪਰਗਟ ਸਿੰਘ ਭੁੱਲਰ, ਅਰਵਿੰਦਰ ਸਿੰਘ ਸੋਢੀ,ਸਾਭੀ ਬੋਰਾਂ ਵਾਲਾ, ਕੁਲਜੀਤ ਸਿੰਘ,ਕੁਲਦੀਪ ਸਿੰਘ ਮੈਂਸਮਪੁਰ,ਬੱਬੂ ਆਧਰਾ ਮਾਣ, ਗੋਪੀ ਚੀਮਾ,ਲਖਵੀਰ ਸਿੰਘ ਜਨਰਲ ਸਕੱਤਰ ਕੋਟ ਈਸੇ ਖਾ ਆਦਿ ਕਿਸਾਨ ਹਾਜਰ ਸਨ!

ਸਿਹਤ ਵਿਭਾਗ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿਚ ਵਿਸ਼ੇਸ ਅਭਿਆਨ ਚਲਾਇਆ ਜਾ ਰਿਹਾ ਹੈ।

ਨੌਜਵਾਨ ਪੀੜ੍ਹੀ ਨੂੰ ਨਸ਼ਿਆ ਵਿਰੁੱਧ ਜਾਗਰੂਕ ਕਰਨ ਲਈ ਡੈਪੋ ਮੁਹਿੰਮ ਨੂੰ ਹੋਰ ਗਤੀ ਦੇਣ ਲਈ ਬੈਠਕਾਂ ਕੀਤੀਆ ਜਾ ਰਹੀਆਂ ਹਨ। ਕਮਲ ਕਿਸ਼ੋਰ ਹੈਲਥ ਵਰਕਰ ਵੱਲੋਂ ਪਿੰਡ ਡੂੰਮੇਵਾਲ ਜਾਗਰੂਕਤਾ ਕੈਂਪ ਲਗਾਇਆ ਗਿਆ ਤੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਾਰਿਆਂ ਵੱਲੋਂ ਰਲ ਕੇ ਹੰਭਲਾ ਮਾਰਨ ਦੀ ਲੋੜ ਹੈ। ਨੌਜਵਾਨਾਂ ਨੂੰ ਨਸ਼ਾ ਛਡਵਾਉਣ ਲਈ ਨਸ਼ਾ ਮੁਕਤ ਕੇਦਰਾਂ ਵਿੱਚ ਜਾਣ ਲਈ ਪ੍ਰੇਰਿਤ ਕੀਤਾ ਗਿਆ। ਭਵਿੱਖ ਵਿੱਚ ਵੀ ਇਹ ਪ੍ਰੋਗਰਾਮ ਇਸ ਵਿਭਾਗ ਵੱਲੋ ਇਸੇ ਤਰ੍ਹਾਂ ਕੀਤੇ ਜਾਂਦੇ ਰਹਿਣਗੇ। ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ ਜਿਵੇਂ ਕਿ ਨਸ਼ਾ ਛਡਾਓ ਕੇਂਦਰ ਵਿੱਚ ਮੁਫਤ ਇਲਾਜ ਕੀਤਾ ਜਾਂਦਾ ਹੈ।

ਕੰਮਕਾਜੀ ਜੋੜਿਆਂ ਲਈ ਬੇਹੱਦ ਲਾਹੇਵੰਦ ਸਾਬਤ ਹੋਵੇਗਾ ਬਾਲਵਾਟਿਕਾ ਡੇਅ ਕੇਅਰ ਸੈਂਟਰ : ਕੋਮਲ ਮਿੱਤਲ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸਾਂਝੀ ਰਸੋਈ ਦੇ ਨਾਲ ਬਣੇ ਬਾਲਵਾਟਿਕਾ ਡੇਅ ਕੇਅਰ ਸੈਂਟਰ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਸਹੂਲਤ ਅਤੇ ਲੋੜ ਨੂੰ ਮੁੱਖ ਰੱਖਦਿਆਂ ਰੈੱਡ ਕਰਾਸ ਸੋਸਾਇਟੀ ਹੁਸ਼ਿਆਰਪੁਰ ਵਲੋਂ ਈਸ਼ ਨਗਰ ਹੁਸ਼ਿਆਰਪੁਰ ਵਿਚ ਕਰੈਚ ਸੈਂਟਰ ਚਲਾਇਆ ਜਾ ਰਿਹਾ ਹੈ, ਜੋ ਕਿ ਕੰਮ ਕਰਨ ਵਾਲੇ ਜੋੜਿਆਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਕੰਮਕਾਜੀ ਜੋੜੇ ਆਪਣੇ ਬੱਚਿਆਂ ਨੂੰ ਕਰੈਚ ਸੈਂਟਰ ਵਿੱਚ ਦਾਖਲ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕਰੈਚ ਸੈਂਟਰ ਵਿੱਚ 0-6 ਮਹੀਨੇ ਤੋਂ 6 ਸਾਲ ਤੱਕ ਦੇ ਬੱਚਿਆਂ ਨੂੰ ਰੱਖਿਆ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਕਰੈਚ ਸੈਂਟਰ ਵਿੱਚ ਫਰਿਜ, ਐਲ.ਈ.ਡੀ., ਝੂਲੇ, ਬੱਚਿਆਂ ਦੇ ਖੇਡਣ ਲਈ ਪਾਰਕ ਦਾ ਵਿਸ਼ੇਸ਼ ਪ੍ਰਬੰਧ ਹੈ, ਇਸ ਤੋਂ ਇਲਾਵਾ ਸੈਂਟਰ ਵਿੱਚ ਟ੍ਰੇਨਡ ਸਟਾਫ ਵੀ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਬਾਲਵਾਟਿਕਾ ਵਿੱਚ ਬੱਚੇ ਲਈ ਭੋਜਨ ਅਤੇ ਦੁੱਧ ਗਰਮ ਕਰਨ ਦੀ ਸਹੂਲਤ ਦੇ ਨਾਲ-ਨਾਲ ਪੀਣ ਵਾਲੇ ਸਾਫ਼ ਪਾਣੀ ਅਤੇ ਏਅਰ ਕੰਡੀਸ਼ਨਡ ਕਮਰੇ ਦਾ ਵੀ ਪ੍ਰਬੰਧ ਹੈ। ਇਸ ਤੋਂ ਇਲਾਵਾ ਬੱਚਿਆਂ ਦੇ ਸੌਣ ਲਈ ਬੈੱਡਾਂ ਦਾ ਵੀ ਵਿਸ਼ੇਸ਼ ਪ੍ਰਬੰਧ ਹੈ ਤਾਂ ਜੋ ਬੱਚਿਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀ ਦੇਖ-ਭਾਲ ਲਈ ਇੱਥੇ ਇੱਕ ਤਜ਼ਰਬੇਕਾਰ ਸਟਾਫ਼ ਮੌਜੂਦ ਹੈ, ਜੋ ਸਕੂਲੀ ਬੱਸਾਂ ਵਿੱਚ ਬੱਚੇ ਨੂੰ ਚੁੱਕਣ ਅਤੇ ਬਾਲਵਾਟਿਕਾ ਤੱਕ ਪਹੁੰਚਾਉਣ ਦੀ ਸਹੂਲਤ ਵੀ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਹਰ ਮਹੀਨੇ ਬੱਚਿਆਂ ਦੀ ਸਿਹਤ ਜਾਂਚ ਵੀ ਕੀਤੀ ਜਾਂਦੀ ਹੈ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ, ਲੇਖਾਕਾਰ ਸਰਬਜੀਤ, ਇੰਚਾਰਜ ਬਾਲ ਵਾਟਿਕਾ ਕਰੈਚ ਸੈਂਟਰ ਸੁਨੀਤਾ ਦੇਵੀ ਅਤੇ ਸਟਾਫ਼ ਹਾਜ਼ਰ ਸੀ।

ਪਾਣੀ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ : ਡਾ. ਬਲਬੀਰ ਚੰਦ

ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਕਿਸਾਨਾਂ ਨੂੰ ਵੱਧ ਤੋਂ ਵੱਧ ਝੋਨਾ ਸਿੱਧੀ ਬਿਜਾਈ ਨਾਲ ਬੀਜਣਾ ਚਾਹੀਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਮੁੱਖ ਖੇਤੀਬਾੜੀ ਅਫਸਰ ਕਪੂਰਥਲਾ ਡਾ. ਬਲਬੀਰ ਚੰਦ ਨੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਤਰ ਵੱਤਰ ਵਿੱਧੀ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ ਪਾਉਣ, ਬਿਜਲੀ ਦੀ ਖਪਤ ਘਟਾਉਣ ਅਤੇ ਮਜਦੂਰਾਂ ਦੀ ਕਮੀ ਨੂੰ ਹੱਲ ਕਰਨ ਦੀ ਸਮਰੱਥਾ ਰੱਖਦੀ ਹੈ ।ਇਸਦੇ ਨਾਲ ਜਿੱਥੇ 10-15% ਪਾਣੀ ਦੀ ਬੱਚਤ ਹੁੰਦੀ ਹੈ ਓਥੇ ਹੀ ਇਸ ਨਾਲ ਮੀਂਹ ਦਾ ਪਾਣੀ ਵੀ ਰਿਚਾਰਜ ਹੁੰਦਾ ਹੈ। ਇਸ ਵਿਧੀ ਬੀਜੇ ਖੇਤਾਂ ਵਿੱਚੋਂ ਆਲਮੀ ਤਪਸ਼ ਵਿੱਚ ਵਾਧਾ ਕਰਨ ਵਾਲੀ ਮਿਥੇਨ ਗੈਸ ਦਾ ਰਿਸਾਵ ਵੀ ਘੱਟ ਹੁੰਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਨੂੰ ਹੁਲਾਰਾ ਦੇਣ ਲਈ ਜ਼ਿਲ੍ਹਾ ਪੱਧਰੀ ਹੈਲਪਲਾਇਨ ਨੰਬਰ (98154 45718) ਜਾਰੀ ਕੀਤਾ ਗਿਆ ਹੈ ਜਿੱਥੇ ਡਾ. ਸੁਖਦੇਵ ਸਿੰਘ ਖੇਤੀਬਾੜੀ ਸੂਚਨਾ ਅਫਸਰ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇ ਰਹੇ ਹਨ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ ਆਪਣੇ ਆਪ ਨੂੰ ਪੋਰਟਲ ਉੱਪਰ ਰਜਿਸਟਰ ਜਰੂਰ ਕਰਨ ਤਾਂ ਕਿ ਸਰਕਾਰ ਵੱਲੋਂ ਉਹਨਾਂ ਦੇ ਖਾਤਿਆਂ ਵਿੱਚ 1500 ਰੁਪਏ ਪ੍ਰਤੀ ਏਕੜ ਪਾਇਆ ਜਾ ਸਕੇ। ਇਸ ਮੌਕੇ ਉਹਨਾਂ ਨਾਲ ਹਰਕਮਲਪ੍ਰਿਤਪਾਲ ਸਿੰਘ ਭਰੋਤ, ਅਸ਼ਵਨੀ ਕੁਮਾਰ ਰਾਮਬਾਨੀ ਖੇਤੀਬਾੜੀ ਅਫਸਰ ਮੌਜੂਦ ਸਨ।

ਸਕੂਲ ਦੇ ਟਾਪਰਾਂ ਨੂੰ ਟਰਾਫੀਆਂ ਨਾਲ ਕੀਤਾ ਸਨਮਾਨਤ

ਕੁਰਾਲੀ (ਮੋਹਨ ਅੱਗਰਵਾਲ ਜੋਗਾ)-ਇੰਟਰਨੈਸ਼ਨਲ ਪਬਲਿਕ ਸਕੂਲ ਕੁਰਾਲੀ ਵਿਖੇ ਪ੍ਰੀਖਿਆਵਾਂ 2023 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਇੱਕ ਸੰਖੇਪ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀ, ਉਨ੍ਹਾਂ ਦੇ ਮਾਪੇ ਅਤੇ ਅਧਿਆਪਕ ਇਨਾਮ ਵੰਡ ਸਮਾਰੋਹ ਵਿੱਚ ਸ਼ਾਮਲ ਹੋਏ। ਡਾਇਰੈਕਟਰ ਅਤੇ ਪ੍ਰਿੰਸੀਪਲ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੌਜਵਾਨ ਪ੍ਰਤਿਭਾਵਾਂ ਦੀਆਂ ਪ੍ਰਾਪਤੀਆਂ ਲਈ ਬਹੁਤ ਸਨਮਾਨ ਮਹਿਸੂਸ ਕੀਤਾ ਜਿਨ੍ਹਾਂ ਨੇ ਸਿੱਖਣ ਲਈ ਜਨੂੰਨ ਅਤੇ ਜੋਸ਼ ਦਿਖਾ ਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਮੁੱਖ ਮਹਿਮਾਨ ਚੀਮਾ ਬੋਇਲਰਜ਼ ਲਿਮਟਿਡ ਦੇ ਚੇਅਰਮੈਨ ਹਰਜਿੰਦਰ ਸਿੰਘ ਚੀਮਾ ਨੇ ਸਕੂਲ ਦੇ ਟਾਪਰਾਂ ਨੂੰ ਵਧਾਈ ਦਿੱਤੀ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਟਰਾਫੀਆਂ ਨਾਲ ਸਨਮਾਨਤ ਕੀਤਾ।

ਟਿੱਬਾ ਦੇ ਸਮਰੱਥਵੀਰ ਸਿੰਘ ਨੇ ਮੈਰਿਟ ’ਚ 13ਵਾਂ ਸਥਾਨ ਕੀਤਾ ਹਾਸਲ

ਸੁਲਤਾਨਪੁਰ ਲੋਧੀ(ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦੇ ਵਿਦਿਆਰਥੀ ਸਮਰੱਥਵਬੀਰ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਬਿਧੀਪੁਰ ਨੇ ਨਾਨ ਮੈਡੀਕਲ ਗਰੁੱਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਪੱਧਰ ਦੀ ਮੈਰਿਟ ਵਿੱਚ 13ਵਾਂ ਸਥਾਨ ਪ੍ਰਾਪਤ ਕੀਤਾ ਹੈ। ਉਸ ਨੇ 500 ਵਿੱਚੋਂ 487 ਅੰਕ ਪ੍ਰਾਪਤ ਕੀਤੇ। ਸਮਰੱਥਵਬੀਰ ਸਿੰਘ ਦੀ ਇਸ ਪ੍ਰਾਪਤੀ ਉੱਪਰ ਜਿੱਥੇ ਇਲਾਕੇ ਭਰ ਵਿੱਚ ਖੁਸ਼ੀ ਦੀ ਲਹਿਰ ਹੈ, ਉੱਥੇ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦਾ ਸਮੁੱਚਾ ਸਟਾਫ ਮਾਣ ਮਹਿਸੂਸ ਕਰ ਰਿਹਾ ਹੈ। ਹਲਕਾ ਸੁਲਤਾਨਪੁਰ ਲੋਧੀ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਅਰਜੁਨਾ ਐਵਾਰਡੀ ਸੱਜਣ ਸਿੰਘ ਚੀਮਾ, ਜ਼ਿਲ੍ਹਾ ਸਿੱਖਿਆ ਅਫਸਰ ਦਲਜੀਤ ਕੌਰ,ਉੱਪ ਜ਼ਿਲ੍ਹਾ ਸਿੱਖਿਆ ਅਫਸਰ ਬਿਕਰਮਜੀਤ ਸਿੰਘ ਥਿੰਦ, ਸਰਪੰਚ ਪ੍ਰੋ ਬਲਜੀਤ ਸਿੰਘ ਟਿੱਬਾ, ਸਾਬਕਾ ਸਰਪੰਚ ਜਸਵਿੰਦਰ ਕੌਰ ਭਗਤ, ਇੰਦਰਜੀਤ ਸਿੰਘ ਲਿਫਟਰ, ਸਮਾਜ ਸੇਵਕ ਸੁਰਜੀਤ ਸਿੰਘ ਬੱਗਾ ਨ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਰਿਆਤ ਬਾਹਰਾ ’ਵਰਸਿਟੀ ਨੇ ਮਾਵਾਂ ਲਈ ਲਗਾਇਆ ਮੁਫ਼ਤ ਸਿਹਤ ਜਾਂਚ ਕੈਂਪ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- : ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਵੱਲੋਂ ਮਾਵਾਂ ਲਈ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਆਯੋਜਨ ਕਰਨ ਦਾ ਮੁੱਖ ਉਦੇਸ਼ ਕੰਮਕਾਜੀ ਮਾਵਾਂ ਦੀਆਂ ਸਿਹਤ ਸਥਿਤੀਆਂ ਅਤੇ ਉਨ੍ਹਾਂ ਵਿੱਚ ਅਨੀਮੀਆ ਦੀ ਜਾਂਚ ਕਰਨਾ ਸੀ। ਇਸ ਮੈਡੀਕਲ ਜਾਂਚ ਦੌਰਾਨ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ’ਤੇ ਹੀਮੋਗਲੋਬਿਨ ਪੱਧਰ ਦੀ ਲੈਬਾਰਟਰੀ ਜਾਂਚ ਅਤੇ ਫਿਜ਼ੀਓਥੈਰੇਪੀ ਸੇਵਾਵਾਂ ਮੁਫ਼ਤ ਵਿੱਚ ਸ਼ਾਮਲ ਸਨ। ਸਿਹਤ ਕੈਂਪ ਵਿੱਚ ਖੂਨ ਦੇ ਨਮੂਨੇ ਵੀ ਇਕੱਤਰ ਕੀਤੇ ਗਏ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਨਾਲ ਰਿਪੋਰਟਾਂ ਆਨਲਾਈਨ ਸਾਂਝੀਆਂ ਕੀਤੀਆਂ ਗਈਆਂ। ਨੇੜਲੇ ਪਿੰਡਾਂ ਦੀਆਂ 60 ਤੋਂ ਵੱਧ ਔਰਤਾਂ ਨੇ ਇਸ ਜਾਂਚ ਕੈਂਪ ਦੀਆਂ ਸੇਵਾਵਾਂ ਦਾ ਲਾਭ ਪ੍ਰਾਪਤ ਕੀਤਾ। ਪ੍ਰੋ.ਐਸ.ਐਸ.ਗਿੱਲ, ਡੀਨ ਮੈਡੀਕਲ ਅਤੇ ਡਾ. ਪੰਕਜ ਕੌਲ, ਡੀਨ, ਯੂ.ਐਸ.ਏ.ਐਚ.ਐਸ. ਨੇ ਇਸ ਸਿਹਤ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਡਾ. ਨੀਨਾ ਮਹਿਤਾ, ਡੀਨ ਅਕਾਦਮਿਕ ਮਾਮਲੇ, ਪ੍ਰੋ. ਲਲਿਤ ਕੇ ਗੁਪਤਾ ਅਤੇ ਸਕੂਲ ਆਫ਼ ਅਲਾਈਡ ਹੈਲਥ ਸਾਇੰਸਜ਼ ਦੇ ਹੋਰ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਓਰੋ ਵੱਲੋਂ ਲਗਾਇਆ ਜਾ ਰਿਹਾ ਪਲੇਸਮੈਂਟ ਕੈਂਪ

ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)- ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਓਰੋ -ਕਮ-ਮਾਡਲ ਕੈਰੀਅਰ ਸੈਂਟਰ, ਐਸ.ਏ.ਐਸ ਨਗਰ ਵਲੋਂ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,ਡੀ.ਬੀ.ਈ.ਈ.ਦੇ ਹੁਕਮਾਂ ਤਹਿਤ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜਗਾਰ ਦੇ ਅਵਸਰ ਮੁੰਹਈਆ ਕਰਵਾਉਣ ਲਈ 16 ਫਰਵਰੀ ਤੋਂ ਹਰ ਵੀਰਵਾਰ (ਸਰਕਾਰੀ ਛੁੱਟੀ ਦੀ ਸੂਰਤ ਵਿੱਚ ਇਕ ਦਿਨ ਪਹਿਲਾਂ/ਬਾਅਦ) ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਕਮਰਾ ਨੰ. 461 ਤੀਜੀ ਮੰਜ਼ਿਲ, ਡੀ.ਸੀ.ਕੰਪਲੈਕਸ ਸੈਕਟਰ-76 ਐਸ.ਏ.ਐਸ ਨਗਰ ਵਿਖੇ ਪਲੇਸਮੈਂਟ ਕੈਂਪ ਲਗਾਉਣੇ ਸ਼ੁਰੂ ਕੀਤੇ ਗਏ ਹਨ। ਇਸੇ ਲੜੀ ਤਹਿਤ 25 ਮਈ ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਜਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਦੀ ਥਾਂ ਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ 3ਬੀ1, ਮੋਹਾਲੀ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਡੀ.ਬੀ.ਈ.ਈ./ਐਮ.ਸੀ.ਸੀ. ਵਲੋਂ ਵੱਖ-ਵੱਖ ਨਾਮੀ ਕੰਪਨੀਆਂ ਦੇ ਨਿਯੋਜਕਾਂ ਜਿਵੇਂ ਕਿ ਡਾ.ਆਈ.ਟੀ.ਐਮ. ਲਿਮ:, ਕੋਨਸੈਂਟਰੀਕਸ, ਕੁਨੈਕਟ ਕਾਰਪੋਰੇਸ਼ਨ, ਰਿਲਾਇੰਸ ਫਰੈਸ਼, ਲੈਂਡਮਾਰਕ ਗਰੁੱਪ, ਟਾਟਾ ਕਰੋਮਾ, ਟੈਲੀਪਰਫੋਰਮੈਂਸ, ਏਰੀਅਲ ਟੈਲੀਕਾਮ ਸਲਿਊਸ਼ਨਜ, ਐਕਸਿਸ ਬੈਂਕ, ਡੀਮਾਰਟ, ਐਮ.ਜੀ.ਬੇਕਰਜ਼, ਜੁਮੈਟੋ, ਭਾਰਤ ਪੇਅ, ਕੁਐਸ ਕਾਰਪੋਰੇਸ਼ਨ ਆਦਿ ਵਲੋਂ ਭਾਗ ਲਿਆ ਜਾਵੇਗਾ। ਜਿਸ ਵਿੱਚ ਪ੍ਰਾਰਥੀਆਂ ਲਈ ਕਸਟਮਰ ਕੇਅਰ ਐਗਜੀਕਿਊਟਿਵ, ਡਾਟਾ ਐਂਟਰੀ ਅਤੇ ਬੀ.ਪੀ.ਓ., ਸੇਲਜ਼ ਅਤੇ ਮਾਰਕਿਟਿੰਗ ਐਗਜੀਕਿਊਟਿਵ, ਟੈਲੀਕਾਲਰ, ਰਿਲੇਸ਼ਨਸ਼ਿਪ ਅਫਸਰ, ਲੋਨ ਅਫਸਰ, ਟੀਮ ਲੀਡਰ, ਕੈਸ਼ੀਅਰ, ਸੇਲਜ਼ ਐਸੋਸੀਏਟ, ਪੈਕਰ, ਕਾਊਂਟਰ ਸਰਵਿਸ, ਸਟੀਵਰਡ, ਡਿਲੀਵਰੀ ਬੁਆਏ, ਟੈਰੀਟਰੀ ਮੈਨੇਜਰ, ਫੀਲਡ ਸੇਲਜ਼ ਐਗਜੀਕਿਊਟਿਵ, ਬਿਜਨਸ ਡਿਵੈਲਪਮੈਂਟ ਐਗਜੀਕਿਊਟਿਵ ਆਦਿ ਸੈਕਟਰਾਂ ਵਿੱਚ ਆਸਾਮੀਆਂ ਉਪਲੱਬਧ ਹੋਣਗੀਆਂ। ਜਿਸ ਵਿੱਚ ਬਾਰਵੀਂ, ਗ੍ਰੈਜੂਏਟ ਪਾਸ ਪ੍ਰਾਰਥੀ ਭਾਗ ਲੈ ਸਕਦੇ ਹਨ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਨਹਿਰੀ ਵਿਭਾਗ ਦੇ ਐੱਸ ਈ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਟੀਮ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾਈ ਆਗੂ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਕਸ਼ਮੀਰ ਸਿੰਘ ਫੱਤਾ ਕੁੱਲਾ ਦੀ ਅਗਵਾਈ ਵਿਚ ਹੁਸ਼ਿਆਰਪੁਰ ਵਿਖੇ ਨਹਿਰੀ ਵਿਭਾਗ ਦੇ ਐੱਸ.ਈ. ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਲੈਕੇ ਮੰਗ ਪੱਤਰ ਭੇਟ ਕੀਤਾ ਗਿਆ। ਇਹ ਮੰਗ ਪੱਤਰ ਭੇਟ ਕਰਦਿਆਂ ਜ਼ਿਲਾ ਪ੍ਰਧਾਨ ਭੁੱਲਾ ਨੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਰਾਹੀਂ ਸਰਕਾਰ ਨੂੰ ਜਥੇਬੰਦੀ ਦੀਆਂ ਮੰਗਾਂ ਤੋਂ ਜਾਣੂ ਕਰਵਾਇਆ ਭੁੱਲਾ ਨੇ ਆਖਿਆ ਕਿ ਕਿਸਾਨਾਂ ਨੂੰ ਸਿੰਚਾਈ ਲਈ ਨਹਿਰੀ ਪਾਣੀ ਦੇਣ ਅਤੇ ਧਰਤੀ ਹੇਠਲੇ ਪਾਣੀ ਪ੍ਰਦੂਸ਼ਣ ਤੋਂ ਬਚਾਉਣ ਦੇ ਉਪਰਾਲੇ ਕਰਨ ਲਈ ਆਖਿਆ ਉਨ੍ਹਾਂ ਆਖਿਆ ਕਿ ਪੰਜਾਬ ਦੀ ਵਾਹੀਯੋਗ ਜਮੀਨ ਵਿਚ ਨਹਿਰੀ ਪਾਣੀ ਵੰਡ ਲਈ ਖਾਸ ਉੱਦਮ ਕਰਕੇ ਹੋਏ ਸਰਕਾਰ ਫ਼ੰਡ ਜਾਰੀ ਕਰੇ, ਧਰਤੀ ਹੇਠ ਪਾਣੀ ਰਿਚਾਰਜ ਕਰਨ, ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਕੇ ਉਹ ਪਾਣੀ ਸਿੰਚਾਈ ਲਈ ਵਰਤਿਆ ਜਾਵੇ, ਪੰਜਾਬ ਦੇ ਪਾਣੀਆਂ ਦੇ ਦੂਜੇ ਰਾਜਾ ਨਾਲ ਵੰਡ ਪ੍ਰਵਾਨਿਤ ਵਿਗਿਆਨਕ ਸਿਧਾਂਤਾ ਅਨੁਸਾਰ ਰਿਪੇਰੀਅਨ ਰਾਜ ਬੇਸਜ਼ ਰਾਜ ਸਿਧਾਂਤ ਅਨੁਸਾਰ ਕੌਮਾਂਤਰੀ ਕਾਨੂੰਨ ਮੁਤਾਬਿਕ ਕੀਤੀ ਜਾਵੇ। ਪਾਣੀ ਦੇ ਸੋਮਿਆਂ ਤੇ ਕਾਰਪੋਰੇਟ ਦਾ ਕਬਜ਼ਾ ਨਾ ਕਰਨ ਦਿੱਤਾ ਜਾਵੇ, ਧਰਤੀ ਹੇਠਲੇ ਪਾਣੀ ਨੂੰ ਜਹਰੀਲਾ ਕਰ ਰਹੀਆਂ ਫੈਕਟਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ, ਬੀ.ਬੀ.ਐੱਮ.ਬੀ. ਦਾ ਕੰਟਰੋਲ ਪੰਜਾਬ ਨੂੰ ਸੌਂਪਿਆ ਜਾਵੇ, ਸਾਰੀਆਂ ਫਸਲਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਦਾ ਕਾਨੂੰਨ ਬਣੇ, ਝੋਨੇ ਦੇ ਸੀਜਨ ਵਿਚ ਅਰਜੀ ਮੋਗੇ ਦਿੱਤੇ ਜਾਣ ਅਤੇ ਪੱਕੀਆਂ ਨਹਿਰਾਂ ਥੱਲੇ ਤਰਪਾਲ ਨਾ ਪਾਈ ਜਾਵੇ। ਇਸ ਮੌਕੇ ਸ਼ਾਮ ਸਿੰਘ ਸ਼ਾਮਾਂ, ਅਰਵਿੰਦਰ ਸਿੰਘ ਰਾਣਾ, ਸਰਪੰਚ ਲਖਵੀਰ ਸਿੰਘ, ਬਾਬਾ ਚੰਦ ਸ਼ਾਹ, ਸੰਤੋਸ਼ ਕੁਮਾਰੀ, ਰਾਜ ਰਾਣੀ, ਕਮਲਜੀਤ ਕੌਰ, ਗੁਰਵਿੰਦਰ ਸਿੰਘ ਜੀ,ਬੀ., ਅਮਨਦੀਪ ਕੌਰ, ਜਗਦੀਪ ਸਿੰਘ ਜੱਗੀ ਗਿੱਲ, ਸਤਨਾਮ ਸਿੰਘ ਔਲਖ, ਗੁਰਦੇਵ ਸਿੰਘ ਔਲਖ ਆਦਿ ਮੌਜੂਦ ਸਨ।

ਸਰਕਾਰ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਾਂਗੇ : ਅਜਨੋਹਾ

ਮਾਹਿਲਪੁਰ/ (ਸਫਰੀ)-ਪੰਜਾਬ ਸਰਕਾਰ ਦੀ ਸ਼ਹਿ 'ਤੇ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸਾਥੀ ਸਤੀਸ਼ ਰਾਣਾ ਨੂੰ ਮਿਡ-ਡੇ-ਮੀਲ ਦੀ ਸੂਬਾ ਕਮੇਟੀ ਦੀ ਮੀਟਿੰਗ ਲਈ ਸਮਾਂ ਦੇ ਕੇ ਅਰੈਸਟ ਕਰਨ ਦੀ ਨਿਖੇਧੀ ਕੀਤੀ ਜਾਂਦੀ ਹੈ। ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਮੱਖਣ ਸਿੰਘ ਲੰਗੇਰੀ ਪੈਨਸ਼ਨਰ ਆਗੂ ਸਤਪਾਲ ਲੱਠ ਅਤੇ ਪ੍ਰਿੰਸੀਪਲ ਪਿਆਰਾ ਸਿੰਘ ਨੇ ਕਿਹਾ ਜੇਕਰ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਹੱਲ ਕਰਨ ਦੀ ਬਜਾਏ ਧੱਕਾ ਕਰਦੀ ਹੈ ਤਾਂ ਮੁਲਾਜਮ ਅਤੇ ਪੈਨਸ਼ਨਰ ਜੇਲ੍ਹਾਂ ਤੋਂ ਡਰਨ ਵਾਲੇ ਨਹੀਂ ਹਨ। ਪੰਜਾਬ ਸਰਕਾਰ ਦੀ ਇਸ ਧੱਕੇਸ਼ਾਹੀ ਦਾ ਜਵਾਬ ਦੇਣ ਲਈ ਮੁਲਾਜਮ ਵਰਗ ਤਿਆਰ ਹੈ। ਪੰਜਾਬ ਦੀਆਂ ਜੇਲ੍ਹਾਂ ਅੰਦਰ ਜਗਾ ਘਟ ਜਾਵੇਗੀ ਜੇਕਰ ਮੁਲਾਜਮ ਵਰਗ ਆਪਣੀਆਂ ਗ੍ਰਿਫਤਾਰੀਆਂ ਦੇਣ 'ਤੇ ਆ ਗਿਆ। ਇਸ ਮੌਕੇ ਮੁਲਾਜ਼ਮਾਂ ਨੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ। ਇਸ ਮੌਕੇ ਅਮਰਜੀਤ ਕੁਮਾਰ,ਮਲਕੀਤ ਸਿੰਘ, ਹਰਮਨੋਜ ਕੁਮਾਰ,ਬਲਵਿੰਦਰ ਕੌਰ ,ਸੁਰਿੰਦਰ ਕੌਰ ਜਸਵਿੰਦਰ ਸਿੰਘ, ਮਹਿੰਦਰ ਪਾਲ, ਗਿਆਨ ਸਿੰਘ, ਉਂਕਾਰ ਸਿੰਘ, ਸਗਲੀ ਰਾਮ,ਕਰਨੈਲ ਸਿੰਘ, ਵਿੰਦਰ ਸਿੰਘ,ਭੂਸ਼ਣ ਸਿੰਘ ,ਸੰਤੋਖ ਦਾਸ, ਸੁਖਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਨਸਾਫ ਪਸੰਦ ਲੋਕ ਹਾਜ਼ਰ ਸਨ।

ਵਕਫ ਬੋਰਡ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰੇਗਾ : ਫਾਰੂਕੀ

ਕਪੂਰਥਲਾ, (ਰਵਿੰਦਰ ਸਿੰਘ) ਏ.ਡੀ.ਜੀ.ਪੀ ਪੰਜਾਬ ਪੁਲਸ-ਕਮ-ਪ੍ਰਬੰਧਕ ਪੰਜਾਬ ਵਕਫ ਬੋਰਡ ਐਮ.ਐਫ ਫਾਰੂਕੀ ਨੇ ਕਿਹਾ ਹੈ ਕਿ ਪੰਜਾਬ ਵਕਫ ਬੋਰਡ ਵਲੋਂ ਆਪਣੇ ਤਹਿਤ ਚੱਲ ਰਹੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇੱਥੇ ਸਥਾਨਕ ਇਸਲਾਮੀਆ ਮਾਡਲ ਸਕੂਲ ਵਿਖੇ ਨਵੀਂ ਬਣਾਈ ਅਤਿ ਆਧੁਨਿਕ ਕੰਪਿਊਟਰ ਲੈਬ ਦਾ ਉਦਘਾਟਨ ਕਰਨ ਮੌਕੇ ਉਨ੍ਹਾਂ ਕਿਹਾ ਕਿ ਸਿੱਖਿਆ ਸਮਾਜ ਦੀ ਤਰੱਕੀ ਦਾ ਆਧਾਰ ਹੈ ਅਤੇ ਪੰਜਾਬ ਵਕਫ ਬੋਰਡ ਬੱਚਿਆਂ ਨੂੰ ਸਮੇਂ ਦੇ ਹਾਣ ਦੇ ਸਿੱਖਿਆ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਰੋਜਗਾਰ ਪ੍ਰਾਪਤ ਕਰਨ ਦੇ ਕਾਬਿਲ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ 1990 ਤੋਂ ਚੱਲ ਰਹੇ ਇਸਲਾਮੀਆ ਮਾਡਲ ਸਕੂਲ ਵਿਖੇ ਵਿਦਿਆਰਥੀਆਂ ਲਈ ਉਪਲੱਬਧ ਸਹੂਲਤਾਂ ਦਾ ਵੀ ਜਾਇਜਾ ਲਿਆ। ਉਨ੍ਹਾਂ ਇਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਪੰਜਾਬ ਵਕਫ ਬੋਰਡ ਵਲੋਂ ਸਕੂਲ ਨੂੰ ਦਿੱਤੀ ਜਾਂਦੀ 8 ਹਜਾਰ ਰੁਪਏ ਦੀ ਗ੍ਰਾਂਟ ਨੂੰ ਵਧਾ ਕੇ 50 ਹਜਾਰ ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸਕੂਲ ਵਿਖੇ ਭਾਸ਼ਾ ਲੈਬ ਅਤੇ ਸਮਾਰਟ ਕਲਾਸਾਂ ਦੀ ਸਥਾਪਨਾ ਲਈ ਵੀ ਪੰਜਾਬ ਵਕਫ ਬੋਰਡ ਵਲੋਂ ਅਤਿ ਆਧੁਨਿਕ ਉਪਕਰਨ ਤੇ ਹੋਰ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਵਲੋਂ ਸ਼ੁਰੂ ਕਰਵਾਈ ਗਈ ਕੰਪਿਊਟਰ ਲੈਬ ਵਿਚ ਵਕਫ ਬੋਰਡ ਵਲੋਂ 4 ਕੰਪਿਊਟਰ,ਪ੍ਰਿੰਟਰ,ਸਕੈਨਰ ਆਦਿ ਉਪਲਬਧ ਕਰਵਾਏ ਗਏ ਹਨ ਤਾਂ ਜੋ ਉਹ ਆਧੁਨਿਕ ਸਿੱਖਿਆ ਸਕੂਲ ਵਿਚ ਹੀ ਲੈ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸਲਾਮੀਆ ਮਾਡਲ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੁਹੰਮਦ ਯੂਨਸ ਅਨਸਾਰੀ,ਮੀਤ ਪ੍ਰਧਾਨ ਮੁਹੰਮਦ ਸੈਜੂਫ, ਜਨਰਲ ਸਕੱਤਰ ਐਡਵੋਕੇਟ ਮੁਹੰਮਦ ਰਫੀਕ,ਸਕੱਤਰ ਮੇਹਰਬਾਨ ਅਲੀ,ਖਜਾਨਚੀ ਮੁਹੰਮਦ ਇਸਹਾਕ ਅਨੁਸਾਰੀ,ਪ੍ਰਚਾਰ ਸਕੱਤਰ ਮੁਹੰਮਦ ਸਲੀਮ ਅਨੁਸਾਰੀ ਆਦਿ ਹਾਜਰ ਸਨ।

ਨਗਰ ਪੰਚਾਇਤ ਵੱਲੋਂ ਆਰ ਆਰ ਆਰ ਸੈਂਟਰ ਸਥਾਪਤ

ਮਹਿਤਪੁਰ, (ਰਾਜਾ) ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਪੰਚਾਇਤ ਮਹਿਤਪੁਰ ਵਲੋਂ ਕਾਰਜ ਸਾਧਕ ਅਫਸਰ ਚਰਨ ਦਾਸ ਦੀ ਅਗਵਾਈ ਹੇਠ ਮੇਰੀ ਲਾਈਫ ਮੇਰਾ ਸਵੱਛ ਸ਼ਹਿਰ ਮੁਹਿੰਮ ਦਾ ਆਗਾਜ ਬੜੇ ਜੋਸ਼ ਖਰੋਸ਼ ਨਾਲ ਆਰੰਭ ਕੀਤਾ ਗਿਆ ਤੇ ਪਹਿਲੇ ਆਰ.ਆਰ.ਆਰ. ਸੈਂਟਰ ਦਾ ਉਦਘਾਟਨ ਕੀਤਾ ਗਿਆ। ਸੈਨੇਟਰੀ ਇੰਸਪੈਕਟਰ ਨਰੇਸ਼ ਕੁਮਾਰ ਨੇ ਦੱਸਿਆ ਕਿ ਸ਼ਹਿਰ ਨਿਵਾਸੀ ਆਪਣਾ ਵਰਤਿਆ ਹੋਇਆ ਅਤੇ ਮੁੜ ਵਰਤੋਂ ਯੋਗ ਸਮਾਨ ਜਿਵੇਂ ਕਿ ਕੱਪੜੇ, ਜੁੱਤੀਆਂ, ਚੱਪਲਾਂ, ਬੈਗ, ਖਿਡੌਣੇ, ਕਿਤਾਬਾਂ, ਸਟੇਸ਼ਨਰੀ, ਇਲੈਕਟ੍ਰੋਨਿਕਸ ਵਸਤੂਆਂ, ਭਾਂਡੇ ਆਦਿ ਦਫਤਰ ਨਗਰ ਪੰਚਾਇਤ ਵਿਖੇ ਸਥਾਪਤ ਕੀਤੇ ਗਏ ਆਰ.ਆਰ.ਆਰ. ਸੈਂਟਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ। ਕੋਈ ਵੀ ਲੋੜਵੰਦ ਇਹਨਾਂ ਵਸਤਾਂ ਨੂੰ ਮੁਫਤ ਲੈ ਸਕੇਗਾ ਅਤੇ ਬਾਕੀ ਵਸਤੂਆਂ ਨੂੰ ਰੀਸਾਈਕਲ ਕੀਤਾ ਜਾਵੇਗਾ। ਆਰ.ਆਰ.ਆਰ. ਸੈਂਟਰ ਦੇ ਉਦਘਾਟਨ ਸਮੇਂ ਸੀਐਫ ਨਰੇਸ਼ ਸਿੰਘ, ਸੈਨੀਟੇਸ਼ਨ ਕਲਰਕ ਸੰਦੀਪ ਕੌਰ, ਮੋਟੀਵੇਟਰ ਜੋਤੀ ਗਿੱਲ, ਮੀਨਾ ਕੁਮਾਰੀ, ਪਰਮਜੀਤ ਸਿੰਘ, ਸਰਬਜੋਤ ਸਿੰਘ, ਚਰਨਜੀਤ ਸਿੰਘ, ਰਾਮ ਚਰਨ, ਦੇਵ ਰਾਜ, ਕਰਨ, ਕ੍ਰਿਸ਼ਨ ਕੁਮਾਰ ਆਦਿ ਹਾਜਰ ਸਨ।

ਅਫਗਾਨਿਸਤਾਨ ਤੇ ਪਾਕਿਸਤਾਨ 'ਚ ਸਿੱਖਾਂ ਤੇ ਹਿੰਦੂਆਂ 'ਤੇ ਹਮਲੇ ਕਰਨ ਵਾਲਿਆਂ ਵਿਰੁੱਧ ਕਾਰਵਾਈ ਹੋਵੇ : ਜਥੇਦਾਰ ਜੁਗਨੂੰ

ਕਾਲਾ ਸੰਘਿਆਂ (ਮਨਜੀਤ ਮਾਨ) ਅਫਗਾਨਿਸਤਾਨ ਤੇ ਪਾਕਿਸਤਾਨ ਵਿਚ ਲੰਮੇ ਸਮੇਂ ਤੋਂ ਵੱਸ ਰਹੇ ਸਿੱਖ ਤੇ ਹਿੰਦੂ ਭਾਈਚਾਰੇ ਦੇ ਬੇਕਸੂਰ ਲੋਕਾਂ ਤੇ ਬੇਵਜ਼ਾ ਹਮਲੇ ਕਰਨ ਵਾਲੇ ਅਤਵਾਦੀ ਗਰੁੱਪਾਂ ਖਿਲਾਫ਼ ਭਾਰਤ ਸਰਕਾਰ ਸਖ਼ਤ ਕਾਰਵਾਈ ਕਰੇ। ਇਹ ਪੁਰਜ਼ੋਰ ਮੰਗ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੁੱਖ ਬੁਲਾਰੇ ਤੇ ਰਾਜਸੀ ਸਲਾਹਕਾਰ ਮੈਂਬਰ ਪੀ ਏ ਸੀ ਜਥੇਦਾਰ ਇੰਦਰਜੀਤ ਸਿੰਘ ਜੁਗਨੂੰ ਨੇ ਕਿਹਾ ਕਿ ਬਹੁਤ ਸਾਰੇ ਸਿੱਖ ਤੇ ਹਿੰਦੂ ਪਰਵਾਰ ਇਨ੍ਹਾਂ ਦੋਵਾਂ ਦੇਸ਼ਾਂ ਵਿਚ ਲੰਮੇ ਸਮੇਂ ਤੋਂ ਆਪਣੇ ਕਾਰੋਬਾਰ ਚਲਾ ਕੇ ਆਪਣਾ ਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ ਪਰ ਕੁਝ ਐਤਵਾਦੀ ਸੰਗਠਨ ਇੰਨਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ, ਜਬਰਦਸਤੀ ਹਿੰਦੂ ਲੜਕੀਆਂ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਵਾ ਰਹੇ ਹਨ ਤੇ ਉਨ੍ਹਾਂ ਦੀ ਇੱਜਤ ਨਾਲ ਖਿਲਵਾੜ ਕਰਕੇ ਵੱਡਾ ਜ਼ੁਲਮ ਕਰ ਰਹੇ ਹਨ। ਇਹ ਦਰਿੰਦੇ ਬਾਰ ਬਾਰ ਸਾਡੇ ਧਾਰਮਿਕ ਸਥਾਨਾਂ 'ਤੇ ਵੀ ਹਮਲੇ ਕਰ ਰਹੇ ਹਨ। ਜਥੇਦਾਰ ਜੁਗਨੂੰ ਨੇ ਭਾਰਤ ਸਰਕਾਰ ਕੋਲੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਇੰਨਾ ਦੇਸ਼ਾਂ ਵਿਚ ਇੰਨ੍ਹਾਂ ਅੱਤਵਾਦੀ ਟਿਕਾਣਿਆਂ ਦੀ ਪਹਿਚਾਣ ਕਰ ਕੇ ਪਹਿਲਾ ਦੀ ਤਰ੍ਹਾਂ ਸਰਜੀਕਲ ਸਟਰੈਕ ਕੀਤਾ ਜਾਵੇ ਤੇ ਉਥੇ ਰਹਿੰਦੇ ਸਿੱਖ ਤੇ ਹਿੰਦੂ ਪਰਵਾਰਾਂ ਨੂੰ ਸੁਰੱਖਿਅਤ ਭਾਰਤ ਲਿਆ ਕੇ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾਵੇ ।

ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮੁਢਲੀ ਸਹਾਇਤਾ ਸੰਬੰਧੀ ਦਿੱਤੀ ਸਿਖਲਾਈ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਹਾਦਸਿਆਂ ਦੌਰਾਨ ਕੀਮਤੀ ਜਾਨਾਂ ਬਚਾਉਣ ਦੇ ਮਕਸਦ ਨਾਲ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਜਲੰਧਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਾਰੀ ਵਿਖੇ ਮੁੱਢਲੀ ਸਹਾਇਤਾ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਇੰਦਰਦੇਵ ਮਿਨਹਾਸ ਨੇ ਵਿਦਿਆਰਥੀਆਂ ਨੂੰ ਰੈਡ ਕਰਾਸ ਸੁਸਾਇਟੀ ਦੀਆਂ ਗਤੀਵਿਧੀਆਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਲੋਂ ਮੁੱਢਲੀ ਸਹਾਇਤਾ ਦੇ ਨਾਲ ਕਿਵੇਂ ਅਸੀਂ ਕੀਮਤੀ ਜਾਨਾਂ ਬਚਾ ਸਕਦੇ ਹਾਂ, ਮੁੱਢਲੀ ਸਹਾਇਤਾ ਕੌਣ ਦੇ ਸਕਦਾ ਹੈ ਅਤੇ ਸਿਖਲਾਈ ਲੈਣ ਲਈ ਕਿਥੇ ਰਾਬਤਾ ਕਾਇਮ ਕੀਤੇ ਜਾਵੇ ਆਦਿ ਪ੍ਰਸਨਾਂ ਦੇ ਉੱਤਰ ਦਿੱਤੇ ਗਏ। ਇਸ ਮੌਕੇ ਜ਼ਿਲ੍ਹਾ ਰੈਡ ਕਰਾਸ ਵੱਲੋਂ ਸਕੂਲ ਲਈ 20 ਫੁੱਟਬਾਲ, ਮਾਸਕ, ਸੈਨੇਟਾਈਜ਼ਰ ਦੇਣ ਤੋਂ ਇਲਾਵਾ ਸੇਵਾਦਾਰ ਅਮਲੇ ਨੂੰ ਕਿੱਟਾ ਵੀ ਵੰਡੀਆਂ ਗਈਆਂ। ਉਪਰੰਤ ਲੈਕਚਰਾਰ ਡਾ. ਸੁਰਜੀਤ ਲਾਲ ਨੇ ਲੋੜਵੰਦਾਂ ਲਈ ਸੁਸਾਇਟੀ ਵੱਲੋਂ ਕੀਤੀ ਜਾ ਰਹੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ।ਇਸ ਮੌਕੇ ਮੁੱਢਲੀ ਸਹਾਇਤਾ ਸਬੰਧੀ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਧੀਆ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਲੈਕਚਰਾਰ ਰਿੰਪਲ ਗੁਪਤਾ ਤੇ ਰਜਿੰਦਰ ਕੌਰ, ਸੀਨੀਅਰ ਕੋਚ ਰਜਿੰਦਰ ਕੁਮਾਰ, ਇੰਜ. ਰਜੇਸ ਕੁਮਾਰ ਅਤੇ ਵਿਦਿਆਰਥੀ ਮੌਜੂਦ ਸਨ। ਇਸ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਵਾਤਾਵਰਣ ਜਾਗਰੂਕਤਾ ਸਾਈਕਲ ਰੈਲੀ ਵੀ ਕੱਢੀ ਗਈ।

ਮੰਚ ਸੰਚਾਲਨ ਮਾਸਟਰ ਸੁਰਜੀਤ ਸਿੰਘ ਵੱਲੋਂ ਕੀਤਾ ਗਿਆ।ਅਖੀਰ ਵਿੱਚ ਸਕੂਲ ਵੱਲੋਂ ਮੁੱਖ ਮਹਿਮਾਨ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਚੀਮਾ ਵੱਲੋਂ ਯੂਨੀਅਨਾਂ ਦੇ ਵਿੱਤ ਵਿਭਾਗ ਨਾਲ ਸੰਬੰਧਤ ਮਸਲਿਆਂ ਬਾਰੇ ਜਲਦੀ ਹੱਲ ਦਾ ਭਰੋਸਾ

ਚੰਡੀਗੜ੍ਹ, (ਗੁਰਜੀਤ ਬਿੱਲਾ)- ਕੈਬਨਿਟ ਮੰਤਰੀਆਂ ਐਡਵੋਕੇਟ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਕੁਲਦੀਪ ਸਿੰਘ ਧਾਲੀਵਾਲ ਦੀ ਸ਼ਮੂਲੀਅਤ ਵਾਲੀ ਕੈਬਨਿਟ ਸਬ-ਕਮੇਟੀ ਵੱਲੋਂ ਸਕੂਲ ਸਿੱਖਿਆ ਵਿਭਾਗ ਨਾਲ ਸਬੰਧਤ ਵੱਖ-ਵੱਖ ਅਧਿਆਪਕ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਵਿਚਾਰ ਚਰਚਾ ਕੀਤੀ ਗਈ। ਇਥੇ ਪੰਜਾਬ ਭਵਨ ਵਿਖੇ ਖੁਸ਼ਗਵਾਰ ਮਾਹੌਲ ਵਿੱਚ ਹੋਈਆਂ ਇਨ੍ਹਾਂ ਮੀਟਿੰਗਾਂ ਦੌਰਾਨ ਮੈਰੀਟੋਰੀਅਸ ਟੀਚਰਜ ਯੂਨੀਅਨ, ਕੰਪਿਊਟਰ ਅਧਿਆਪਕ ਯੂਨੀਅਨ, ਪੀ.ਐਸ.ਟੈੱਟ ਯੂਨੀਅਨ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ ਕੱਚੇ ਅਧਿਆਪਕ ਯੂਨੀਅਨ, ਕੱਚੇ ਅਧਿਆਪਕ ਯੂਨੀਅਨ, ਈ.ਟੀ.ਟੀ. ਟੈੱਟ ਪਾਸ ਬੇਰੁਜਗਾਰ ਅਧਿਆਪਕ ਯੂਨੀਅਨ, 4161 ਬੇਰੁਜਗਾਰ ਅਧਿਆਪਕ ਯੂਨੀਅਨ, ਈ.ਜੀ.ਐਸ./ਏ.ਆਈ.ਈ/ਐਸ.ਟੀ.ਆਰ ਪ੍ਰੀ ਪ੍ਰਾਇਮਰੀ ਕੱਚੇ ਅਧਿਆਪਕ ਯੂਨੀਅਨ ਵੱਲੋਂ ਸਬ-ਕਮੇਟੀ ਨਾਲ ਆਪੋ-ਆਪਣੇ ਮਸਲਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਯੂਨਿਅਨਾਂ ਵੱਲੋਂ ਪੇਸ਼ ਕੀਤੇ ਗਏ ਜਿਆਦਾਤਰ ਮਸਲੇ ਸੇਵਾਵਾਂ ਨੂੰ ਪੱਕਿਆਂ ਕਰਨ ਅਤੇ ਤਨਖਾਹ ਵਿੱਚ ਵਾਧੇ ਨਾਲ ਸਬੰਧਤ ਸਨ। ਸੇਵਾਵਾਂ ਨੂੰ ਪੱਕਿਆਂ ਕਰਨ ਨਾਲ ਸਬੰਧਤ ਯੂਨੀਅਨਾਂ ਦੀਆਂ ਕੁਝ ਮੰਗਾਂ ਬਾਰੇ ਕੈਬਨਿਟ ਸਬ-ਕਮੇਟੀ ਨੇ ਪਾਇਆ ਕਿ ਇਨ੍ਹਾਂ ਮਾਮਲਿਆਂ ਨੂੰ ਹੱਲ ਕਰਨ ਲਈ ਕਾਨੂੰਨੀ ਰਾਏ ਦੀ ਲੋੜ ਹੈ। ਕੈਬਨਿਟ ਸਬ-ਕਮੇਟੀ ਨੇ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਨ੍ਹਾਂ ਯੂਨੀਅਨਾਂ ਨਾਲ ਵਿਸੇਸ ਮੀਟਿੰਗਾਂ ਕਰਨ ਅਤੇ ਇਨ੍ਹਾਂ ਦੇ ਮਸਲਿਆਂ ਦੇ ਕਾਨੂੰਨੀ ਤੌਰ 'ਤੇ ਢੁਕਵੇਂ ਹੱਲ ਲਈ ਐਡਵੋਕੇਟ ਜਨਰਲ ਦੇ ਦਫਤਰ ਤੋਂ ਕਾਨੂੰਨੀ ਸਲਾਹ ਲੈਣ। ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਨਾਉਣ ਲਈ ਕਿਹਾ ਕਿ ਯੂਨੀਅਨਾਂ ਸੇਵਾਵਾਂ ਪੱਕਿਆਂ ਕਰਨ ਸਬੰਧੀ ਮੰਗਾਂ ਦਾ ਅਜਿਹਾ ਹੱਲ ਕੱਢਿਆ ਜਾਵੇ ਜਿਸ ਤਹਿਤ ਕਿਸੇ ਕਾਨੂੰਨੀ ਅੜਚਨ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਮੰਨਸ਼ਾ ਵੱਧ ਤੋਂ ਵੱਧ ਮੁਲਾਜਮਾਂ ਦੀਆਂ ਸੇਵਾਵਾਂ ਨੂੰ ਪੱਕਿਆਂ ਕਰਨ ਦੀ ਹੈ। ਤਨਖਾਹ ਅਤੇ ਵਿੱਤ ਵਿਭਾਗ ਨਾਲ ਸਬੰਧਤ ਹੋਰ ਮਸਲਿਆਂ ਬਾਰੇ ਵਿੱਤ ਮੰਤਰੀ ਨੇ ਅਧਿਆਪਕ ਯੂਨੀਅਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਵੱਲੋਂ ਉਠਾਈਆਂ ਗਈਆਂ ਜਿਆਦਾਤਰ ਮੰਗਾਂ ਬਾਰੇ ਅਮਲ ਪ੍ਰਕ੍ਰਿਆ ਅਧੀਨ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਇਸ ਸਬੰਧੀ ਖੁਸ਼ਖਬਰੀ ਮਿਲੇਗੀ। ਉਨ੍ਹਾਂ ਵਿੱਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਸਕੂਲ ਸਿੱਖਿਆ ਵਿਭਾਗ ਦੇ ਨਾਲ ਮੀਟਿੰਗਾਂ ਕਰਕੇ ਇਸ ਸਬੰਧੀ ਹੋਰਨਾਂ ਵਿੱਤੀ ਮਾਮਲਿਆਂ ਬਾਰੇ ਵੀ ਜਲਦ ਤਜਵੀਜ ਤਿਆਰ ਕਰਨ। ਇੰਨ੍ਹਾਂ ਮੀਟਿੰਗਾਂ ਦੌਰਾਨ ਹੋਰਨਾਂ ਤੋਂ ਇਲਾਵਾ ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ ਸ੍ਰੀਮਤੀ ਸੀਮਾ ਜੈਨ, ਵਿੱਤ ਸਕੱਤਰ ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਸ੍ਰੀਮਤੀ ਗੌਰੀ ਪਰਾਸ਼ਰ ਜੋਸ਼ੀ ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਸ੍ਰੀਮਤੀ ਦੀਪਤੀ ਉੱਪਲ ਵੀ ਹਾਜਰ ਸਨ।

ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰੀਆਂ



ਸੁਲਤਾਨਪੁਰ ਲੋਧੀ, (ਹਨੀ)- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਚੌਥੀ ਜਮਾਤ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਸਿੱਖ ਮਿਸ਼ਨਰੀ ਵੱਲੋਂ ਕਰਵਾਈ ਜਾਂਦੀ ਧਾਰਮਿਕ ਸਾਲਾਨਾ ਪ੍ਰੀਖਿਆ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਧਾਰਮਿਕ ਪ੍ਰੀਖਿਆ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਚੌਥੀ, ਪੰਜਵੀਂ ਉਮਰ ਵਰਗ ਦੇ ਗਰੁੱਪ ਵਿਚ ਸੁਖਮਨਪ੍ਰੀਤ ਕੌਰ ਨੇ ਪਹਿਲਾ, ਅਜੇਪ੍ਰਤਾਪ ਸਿੰਘ ਨੇ ਦੂਜਾ ਅਤੇ ਪ੍ਰਭਜੋਤੀ ਨੇ ਤੀਜਾ ਸਥਾਨ ਹਾਸਲ ਕੀਤਾ। ਛੇਵੀਂ ਤੋਂ ਅਠਵੀਂ ਜਮਾਤ ਦੇ ਗਰੁੱਪ ਵਿਚ ਕੁਵਰਨੂਰ ਸਿੰਘ ਪਹਿਲੇ, ਸੱਤਵੀਰ ਦੂਜੇ ਅਤੇ ਜਸਦੀਪ ਕੌਰ ਤੀਜੇ ਸਥਾਨ 'ਤੇ ਰਹੀ । ਨੌਵੀਂ ਤੋਂ ਬਾਰ੍ਹਵੀਂ ਦੇ ਸੀਨੀਅਰ ਗਰੁੱਪ ਵਿਚ ਪਲਕਪ੍ਰੀਤ ਕੌਰ ਪਹਿਲਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਮੈਡਮ ਨੀਤੂ, ਸੁਨੀਤਾ ਗੁਜਰਾਲ, ਕਰਨਜੀਤ ਸਿੰਘ, ਰੁਪਿੰਦਰ ਕੌਰ ਆਦਿ ਸਟਾਫ਼ ਮੈਂਬਰ ਹਾਜਰ ਸਨ ।

ਯੂਨੀਅਨ ਦੇਸ਼ ਭਰ 'ਚੋਂ ਇੱਕ ਕਰੋੜ ਮੈਂਬਰ ਭਰਤੀ ਕਰੇਗੀ : ਡਾ. ਬਿਕਰਮ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ)-ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਇੱਕ ਮਤੇ ਰਾਹੀਂ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਸੁਨੀਤ ਚੋਪੜਾ,ਮਦਨ ਘੋਸ਼, ਹਰਬੰਸ ਬਾਸੀ, ਚਰਨਜੀਤ ਸਿੰਘ, ਅਮਰਜੀਤ ਸਿੰਘ ਜੌਹਲ ,ਦੇਵ ਰਾਮ ਚੱਕਗੁਰੂ, ਰੌਸ਼ਨ ਝਿੰਗੜਾਂ ਨੂੰ ਸਰਧਾਂਜਲੀ ਭੇਂਟ ਕੀਤੀ ਗਈ। ਮੀਟਿੰਗ ਵਿੱਚ ਕੌਮੀ ਜਾਇੰਟ ਸਕੱਤਰ ਸਾਥੀ ਬਿਕਰਮ ਨੇ ਕਿਹਾ ਕਿ ਕੌਮੀ ਕਾਨਫਰੰਸ ਦੇ ਫੈਸਲੇ ਮੁਤਾਬਕ ਦੇਸ਼ ਦੇ 500 ਜ਼ਿਲ੍ਹਿਆਂ ਅੰਦਰ ਇੱਕ ਕਰੋੜ ਖੇਤ ਮਜਦੂਰਾਂ ਦੀ ਭਰਤੀ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਗਰੀਬਾਂ, ਖੇਤ ਮਜਦੂਰਾਂ, ਬੇਜ਼ਮੀਨਿਆਂ ਤੇ ਦਲਿਤਾਂ ਦੀ ਮਜਬੂਤ ਲਹਿਰ ਤੋਂ ਬਿਨਾਂ ਸੰਘਰਸ਼ ਲੜਿਆ ਨਹੀਂ ਜਾਵੇਗਾ ਕਿਉਂਕਿ ਸਰਮਾਏਦਾਰਾਂ, ਜਗੀਰਦਾਰਾਂ ਦਾ ਮੁਕਾਬਲਾ ਮਜਬੂਤ ਲਹਿਰ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ।ਦੇਸ਼ ਦੀ ਰਾਜਗੱਦੀ 'ਤੇ ਬੈਠੀਆਂ ਸਰਮਾਏਦਾਰ ਪਾਰਟੀਆਂ ਗਰੀਬ ਵਿਰੋਧੀ ਕਾਨੂੰਨ ਪਾਸ ਕਰਕੇ ਰਾਜ ਸੱਤਾ 'ਤੇ ਆਪਣੀ ਉਮਰ ਲੰਮੀ ਕਰ ਰਹੀਆਂ ਹਨ। ਇਸ ਲਈ ਫੈਸਲਾ ਠੀਕ ਹੈ ਕਿ ਜੂਨ ਤੇ ਜੁਲਾਈ ਮਹੀਨੇ ਪਿੰਡ ਪਿੰਡ ਕਮੇਟੀਆਂ ਦੇ ਯੂਨਿਟ ਬਣਾਉ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਸਾਥੀ ਗੁਰਮੇਸ ਸਿੰਘ ਨੇ ਕਿਹਾ ਕਿ ਮਈ ਮਹੀਨੇ 22-23 ਦੀ ਮੈਂਬਰਸ਼ਿਪ ਮੁਕੰਮਲ ਕੀਤੀ ਜਾਵੇਗੀ। ਜੂਨ ਤੇ ਜੁਲਾਈ ਮਹੀਨੇ ਪੰਜਾਬ ਭਰ ਵਿੱਚ ਹੇਠਾਂ ਇਕਾਈਆਂ ਦੀ ਚੋਣ ਕਰਕੇ ਕਮੇਟੀਆਂ ਬਣਾਈਆਂ ਜਾਣ। ਦਿੱਲੀ ਵਿਖੇ ਖੇਤ ਮਜਦੂਰਾਂ ਤੇ ਕਿਸਾਨਾਂ ਦੇ ਬਣ ਰਹੇ ਸਾਂਝੇ ਦਫਤਰ ਲਈ ਮਾਸ ਉਗਰਾਹੀ ਕੀਤੀ ਜਾਵੇਗੀ। ਵਰਕਰਾਂ ਦੀ ਰਾਜਨੀਤਕ ਸੂਝ ਨੂੰ ਉਚਿਆਉਣ ਲਈ ਜੋਨ ਵਾਰ ਸਕੂਲ ਲਾਏ ਜਾਣਗੇ। ਕੰਮੀਆਂ ਦੀ ਲਹਿਰ ਨੂੰ ਹੋਰ ਚੰਗਾ ਬਣਾਉਣ ਲਈ ਫੈਸਲੇ ਲਏ। ਮੀਟਿੰਗ ਵਿੱਚ ਕੌਮੀ ਮੀਤ ਪ੍ਰਧਾਨ ਸਾਥੀ ਭੂਪ ਚੰਦ ਚੰਨੋਂ , ਬਲਵੀਰ ਸਿੰਘ ਸੁਹਾਵੀ, ਮਾ ਮੂਲ ਚੰਦ ਸਰਹਾਲੀ, ਜਸਵੀਰ ਸਿੰਘ ਝਬਾਲ ਕੁਲਦੀਪ ਝਿੰਗੜ ਮਾ ਪਰਸੋਤਮ ਲਾਲ ਬਿਲਗਾ, ਹਰਪਾਲ ਸਿੰਘ ਭੈਣੀ ਤਰੇੜਾਂ ਗੁਰਚਰਨ ਸਿੰਘ ਜਖੇਪਲ, ਰਾਣਾ ਮਸੀਹ ਤੋਂ ਇਲਾਵਾ 36 ਸੂਬਾ ਵਰਕਿੰਗ ਕਮੇਟੀ ਮੈਂਬਰ ਸ਼ਾਮਲ ਹੋਏ।

ਈ ਟੀ ਟੀ ਅਧਿਆਪਕਾਂ ਦੇ ਸੰਘਰਸ਼ ਦੀ ਹੋਈ ਜਿੱਤ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਜ਼ਿਲ੍ਹਾ ਪ੍ਰੀਸ਼ਦਾਂ ਤੋਂ ਸਿੱਖਿਆ ਵਿਭਾਗ ਵਿੱਚ ਆਏ ਈ.ਟੀ.ਟੀ. ਅਧਿਆਪਕਾਂ ਦੁਆਰਾ ਤਨਖ਼ਾਹ ਤਰੁੱਟੀਆਂ (ਪੇ-ਅਨਾਮਲੀ) ਦੂਰ ਕਰਵਾਉਣ ਲਈ ਈ.ਟੀ.ਟੀ. ਟੀਚਰਜ਼ ਯੂਨੀਅਨ ਪੰਜਾਬ ਦੇ ਆਗੂ ਸੋਮ ਨਾਥ, ਡੈਮੋਕਰੈਟਿਕ ਟੀਚਰਜ਼ ਫ਼ਰੰਟ ਦੇ ਆਗੂ ਇੰਦਰ ਸੁਖਦੀਪ ਸਿੰਘ ਓਢਰਾ , ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਚਮਨ ਲਾਲ, ਮਨੋਜ ਕੁਮਾਰ, ਰਮਨਦੀਪ ਧਾਮੀ, ਭੁਪਿੰਦਰ ਭਾਟੀਆ ਅਤੇ ਬਲਕਾਰ ਪੁਰੀਕਾ ਆਦਿ ਆਗੂਆਂ ਦੀ ਅਗਵਾਈ ਹੇਠ ਬੀ.ਪੀ.ਈ.ਓ. ਦਫ਼ਤਰ ਤਲਵਾੜਾ ਵਿਖੇ ਰੋਸ-ਧਰਨਾ ਦਿੱਤਾ ਗਿਆ ਅਤੇ ਤਨਖ਼ਾਹ ਤਰੁੱਟੀਆਂ ਦੂਰ ਕਰਵਾਉਣ ਲਈ ਜ਼ਬਰਦਸਤ ਨਾਹਰੇਬਾਜ਼ੀ ਕੀਤੀ ਗਈ ਜਿਸਤੇ ਪ੍ਰਸ਼ਾਸਨ ਵਲੋਂ ਯੂਨੀਅਨ ਆਗੂਆਂ ਦੀ ਬੀ.ਪੀ.ਈ.ਓ. ਸ੍ਰੀ ਅਮਰਿੰਦਰ ਦਿੱਲੋਂ ਨਾਲ਼ ਮੀਟਿੰਗ ਕਰਵਾਈ ਗਈ ਜਿਸ ਵਿੱਚ ਦੋਹਾਂ ਪੱਖਾਂ ਵਿੱਚ ਸਹਿਮਤੀ ਬਣੀ ਅਤੇ ਮੀਟਿੰਗ ਤੋਂ ਬਾਅਦ ਬੀ.ਪੀ.ਈ.ਓ. ਅਮਨਿੰਦਰ ਸਿੰਘ ਦਿੱਲੋਂ ਵਲੋਂ ਧਰਨੇ ਵਿੱਚ ਆ ਕੇ ਮੰਗਾਂ ਮੰਨਣ ਦਾ ਐਲਾਨ ਕੀਤਾ ਕਿ ਅਧਿਆਪਕਾਂ ਦੀ ਮਈ ਮਹੀਨੇ ਦੀ ਤਨਖ਼ਾਹ ਪੇ-ਅਨਾਮਲੀ ਲਗਾ ਕੇ ਹੀ ਪਾਈ ਜਾਵੇਗੀ। ਜਿਸ 'ਤੇ ਯੂਨੀਅਨ ਵਲੋਂ ਅਗਲੇ ਫ਼ੈਸਲੇ ਤੱਕ ਇਸ ਧਰਨੇ ਨੂੰ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਧਰਨੇ ਵਿੱਚ ਰਵੀ ਕੁਮਾਰ, ਵਿਜੇ ਕੁਮਾਰ, ਸਤੀਸ਼ ਸੰਸਾਰਪੁਰ, ਵਰਿੰਦਰ ਸਿੰਘ, ਮਹਿੰਦਰ ਸਿੰਘ, ਵਿਸ਼ਾਲ ਮੰਗਲ, ਜਸਵਿੰਦਰ ਝਿੰਗੜ, ਪਰਮਜੀਤ ਸਿੰਘ, ਕੁਲਵਿੰਦਰ ਕੁਮਾਰ, ਜਤਿੰਦਰ ਸਿੰਘ, ਅਮਰਜੀਤ ਟੇਰਕਿਆਣਾ, ਦਿਲਪ੍ਰੀਤ ਸਿੰਘ, ਸੁਮਿਤ ਸ਼ਰਮਾ, ਰਵਿੰਦਰ ਸਿੰਘ, ਰਜਿੰਦਰ ਸਿੰਘ, ਅਮਨਦੀਪ ਸਿੰਘ ਰੰਧਾਵਾ, ਅਜੇ ਕੁਮਾਰ, ਜਸਵਿੰਦਰ ਸਿੰਘ, ਮੁਨੀਸ਼ ਕੁਮਾਰ, ਦੀਪਕ ਮਲਹੋਤਰਾ, ਯਸ਼ਪਾਲ ਸਿੰਘ ਮੰਝਪੁਰ, ਮੈਡਮ ਸੁਰੇਸ਼ਟਾ ਦੇਵੀ, ਲਕਸ਼ਮੀ ਦੇਵੀ, ਮੀਨਾਕਸ਼ੀ ਦੇਵੀ ਆਦਿ ਵੀ ਹਾਜ਼ਰ ਸਨ।

ਚੰਨੀ ਕਸਮਾਂ ਖਾਣ ਤੇ ਮੁੱਕਰਨ ਦੇ ਆਦੀ : ਡਾ. ਚਰਨਜੀਤ ਸਿੰਘ

ਸ੍ਰੀ ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੋਬੀ)—ਬੀਤੇਂ ਦਿਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਸੰਬੋਧਨ ਦੌਰਾਨ ਇੱਕ ਰਾਸ਼ਟਰੀ ਪੱਧਰ ਦੇ ਕ੍ਰਿਕਟ ਖਿਡਾਰੀ ਤੋਂ ਨੌਕਰੀ ਦੇਣ ਬਦਲੇ ਦੋ ਕਰੋੜ ਮੰਗਣ ਦੇ ਦੋਸ਼ ਲਗਾਉਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਸਹੁੰ ਖਾਣ ਤੋਂ ਬਾਅਦ ਸਥਾਨਕ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਕੀਤੀ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਵੀ ਗੱਲ ਕਹਿੰਦੇ ਹਨ ਉਹ ਠੋਸ ਸਬੂਤਾਂ ਅਤੇ ਤੱਥਾਂ 'ਤੇ ਅਧਾਰਿਤ ਹੁੰਦੀ ਹੈ । ਉਨ੍ਹਾਂ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਸਹੁੰਆਂ ਖਾ ਕੇ ਮੁਕਰਨ ਦੇ ਆਦੀ ਦੱਸਿਆ ਤੇ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂਰਪੁਰ ਬੇਦੀ ਵਿਖੇ ਸਥਾਨ ਜਿੰਦਾ ਸ਼ਹੀਦ ਵਿਖੇ ਕਸਮ ਖਾਧੀ ਸੀ ਕਿ ਜੇਕਰ ਤਤਕਾਲੀ ਚੋਣਾਂ ਵਿੱਚ ਹਲਕਾ ਰੂਪਨਗਰ ਤੋਂ ਵਿਜੂ ਕੁਮਾਰ ਟਿੰਕੂ ਨੂੰ ਟਿਕਟ ਨਾ ਮਿਲੀ ਤਾਂ ਚਮਕੌਰ ਸਾਹਿਬ ਤੋਂ ਪਾਰਟੀ ਦੀ ਟਿਕਟ 'ਤੇ ਚੋਣ ਨਹੀਂ ਲੜਨਗੇ ਅਤੇ ਬਾਅਦ ਵਿੱਚ ਮੁਕਰ ਗਏ ।

ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਚੰਨੀ 'ਤੇ ਸ੍ਰੀ ਚਮਕੌਰ ਸਾਹਿਬ ਜਿਹੇ ਪਵਿੱਤਰ ਹਲਕੇ ਨੂੰ ਚੋਣਾਂ ਦੌਰਾਨ ਨਸ਼ੇ ਵੰਡ ਕੇ ਨਸ਼ਿਆਂ ਦੀ ਰਾਜਧਾਨੀ ਬਣਾਉਣ ਦਾ ਵੀ ਦੋਸ਼ ਲਗਾਇਆ । ਹਲਕਾ ਵਿਧਾਇਕ ਨੇ ਕਿਹਾ ਕਿ ਚੰਨੀ ਪਾਕ ਦਾਮਨ ਹੋਣ ਦੀਆਂ ਕਸਮਾਂ ਕਿਹੜੇ ਮੂੰਹ ਨਾਲ ਖਾ ਰਹੇ ਹਨ ਜਦਕਿ ਉਨ੍ਹਾਂ ਦੇ ਨਜਦੀਕੀ ਰਿਸ਼ਤੇਦਾਰਾਂ ਤੋਂ ਕਰੋੜਾਂ ਰੁਪਏ ਤਫਤੀਸੀ ਏਜੰਸੀਆਂ ਵੱਲੋਂ ਬਰਾਮਦ ਕੀਤੇ ਜਾ ਚੁੱਕੇ ਨੇ । ਹਲਕਾ ਵਿਧਾਇਕ ਨੇ ਸਾਬਕਾ ਮੁੱਖ ਮੰਤਰੀ 'ਤੇ ਮਾਇਨਿੰਗ ਦੇ ਵੀ ਦੋਸ਼ ਲਗਾਉਂਦੇ ਹੋਏ ਕਿਹਾ ਕਿ ਚਮਕੌਰ ਸਾਹਿਬ ਨਹਿਰੀ ਵਿਸ਼ਰਾਮ ਘਰ ਕੋਲੋਂ ਰੇਤਾ ਚੁਕਵਾ ਕੇ ਮੋਰਿੰਡਾ ਵਿਖੇ ਆਪਣੀ ਕੋਠੀ ਵਿੱਚ ਭਰਤ ਪੁਆਇਆ ਗਿਆ । ਹਲਕਾ ਵਿਧਾਇਕ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਝੂਠੇ ਪਰਚਿਆਂ ਦੀ ਗੱਲ ਕਰ ਰਹੇ ਹਨ, ਜਦਕਿ ਸੱਤਾ ਵਿੱਚ ਹੁੰਦਿਆਂ ਉਨ੍ਹਾਂ ਨਗਰ ਪੰਚਾਇਤ ਚਮਕੌਰ ਸਾਹਿਬ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ , ਅਕਾਲੀ ਆਗੂ ਲਖਬੀਰ ਸਿੰਘ ਲੱਖੀ ਹਾਫਿਜਾਬਾਦ ਸਮੇਤ ਅਨੇਕਾਂ ਲੋਕਾਂ ਸਮੇਤ ਕੁਝ ਪੱਤਰਕਾਰਾਂ 'ਤੇ ਵੀ ਪਰਚੇ ਦਰਜ ਕਰਵਾਏ । ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਉਹ ਕੁਝ ਰਜਿਸਟਰੀਆਂ ਦੀਆਂ ਨਕਲਾਂ ਵਿਜੀਲੈਂਸ ਨੂੰ ਸੌਂਪਣਗੇ ਤਾਂ ਕਿ ਇੱਕ ਟੈਂਟ ਦੀ ਦੁਕਾਨ ਤੋਂ ਅਰਬਾਂਪਤੀ ਬਣਨ ਦਾ ਸਾਬਕਾ ਮੁੱਖ ਮੰਤਰੀ ਚੰਨੀ ਦਾ ਰਾਜ ਜਗ ਜਾਹਰ ਹੋ ਸਕੇ । ਉਨ੍ਹਾਂ ਕਿਹਾ ਕਿ ਖਰੜ ਅਤੇ ਚਮਕੌਰ ਸਾਹਿਬ ਦੇ ਸਾਬਕਾ ਮੁੱਖ ਮੰਤਰੀ ਦੇ ਕਰੀਬੀਆਂ ਦੀ ਜਾਇਦਾਦ ਦੀ ਜਾਂਚ ਲਈ ਵੀ ਉਹ ਵਿਜੀਲੈਂਸ ਨੂੰ ਲਿਖਣਗੇ । ਉਨ੍ਹਾਂ ਕਿਹਾ ਕਿ ਖਰੜ ਅਤੇ ਮੋਰਿੰਡਾ ਵਿੱਚ ਚੰਨੀ ਦੇ ਦਸ ਦਸ ਕਰੋੜ ਦੇ ਮਹਿਲ ਹਨ ਅਤੇ ਸ਼ਹੀਦ ਕਾਂਸ਼ੀ ਰਾਮ ਮੜੌਲੀ ਐਜੂਕੇਸ਼ਨਲ ਟਰੱਸਟ ਦੀ ਵਰਤੋਂ ਵੀ ਚੰਨੀ ਨੇ ਜਾਇਦਾਦ ਦੀ ਖਰੀਦ ਵੇਚ ਲਈ ਕੀਤੀ ਹੈ ।

ਹਲਕਾ ਵਿਧਾਇਕ ਨੇ ਇਹ ਵੀ ਕਿਹਾ ਕਿ ਪੰਚਾਇਤੀ ਜਮੀਨਾਂ ਉੱਤੇ ਕਬਜੇ ਕਿੰਨੇ ਵੀ ਪੁਰਾਣੇ ਹੋਣ ਛੁਡਵਾਏ ਜਾਣਗੇ । ਇਸ ਮੌਕੇ ਦਰਸ਼ਨ ਵਰਮਾ, ਚੌਧਰੀ ਪਰਮਜੀਤ ਸਿੰਘ , ਭੁਪਿੰਦਰ ਸਿੰਘ ਭੂਰਾ ਐਮ ਸੀ , ਸੁਖਵੀਰ ਸਿੰਘ ਐਮ ਸੀ , ਚੌਧਰੀ ਪਿਆਰਾ ਸਿੰਘ , ਗੁਰਵੀਰ ਸਿੰਘ ਆਦਿ ਹਾਜਰ ਸਨ ।

ਵਧੀਕ ਡਿਪਟੀ ਕਮਿਸ਼ਨਰ ਨੇ ਚਾਰਜ ਸੰਭਾਲਿਆ



ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ) - ਅਮਿਤ ਬੈਂਬੀ ਨੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਐਸ.ਏ.ਐਸ. ਨਗਰ ਦਾ ਚਾਰਜ ਸੰਭਾਲ ਲਿਆ ਹੈ। ਇਸ ਤੋਂ ਪਹਿਲਾ ਉਹ ਵਧੀਕ ਕਰ ਤੇ ਆਬਕਾਰੀ ਕਮਿਸ਼ਨਰ (ਐਡਮਿਨ), ਪਟਿਆਲਾ ਵੱਜੋਂ ਡਿਊਟੀ ਨਿਭਾਅ ਰਹੇ ਸਨ।

ਡੇਵੀ ਗੋਇਲ ਨੇ ਸਹਾਇਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)- ਡੇਵੀ ਗੋਇਲ ਨੇ ਸਹਾਇਕ ਕਮਿਸ਼ਨਰ (ਅੰਡਰ ਟਰੇਨਿੰਗ) ਐਸ.ਏ.ਐਸ.ਨਗਰ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਹਾਜਰ ਸਨ। ਗੋਇਲ 2022 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ । ਉਹ ਬਠਿੰਡਾ ਦੇ ਰਹਿਣ ਵਾਲੇ ਹਨ। ਉਨ੍ਹਾਂ ਨੇ ਸ੍ਰੀਰਾਮ ਕਾਲਜ ਆਫ ਕਾਮਰਸ, ਨਵੀਂ ਦਿੱਲੀ ਤੋਂ ਗ੍ਰੈਜੂਏਸ਼ਨ ਕੀਤੀ। ਉਨ੍ਹਾਂ ਨੇ ਆਈ.ਏ.ਐਸ. ਵਿੱਚ ਸ਼ਾਮਲ ਹੋਣ ਤੋਂ ਪਹਿਲਾਂ 6 ਮਹੀਨੇ ਇੰਡੀਅਨ ਟਰੇਡ ਸਰਵਿਸ ਵਿੱਚ ਸੇਵਾ ਕੀਤੀ। ਗੋਇਲ ਦੀ 'ਸਰਕਾਰ ਤੁਹਾਡੇ ਦੁਆਰ' ਅਤੇ 'ਇੱਕ ਸਰਕਾਰ ਇੱਕ ਪਲੇਟਫਾਰਮ' ਵਰਗੀਆਂ ਈ-ਗਵਰਨੈਂਸ ਸਕੀਮਾਂ ਵਿੱਚ ਡੂੰਘੀ ਦਿਲਚਸਪੀ ਹੈ। ਉਹ ਬੈਡਮਿੰਟਨ ਖੇਡਣ ਤੋਂ ਇਲਾਵਾ ਹੋਰ ਆਊਟਡੋਰ ਗਤੀਵਿਧੀਆਂ ਵੀ ਪਸੰਦ ਕਰਦੇ ਹਨ।

ਕੀਰਤਨ ਦਰਬਾਰ ਸਬੰਧੀ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿਖੇ ਮੀਟਿੰਗ

ਮਾਹਿਲਪੁਰ (ਸਫਰੀ)-ਸਿੰਘ ਵੈਲਫੇਅਰ ਸੋਸਾਇਟੀ ਮਾਹਿਲਪੁਰ-ਚੱਬੇਵਾਲ-ਗੜ੍ਹਸ਼ੰਕਰ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਆਰੰਭ ਕੀਤੇ ਮਹਾਨ ਕੀਰਤਨ ਦਰਬਾਰਾਂ ਦੇ ਸਮਾਗਮਾਂ ਤਹਿਤ ਮਾਹਿਲਪੁਰ ਦੇ ਰਾਗ ਦਰਬਾਰ ਤੋਂ ਉਪਰੰਤ ਜੋ ਅਗਲਾ ਕੀਰਤਨ ਦਰਬਾਰ ਪਿੰਡ ਭਾਮ ਵਿਖੇ 28 ਮਈ ਨੂੰ ਸ਼ਾਮ 6 ਵਜੇ ਤੋਂ ਰਾਤ 12 ਵਜੇ ਤੱਕ ਜਥੇਦਾਰ ਇਕਬਾਲ ਸਿੰਘ ਖੇੜਾ, ਭਾਈ ਪਰਮਜੀਤ ਸਿੰਘ ਭਾਮ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਭਾਈ ਰਣਜੀਤ ਸਿੰਘ ਭਾਮ ਤੇ ਅਮਰਜੀਤ ਸਿੰਘ ਰਾਜਾ ਜਾਂਗਲੀਆਣਾ ਦੀ ਅਗਵਾਈ 'ਚ ਕਰਵਾਇਆ ਜਾ ਰਿਹਾ ਹੈ, ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਜਥੇਦਾਰ ਇਕਬਾਲ ਸਿੰਘ ਖੇੜਾ ਤੇ ਬਾਬਾ ਜਸਪਾਲ ਸਿੰਘ ਨੈਕੀ ਵਾਲਿਆਂ ਦੀ ਪ੍ਰਧਾਨਗੀ ਹੇਠ ਗੁਰਦਵਾਰਾ ਗੁਰੂ ਨਾਨਕ ਦਰਬਾਰ ਪਿੰਡ ਭਾਮ ਵਿਖੇ ਹੋਈ। ਮੀਟਿੰਗ ਦੌਰਾਨ ਸਮਾਗਮ ਨੂੰ ਸੁਚੱਜੇ ਤੇ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਸਬੰਧੀ ਜਿੱਥੇ ਸਮੂਹ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਸਮੁੱਚੇ ਸਮਾਗਮ ਦੀ ਰੂਪ-ਰੇਖਾ ਉਲੀਕੀ ਗਈ ਉੱਥੇ ਸਾਰੇ ਮੈਂਬਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਜਥੇਦਾਰ ਇਕਬਾਲ ਸਿੰਘ ਖੇੜਾ ਨੇ ਦੱਸਿਆ ਕਿ ਇਸ ਮਹਾਨ ਕੀਰਤਨ ਦਰਬਾਰ ਵਿਚ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ, ਕਵੀਸ਼ਰ ਭਾਈ ਕੇਵਲ ਸਿੰਘ (ਸੋਹੀ ਭਰਾ), ਭਾਈ ਜਸਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ ਤੇ ਭਾਈ ਸੁਖਦੇਵ ਸਿੰਘ ਨਡਾਲੋਂ ਆਦਿ ਦੇ ਜਥੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਬਾਬਾ ਕੁਲਵਰਨ ਸਿੰਘ ਗੋਪਾਲੀਆਂ, ਗੁਰਸੇਵਕ ਸਿੰਘ ਭਾਮ, ਨੰਬਰਦਾਰ ਜਸਵੰਤ ਸਿੰਘ ਚੰਬਲਾਂ, ਮਾ. ਸੁੱਖਵਿੰਦਰ ਸਿੰਘ, ਹਰਜਿੰਦਰ ਸਿੰਘ ਜਿੰਦੀ, ਨੀਟਾ ਭਾਮ, ਕੁਲਦੀਪ ਸਿੰਘ ਅਜਨੋਹਾ, ਕਿਰਪਾਲ ਸਿੰਘ ਅਜਨੋਹਾ, ਬਲਵਿੰਦਰ ਸਿੰਘ ਭਾਮ, ਬਲਜਿੰਦਰ ਸਿੰਘ ਪੰਜੋੜ, ਹਰਬੰਸ ਸਿੰਘ ਜੱਲੋਵਾਲ, ਕੁਲਦੀਪ ਸਿੰਘ ਜੱਲੋਵਾਲ, ਅਵਤਾਰ ਸਿੰਘ ਭਾਮ, ਗੁਰਜਿੰਦਰ ਸਿੰਘ ਗੋਗਾ ਸਰਹਾਲਾ, ਜਗਦੀਸ਼ ਸਿੰਘ ਮੁੱਗੋਪੱਟੀ, ਲੱਭਾ ਪੰਜੋੜ ਆਦਿ ਹਾਜਰ ਸਨ।

ਮੱਛੀ ਪਾਲਣ ਮੰਤਰੀ ਨੇ 11 ਕਲਰਕਾਂ ਨੂੰ ਸੌਂਪੇ ਨਿਯੁਕਤੀ ਪੱਤਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ 11 ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ ਤਾਂ ਜੋ ਉਹ ਆਪਣੀ ਰੋਜੀ-ਰੋਟੀ ਕਮਾਉਣ ਦੇ ਯੋਗ ਬਣ ਸਕਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹੁਣੇ ਜਿਹੇ 3,000 ਕਲਰਕਾਂ ਦੀ ਭਰਤੀ ਪ੍ਰਕਿਰਿਆ ਮੁਕੰਮਲ ਕੀਤੀ ਗਈ ਹੈ, ਜਿਸ ਵਿੱਚੋਂ 11 ਕਲਰਕਾਂ ਨੂੰ ਮੱਛੀ ਪਾਲਣ ਵਿਭਾਗ ਵਿੱਚ ਤੈਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਪਹਿਲੇ ਸਾਲ ਦੌਰਾਨ ਹੁਣ ਤੱਕ 29,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਪੰਜਾਬ ਸਰਕਾਰ ਭਵਿੱਖ ਵਿੱਚ ਨੌਜਵਾਨਾਂ ਨੂੰ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ। ਇਸ ਮੌਕੇ ਡਾਇਰੈਕਟਰ ਮੱਛੀ ਪਾਲਣ ਜਸਵੀਰ ਸਿੰਘ, ਡਾਇਰੈਕਟਰ ਪਸ਼ੂ ਪਾਲਣ ਡਾ. ਰਾਮ ਪਾਲ ਮਿੱਤਲ, ਡਾਇਰੈਕਟਰ ਡੇਅਰੀ ਕੁਲਦੀਪ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਸ੍ਰੀਮਤੀ ਸਤਿੰਦਰ ਕੌਰ, ਜੁਆਇੰਟ ਡਾਇਰੈਕਟਰ ਪਸ਼ੂ ਪਾਲਣ ਡਾ. ਰਣਬੀਰ ਸ਼ਰਮਾ, ਯੋਜਨਾ ਅਫਸਰ ਦੀਪਕ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ।

ਸੇਂਟ ਸੋਲਜਰ 'ਚ ਸਟਾਰ ਸਕੂਲ ਆਫ ਦਾ ਮੰਥ ਐਵਾਰਡ



ਜਲੰਧਰ, (ਇਕਬਾਲ ਸਿੰਘ ਉੱਭੀ)- ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਆਪਣੀਆਂ ਬ੍ਰਾਂਚਾਂ ਦੇ ਸ਼ਾਨਦਾਰ ਨਤੀਜਿਆਂ, ਅਨੁਸ਼ਾਸਨ ਅਤੇ ਪ੍ਰਭਾਵਸ਼ਾਲੀ ਗਤੀਵਿਧੀਆਂ ਦੇ ਆਧਾਰ 'ਤੇ ਸਟਾਰ ਸਕੂਲ ਆਫ ਦਿ ਮੰਥ ਐਵਾਰਡਾਂ ਦਾ ਆਯੋਜਨ ਕੀਤਾ। ਜਿਸ ਵਿੱਚ ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਮਾਸਟਰ ਗੁਰਬੰਤਾ ਸਿੰਘ ਮਾਰਗ, ਨਕੋਦਰ, ਮਾਡਲ ਹਾਊਸ, ਟਾਂਡਾ, ਖਾਂਬੜਾ, ਢਕੋਲੀ, ਗੋਲਫ ਲਿੰਕ ਲੁਧਿਆਣਾ, ਨੇੜੇ ਐਨ.ਆਈ.ਟੀ., ਇਲੀਟ ਸਕੂਲ ਜਲੰਧਰ ਵਿਹਾਰ ਅਤੇ ਮੋਤੀ ਬਾਗ ਨੂੰ ਸਟਾਰ ਸਕੂਲ ਆਫ ਦਿ ਮੰਥ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਗਰੁੱਪ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਸਟਾਰ ਸਕੂਲ ਆਫ ਦਾ ਮੰਥ ਕੇਕ ਕੱਟਦੇ ਹੋਏ ਨਕੋਦਰ ਦੇ ਪ੍ਰਿੰਸੀਪਲ ਸ੍ਰੀਮਤੀ ਜਰਨੈਲ ਸਿੰਘ, ਮਾਡਲ ਹਾਊਸ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਸ਼ਰਮਾ, ਟਾਂਡਾ ਪ੍ਰਿੰਸੀਪਲ ਸ੍ਰੀਮਤੀ ਇੰਦਰ ਕੁਮਾਰ ਸਾਹਨੀ, ਖਾਂਬਰਾ ਪ੍ਰਿੰਸੀਪਲ ਸ੍ਰੀਮਤੀ ਰੁਪਿੰਦਰ ਕੌਰ, ਮਾਸਟਰ ਗੁਰਬੰਤਾ ਸਿੰਘ ਮਾਰਗ ਪ੍ਰਿੰਸੀਪਲ ਸ੍ਰੀਮਤੀ ਦਿਵਪ੍ਰੀਤ ਕੌਰ, ਢਕੋਲੀ ਪ੍ਰਿੰਸੀਪਲ ਸ੍ਰੀਮਤੀ ਨੀਲਮ ਬਹਰ, ਗੋਲਫ ਲਿੰਕਸ ਲੁਧਿਆਣਾ ਪ੍ਰਿੰਸੀਪਲ ਸਮੀਰ ਸ਼ਰਮਾ, ਨੇੜੇ ਐਨ.ਆਈ.ਟੀ ਪ੍ਰਿੰਸੀਪਲ ਸ੍ਰੀਮਤੀ ਰੀਨਾ ਅਗਨੀਹੋਤਰੀ, ਇਲੀਟ ਸਕੂਲ ਜਲੰਧਰ ਵਿਹਾਰ ਪ੍ਰਿੰਸੀਪਲ ਸ੍ਰੀਮਤੀ ਗੀਤੂ ਚਾਵਲਾ ਅਤੇ ਮੋਤੀ ਬਾਗ ਦੀ ਪ੍ਰਿੰਸੀਪਲ ਅਨੁਰਾਧਾ ਤਨੇਜਾ ਨੂੰ ਸਟਾਰ ਸਕੂਲ ਆਫ ਦਿ ਮੰਥ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਚੇਅਰਮੈਨ ਚੋਪੜਾ ਨੇ ਸਾਰੇ ਸਕੂਲਾਂ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ 'ਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਭਾਵਨਾਤਮਕ ਗਤੀਵਿਧੀਆਂ, ਸੰਸਥਾ ਵਿੱਚ ਅਨੁਸ਼ਾਸਨ, ਬੱਚਿਆਂ ਦੀ ਚੰਗੀ ਸਿੱਖਿਆ, ਸੱਭਿਆਚਾਰਕ ਗਤੀਵਿਧੀਆਂ, ਖੇਡਾਂ ਨਾਲ ਜੋੜਨ ਲਈ ਕਿਹਾ।

ਡਿਪਸ ਦੇ ਮਨਵੀਰ ਨੇ ਰਾਜ ਪੱਧਰੀ ਕਿੱਕ ਬਾਕਸਿੰਗ 'ਚ ਜਿੱਤਿਆ ਸੋਨ ਤਮਗਾ



ਜਲੰਧਰ, (ਇਕਬਾਲ ਸਿੰਘ ਉੱਭੀ)- ਡਿਪਸ ਸਕੂਲ ਹਰਿਆਣਾ ਦੇ ਮਨਵੀਰ ਸਿੰਘ ਨੇ ਕਿੱਕ ਬਾਕਸਿੰਗ ਰਿੰਗ ਵਿੱਚ ਸ਼ਾਨਦਾਰ ਪ੍ਰਦਰਸਨ ਕਰਦੇ ਹੋਏ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਗਮਾ ਜਿੱਤਿਆ ਹੈ। ਪ੍ਰਿੰਸੀਪਲ ਮੋਨਿਕਾ ਸਚਦੇਵਾ ਨੇ ਦੱਸਿਆ ਕਿ ਇਹ ਮੁਕਾਬਲਾ ਭਵਿੱਖ 'ਚ ਹੋਣ ਵਾਲੀ ਏਸ਼ੀਅਨ ਵਿਸ਼ਵ ਕਿੱਕਬਾਕਸਿੰਗ ਟੀਮ ਦੀ ਚੋਣ ਲਈ ਕਰਵਾਇਆ ਜਾ ਰਿਹਾ ਹੈ। ਮਾਨਸਾ ਵਿੱਚ ਹੋਏ ਰਾਜ ਪੱਧਰੀ ਮੁਕਾਬਲੇ ਵਿੱਚ ਜਿੱਤ ਹਾਸਲ ਕਰਨ ਤੋਂ ਬਾਅਦ ਮਨਵੀਰ ਹੁਣ ਕੌਮੀ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਵੇਗਾ। ਉਸ ਨੇ ਰਾਜ ਪੱਧਰ 'ਤੇ ਵੁਸ਼ੂ 'ਚ 4 ਅਤੇ ਕਿੱਕ ਬਾਕਸਿੰਗ 'ਚ 2 ਸੋਨੇ ਦੇ ਤਗਮੇ ਜਿੱਤੇ ਹਨ। ਇਸ ਸਮੇਂ ਉਹ ਕੋਚ ਜੋਗੀ ਸਿੰਘ ਤੋਂ ਕੋਚਿੰਗ ਲੈ ਰਿਹਾ ਹੈ।

ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਭਰੋਮਜਾਰਾ ਦੀ ਬਰਸੀ ਉਤਸ਼ਾਹ ਨਾਲ ਮਨਾਈ

ਗੜ੍ਹਸ਼ੰਕਰ, ਬਹਿਰਾਮ (ਫੂਲਾ ਸਿੰਘ ਬੀਰਮਪੁਰ, ਅਵਤਾਰ ਕਲੇਰ) ਮਹਾਨ ਤਪੱਸਵੀ ਸੰਤ ਬਾਬਾ ਖੁਸ਼ੀ ਰਾਮ ਮਹਾਰਾਜ ਭਰੋਮਜਾਰਾ ਦੀ ਸਲਾਨਾ ਬਰਸੀ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ ਅਤੇ ਡਾ.ਸੰਤ ਲਛਮਣ ਦਾਸ ਭਰੋਮਜਾਰਾ ਦੀ ਸਰਪ੍ਰਸਤੀ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਈ। ਸ਼੍ਰੀ ਸਹਿਜਪਾਠ ਦੇ ਭੋਗ ਪੈਣ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ। ਜਿਸ ਵਿੱਚ ਡੇਰੇ ਦੇ ਕੀਰਤਨੀ ਜਥੇ ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਜਥੇ:ਲਖਬੀਰ ਸਿੰਘ ਡੇਰਾ ਸਾਹਿਬ ਕੀਰਤਨੀ ਜਥਾ,ਭਾਈ ਕਰਮ ਸਿੰਘ ਜਲੰਧਰ ਵਾਲੇ,ਭਾਈ ਜਸਦੀਪ ਸਿੰਘ,ਭਾਈ ਬਲਜੀਤ ਸਿੰਘ,ਸੰਤ ਸਰਬਜੀਤ ਸਿੰਘ ਲੜੋਆ,ਗਿਆਨੀ ਸਤਨਾਮ ਸਿੰਘ ਭੂੰਗਰਨੀ ਦੇ ਕੀਰਤਨੀ ਜਥੇ ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਤਿਗੁਰੂ ਰਵਿਦਾਸ ਚੈਰੀਟੇਬਲ ਸਕੂਲ ਦੇ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਹੁਸ਼ਿਆਰ ਬੱਚਿਆਂ ਨੂੰ ਡੇਰੇ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ,ਜਨਰਲ ਸਕੱਤਰ ਸੰਤ ਨਿਰਮਲ ਦਾਸ ਅਵਾਦਾਨ,ਖਜਾਨਚੀ ਸੰਤ ਜਸਵਿੰਦਰ ਸਿੰਘ ਸੱਚਖੰਡ ਡਾਂਡੀਆ,ਸੰਤ ਬੀਬੀ ਮੀਨਾ ਦੇਵੀ ਜੇਜੋਂ ਦੁਆਬਾ,ਸਾਂਈ ਪੱਪਲ ਸ਼ਾਹ ਭਰੋਮਜਾਰਾ,ਸੰਤ ਤਾਰਾ ਚੰਦ ਸੰਧਵਾਂ,ਸੰਤ ਆਤਮਾ ਦਾਸ ਅਪਰਾ,ਸੰਤ ਗੁਰਮੀਤ ਰਾਮ ਹਾਜੀਪੁਰ,ਸੰਤ ਕਪੂਰ ਦਾਸ ਅਵਾਦਪੁਰਾ,ਸੰਤ ਰਣਜੀਤ ਦਾਸ ਮਾਛੀਵਾੜਾ,ਸੰਤ ਨਿਰਮਲ ਸਿੰਘ,ਸੰਤ ਬੇਲਾ ਦਾਸ ਨਰੂੜ,ਸੰਤ ਸਤਨਾਮ ਸਿੰਘ ਨਰੂੜ,ਸੰਤ ਬੀਬੀ ਹਰਵਿੰਦਰ ਕੌਰ ਮਾਹਿਲ ਗਹਿਲਾ,ਸੰਤ ਪਰਗਣ ਦਾਸ ਬਿਝੋਂ,ਜਥੇ:ਲੈਂਬਰ ਸਿੰਘ, ਡਾ.ਕ੍ਰਿਪਾਲ ਸਿੰਘ ਤਾਹਰਪੁਰ,ਬਿਹਾਰੀ ਲਾਲ ਨੰਗਲ ਭਾਖੜਾ,ਸੋਮ ਨਾਥ ਗੜ੍ਹਸ਼ੰਕਰ,ਮਹਿੰਦਰ ਰਾਮ ਲੰਗੜੋਆ ਆਦਿ ਹਾਜਰ ਸਨ।

ਭੂੰਗਰਨੀ ਵਿਖੇ ਸੰਤ ਬਾਬਾ ਭੂਗ ਸਿੰਘ, ਸੰਤ ਦੇਵ ਸਿੰਘ ਦੀ ਯਾਦ 'ਚ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ) ਇਤਿਹਾਸਕ ਪਿੰਡ ਭੂੰਗਰਨੀ ਵਿਖੇ ਸੰਤ ਬਾਬਾ ਹੀਰਾ ਸਿੰਘ ਜੀ ਕੁਟੀਆ ਦੇ ਅਸਥਾਨ 'ਤੇ ਹਰ ਸਾਲ ਦੀ ਤਰ੍ਹਾਂ ਤਪ ਅਸਥਾਨ ਸੰਤ ਬਾਬਾ ਭੂਗ ਸਿੰਘ ਜੀ, ਸੰਤ ਬਾਬਾ ਦੇਵ ਜੀ ਦੀ ਯਾਦ 'ਚ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭਾਈ ਸਾਹਿਬ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਐਮ.ਏ.ਸੰਗੀਤ, ਜਥੇਦਾਰ ਬਾਬਾ ਗੁਰਦੇਵ ਸਿੰਘ ਨਿਹੰਗ ਮੁੱਖੀ ਬਾਬਾ ਫਤਿਹ ਸਿੰਘ ਜੀ ਤਰਨਾ ਦੱਲ ਬਜਵਾੜਾ (ਹੁਸ਼ਿਆਰਪੁਰ) ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਬਾਬਾ ਹਰਕਿਸਨ ਸਿੰਘ ਸੋਢੀ ਠੱਕਰਵਾਲ, ਭਾਈ ਅਮਰਜੀਤ ਸਿੰਘ ਭਰੋਲੀ ਇੰਟਰਨੈਸ਼ਨਲ ਢਾਡੀ ਜੱਥਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਫਗਵਾੜਾ, ਜੋਗਿੰਦਰ ਸਿੰਘ ਮਾਨ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਫਗਵਾੜਾ ਆਮ ਆਦਮੀ ਪਾਰਟੀ ਪੰਜਾਬ ਨੇ ਹਾਜਰੀ ਭਰੀ। ਇਸ ਮੌਕੇ ਜਥੇਦਾਰ ਸੁਰਜੀਤ ਸਿੰਘ ਮਸੂਤਾ, ਸੁਖਜੀਤ ਸਿੰਘ ਪੱਪੀ ਪਰਮਾਰ ਸੀਨੀ. ਆਗੂ ਵਿਸਵ ਰਾਜਪੂਤ ਸਭਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਰੀ, ਉਂਕਾਰ ਸਿੰਘ ਮਿਨਹਾਸ , ਸੂਬੇਦਾਰ ਦੀਦਾਰ ਸਿੰਘ, ਮਨਜੀਤ ਸਿੰਘ ਸੋਨੂੰ, ਕਮਲਜੀਤ ਕੌਰ, ਮਨਦੀਪ ਕੌਰ ਕਾਰਜਕਾਰੀ ਸਰਪੰਚ ਭੂੰਗਰਨੀ , ਜਸਵਿੰਦਰ ਸਿੰਘ ਸੰਘਾ, ਜਸਵੀਰ ਸਿੰਘ ਭਾਮ, ਬਲਵਿੰਦਰ ਸਿੰਘ ਜਸਵਾਲ, ਭੁਪਿੰਦਰ ਸਿੰਘ, ਦਵਿੰਦਰ ਸਿੰਘ, ਬਾਬਾ ਸੁਖਚੈਨ ਸਿੰਘ, ਵਰਿੰਦਰ ਸਿੰਘ ਭਿੰਡਰ, ਜਸਪਾਲ ਸਿੰਘ ਮੰਡੇਰ , ਬਲਵਿੰਦਰ ਸਿੰਘ ਗਿੱਲ, ਕੁਲਦੀਪ ਸਿੰਘ ਫਗਵਾੜਾ, ਸਤਨਾਮ ਸਿੰਘ ਸਿੱਦੂ, ਗੁਰਦਿਆਲ ਸਿੰਘ ਜਲਵੇਹੜਾ, ਕੁਲਦੀਪ ਸਿੰਘ ਖੰਨੌੜਾ, ਅਮ੍ਰਿਤਪਾਲ ਸਿੰਘ ਖਲਿਆਣ,ਬਲਵੀਰ ਸਿੰਘ ਤੰਭੜ, ਲਖਵੀਰ ਸਿੰਘ ਜੰਜੂਆ, ਗਰਪ੍ਰੀਤ ਸਿੰਘ, ਲਾਡੀ ਭੂੰਗਰਨੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

ਨਾਲੇਜ ਹੱਬ ਵੱਲੋਂ ਗਣਿਤ ਤੇ ਵਿਗਿਆਨ ਦੇ ਅਧਿਆਪਕਾਂ ਦਾ ਕਾਰਨੀਵਾਲ

ਫਗਵਾੜਾ (ਡਾ. ਰਮਨ)- ਇਥੋਂ ਦੀ ਮਸ਼ਹੂਰ ਵਿੱਦਿਅਕ ਸੰਸਥਾ ਦਿ ਨਾਲੇਜ ਹੱਬ ਵੱਲੋਂ ਗਣਿਤ ਅਤੇ ਵਿਗਿਆਨ ਵਿਸ਼ੇ ਦੇ ਅਧਿਆਪਕਾਂ ਨੂੰ ਇੱਕ ਮੰਚ 'ਤੇ ਲਿਆਉਣ ਦੇ ਇੱਕ ਨਿਵੇਕਲੇ ਉਪਰਾਲੇ ਤਹਿਤ ਸਥਾਨਕ ਗੁਰੂ ਹਰਗੋਬਿੰਦ ਨਗਰ ਸੈਂਟਰ ਵਿਖੇ ਟੀਚਰਜ਼ ਕਾਰਨੀਵਲ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਅੱਠ ਸਕੂਲਾਂ ਦੇ ਗਣਿਤ ਅਤੇ ਵਿਗਿਆਨ ਵਿਸ਼ਿਆਂ ਨਾਲ ਸਬੰਧਤ 21 ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਵਿਸ਼ਿਆਂ ਨੂੰ ਸਮਝਣ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਚਰਚਾ ਕੀਤੀ ਅਤੇ ਹੱਲ ਲੱਭਣ ਦਾ ਯਤਨ ਕੀਤਾ। ਕਾਰਨੀਵਲ ਦਾ ਉਦਘਾਟਨ ਕਰਦਿਆਂ ਦਿ ਨਾਲੇਜ ਹੱਬ ਦੇ ਡਾਇਰੈਕਟਰ ਜਗਜੀਤ ਸਿੰਘ ਚਾਨਾ ਨੇ ਕਿਹਾ ਕਿ ਦਿ ਨਾਲੇਜ ਹੱਬ ਨੇ ਬਹੁਤ ਹੀ ਘੱਟ ਸਮੇਂ ਵਿੱਚ ਵਿੱਦਿਅਕ ਖੇਤਰ ਤੋਂ ਇਲਾਵਾ ਵਿਹਾਰਕ ਅਤੇ ਆਧੁਨਿਕ ਸਿੱਖਿਆ ਦਾ ਪ੍ਰਸਾਰ ਕਰਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਸ ਟੀਚਰ ਕਾਰਨੀਵਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਇਸ ਦਾ ਭਰਪੂਰ ਲਾਭ ਮਿਲੇਗਾ। ਉਪਰੰਤ ਲੈਕਚਰਾਰ ਹਰਜਿੰਦਰ ਗੋਗਨਾ ਨੇ ਗਣਿਤ ਅਤੇ ਵਿਗਿਆਨ ਵਿਸ਼ਿਆਂ ਨੂੰ ਸਰਲ ਬਣਾਉਣ 'ਤੇ ਜ਼ੋਰ ਦਿੱਤਾ। ਲੈਕਚਰਾਰ ਮਨਜੀਤ ਕੌਰ ਅਨੁਸਾਰ ਅਧਿਆਪਕਾਂ ਨੂੰ ਗਣਿਤ ਅਤੇ ਵਿਗਿਆਨ ਦੀ ਸੌਖੀ ਸਮਝ ਲਈ ਫਾਰਮੂਲੇ ਤਿਆਰ ਕਰਨੇ ਚਾਹੀਦੇ ਹਨ। ਮੈਡਮ ਜਸਵਿੰਦਰ ਕੌਰ ਨੇ ਕਿਹਾ ਕਿ ਬੱਚਿਆਂ ਦੇ ਮਨਾਂ ਵਿੱਚੋਂ ਗਣਿਤ ਦਾ ਹਊਆ ਦੂਰ ਕਰਨ ਦੀ ਲੋੜ ਹੈ। ਮੈਡਮ ਰਚਨਾ ਜਲੋਟਾ ਅਤੇ ਮੈਡਮ ਹਿਮਾਨੀ ਨੇ ਇਨ੍ਹਾਂ ਵਿਸ਼ਿਆਂ ਲਈ ਪ੍ਰੈਕਟੀਕਲ ਤਕਨੀਕਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ। ਮੈਡਮ ਜਸਕਿਰਨ ਕੌਰ ਸੈਣੀ ਦੀ ਅਗਵਾਈ ਹੇਠ ਉਪਰੋਕਤ ਵਿਸ਼ਿਆਂ 'ਤੇ ਖੁੱਲ੍ਹੀ ਵਿਚਾਰ ਚਰਚਾ ਲਈ ਇਕ ਸੈਸ਼ਨ ਵੀ ਕਰਵਾਇਆ ਗਿਆ। ਮੈਡਮ ਅਰਚਨਾ ਚੋਪੜਾ ਅਤੇ ਪ੍ਰੀਤੀ ਸ਼ਰਮਾ ਨੇ ਕਿਹਾ ਕਿ ਇਹ ਕਾਰਨੀਵਲ ਅਧਿਆਪਕਾਂ ਲਈ ਵੀ ਜਾਣਕਾਰੀ ਭਰਪੂਰ ਹੈ ਤੇ ਅਧਿਆਪਕਾਂ ਨੂੰ ਅੱਪਡੇਟ ਕਰਨਾ ਵੀ ਸਮੇਂ ਦੀ ਲੋੜ ਹੈ। ਕਾਰਨੀਵਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅਖੀਰ 'ਚ ਸੈਂਟਰ ਕੋਆਰਡੀਨੇਟਰ ਮੈਡਮ ਸ਼ਵੇਤਾ ਨੇ ਆਏ ਹੋਏ ਸਮੂਹ ਅਧਿਆਪਕਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮੈਡਮ ਮਨਪ੍ਰੀਤ ਗਰੇਵਾਲ, ਅਰੂ ਅੱਗਰਵਾਲ, ਹਿਮਾਨੀ, ਅਰਚਨਾ ਗੁਪਤਾ, ਰਮਨਦੀਪ ਕੌਰ, ਮੀਨਾ ਹੀਰ, ਹਰਦੀਪ ਸਿੰਘ, ਅੰਕਿਤਾ ਭੰਡਾਰੀ, ਸ਼ਿਵਾਨੀ ਕੁਮਾਰੀ, ਸਿੰਮੀ ਵਸ਼ਿਸ਼ਟ, ਮਨਜੀਤ ਕੌਰ, ਪ੍ਰੀਤੀ ਸ਼ਰਮਾ, ਸ਼ਵੇਤਾ ਵਿਨੈ ਕੁਮਾਰ, ਸਲੋਨੀ, ਨੇਹਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਸੇਜਲਪ੍ਰੀਤ ਕੌਰ ਨੇ ਕੀਤਾ ਮੈਰਿਟ ਲਿਸਟ 'ਚ 13ਵਾਂ ਸਥਾਨ ਹਾਸਲ

ਮਹਿਤਪੁਰ (ਰਾਜਾ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਦੀ ਬਾਰ੍ਹਵੀਂ ਸ਼੍ਰੇਣੀ ਦੀ ਕਾਮਰਸ ਦੀ ਵਿਦਿਆਰਥਣ ਸੇਜਲਪ੍ਰੀਤ ਕੌਰ ਪੁੱਤਰੀ ਬਿਕਰਮਜੀਤ ਸਿੰਘ/ਜਸਵੀਰ ਕੌਰ ਨੇ 487/500 ਨੰਬਰ ਪ੍ਰਾਪਤ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਲਿਸਟ ਵਿੱਚ 13ਵਾਂ ਸਥਾਨ ਬਣਾ ਕੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਪ੍ਰਿੰਸੀਪਲ ਹਰਜੀਤ ਸਿੰਘ ਨੇ ਵਿਦਿਆਰਥਣ ਦੇ ਘਰ ਜਾ ਕੇ ਵਧਾਈ ਦਿੱਤੀ ਅਤੇ ਬੱਚੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਐੱਸ ਡੀ ਕਾਲਜ ਲੜਕੀਆਂ ਵਿਖੇ ਰਾਸ਼ਟਰੀ ਵੈਬੀਨਾਰ

ਜਲੰਧਰ, (ਇਕਬਾਲ ਸਿੰਘ ਉਭੀ)—ਪੀ.ਸੀ.ਐਮ.ਐਸ.ਡੀ. ਕਾਲਜ ਲੜਕੀਆਂ ਜਲੰਧਰ ਵਿਖੇ ਸਰੀਰਕ ਸਿੱਖਿਆ ਵਿਭਾਗ, ਵੱਲੋਂ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਦਾ ਵਿਸ਼ਾ 'ਲਿੰਗ ਸਮਾਨਤਾ ਅਤੇ ਮਹਿਲਾ ਸਸ਼ਕਤੀਕਰਨਦੇਣ ਨੂੰ ਵਧਾਉਣ ਲਈ ਖੇਡਾਂ ਦਾ ਯੋਗਦਾਨ' ਸੀ। ਇਸ ਮੌਕੇ ਡਾ. ਮਨੋਹਰ ਲਾਲ ਰਿਸੋਰਸ ਪਰਸਨ ਵਜੋਂ ਹਾਜਰ ਹੋਏ ਤੇ ਖੇਡਾਂ ਵਿੱਚ ਔਰਤਾਂ ਦੇ ਯੋਗਦਾਨ ਬਾਰੇ ਦੱਸਿਆ ਕਿ ਔਰਤਾਂ ਆਪਣੇ ਸਮਾਜ ਦਾ ਮਾਣ ਵਧਾਉਣ ਲਈ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ। ਉਹਨਾਂ ਨੇ ਸਮਾਜ ਵਿੱਚ ਲਿੰਗ ਸਮਾਨਤਾ ਦੀ ਲੋੜ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਅੰਤ ਵਿੱਚ ਸ੍ਰੀਮਤੀ ਹਰਵਿੰਦਰ ਕੌਰ ਨੇ ਰਿਸੋਰਸ ਪਰਸਨ ਅਤੇ ਪ੍ਰਤੀਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰਧਾਨ ਨਰੇਸ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਹਾਜਰ ਸਨ। ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਵੈਬੀਨਾਰ ਦੇ ਸਫਲ ਆਯੋਜਨ ਲਈ ਸਰੀਰਕ ਸਿੱਖਿਆ ਵਿਭਾਗ ਨੂੰ ਵਧਾਈ ਦਿੱਤੀ।

ਨਗਰ ਨਿਗਮ ਦੇ ਸਫਾਈ ਸੇਵਕਾਂ ਦੀਆਂ ਮੰਗਾਂ ਮਨਜ਼ੂਰ

ਕਰਮਚਾਰੀ ਸੰਯੁਕਤ ਕਮੇਟੀ ਨੇ ਕੀਤਾ ਕਮਿਸ਼ਨਰ ਦਾ ਧੰਨਵਾਦ

ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)-ਸਫਾਈ ਦੀਆਂ ਡਿਊਟੀਆਂ ਨਿਭਾਉਂਦਿਆਂ ਬਹੁਤ ਸਾਰੇ ਕਰਮਚਾਰੀ ਜਾਂ ਤਾਂ ਮੌਤ ਦੇ ਮੂੰਹ ਵਿੱਚ ਪਹੁੰਚ ਜਾਂਦੇ ਹਨ ਤੇ ਜਾਂ ਫਿਰ ਕਿਸੇ ਨ ਕਿਸੇ ਗੰਭੀਰ ਬਿਮਾਰੀ ਦਾ ਸ਼ਿਕਾਰ ਹੋ ਕੇ ਉਮਰ ਭਰ ਲਈ ਅਪਾਹਜ ਵਾਂਗ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋ ਜਾਂਦੇ ਹਨ। ਗਟਰ ਵਿਚਲੀਆਂ ਗੈਸਾਂ ਤੇ ਗਟਰ ਵਿੱਚ ਅਚਾਨਕ ਹੀ ਬਿਨਾਂ ਕਿਸੇ ਅਗੋਂ ਸੂਚਨਾ ਦੇ ਛੱਡੇ ਜਾਂਦੇ ਗਰਮ ਪਾਣੀ ਨਾਲ ਬਹੁਤ ਸਾਰੇ ਹਾਦਸੇ ਹੋ ਚੁੱਕੇ ਹਨ। ਏਨੀ ਮੁਸ਼ਕਲਾਂ ਭਰੀ ਜ਼ਿੰਦਗੀ ਦੇ ਬਾਵਜੂਦ ਕਦੇ ਉਨ੍ਹਾਂ ਨੂੰ ਤਨਖਾਹਾਂ ਪੂਰੀਆਂ ਨਹੀਂ ਮਿਲਦੀਆਂ ਤੇ ਕਦੇ ਸਮੇਂ ਸਿਰ ਨਹੀਂ ਮਿਲਦੀਆਂ। ਇਨ੍ਹਾਂ ਦੀਆਂ ਮੰਗਾਂ ਤੇ ਅਧਿਕਾਰਾਂ ਲਈ ਲੜਨ ਵਾਲੇ ਲੀਡਰ ਇੱਕ ਵਾਰ ਫੇਰ ਮੈਦਾਨ ਵਿੱਚ ਹਨ। ਅੱਜ ਨਵੀਆਂ ਜਿੱਤਾਂ ਦੀ ਜਾਣਕਾਰੀ ਵੀ ਮਿਲੀ ਹੈ, ਜਿਸ ਨਾਲ ਅਗਲੇ ਸੰਘਰਸ਼ ਵੀ ਤਿੱਖੇ ਹੋਣਗੇ। ਮਿਊਂਸਪਲ ਕਰਮਚਾਰੀ ਸੰਯੁਕਤ ਕਮੇਟੀ ਨਗਰ ਨਿਗਮ ਲੁਧਿਆਣਾ ਵੱਲੋਂ ਪ੍ਰਧਾਨ ਕਾਮਰੇਡ ਵਿਜੇ ਕੁਮਾਰ ਕਾਮਰੇਡ ਗੁਰਜੀਤ ਜਗਪਾਲ ਸਿੰਘ ਦੀ ਅਗਵਾਈ ਹੇਠ ਵਫਦ ਸ੍ਰੀਮਤੀ ਸੈਨਾ ਅਗਰਵਾਲ ਕਮਿਸ਼ਨਰ ਨਗਰ ਨਿਗਮ ਲੁਧਿਆਣਾ ਨੂੰ ਮਿਲਿਆ। ਇਸ ਮੌਕੇ ਕਾਮਰੇਡ ਵਿਜੈ ਕੁਮਾਰ ਨੇ ਕਿਹਾ ਕਿ ਜੋ ਮਤਾ ਨੰਬਰ 393/394 ਮਿਤੀ 4/10/2022 ਸਰਕਾਰ ਨੂੰ ਭੇਜਿਆ ਗਿਆ ਸੀ, ਜਿਸ ਵਿੱਚ ਸਫਾਈ ਸੇਵਕ/ਸੀਵਰਮੈਨ ਰੈਗੂਲਰ ਕਿਤੇ ਕਰਮਚਾਰੀ ਦੀ ਤਨਖਾਹ ਰੁਕੀ ਹੋਈ ਸੀ ਉਹ ਮਤਾ ਪਾਸ ਹੋ ਗਿਆ ਹੈ। ਮੈਡਮ ਕਮਿਸ਼ਨਰ ਨੇ ਮੌਕੇ 'ਤੇ ਹੀ ਹੈਲਥ ਅਫਸਰ ਨੂੰ ਹਦਾਇਤ ਕੀਤੀ ਹੈ ਕਿ ਸਫ਼ਾਈ ਸੇਵਕ ਸੀਵਰਮੈਨ, ਜੋ ਕੁੱਲ ਗਿਣਤੀ 3589 ਮੁਲਾਜ਼ਮਾਂ ਦੀ ਪੁਲਸ ਵੈਰੀਫਿਕੇਸ਼ਨ ਹੋ ਗਈ ਹੈ। ਉਨ੍ਹਾਂ ਮੁਲਾਜ਼ਮਾਂ ਦੀ ਤਨਖਾਹ 18000 ਰੁਪਏ ਦੇ ਅਨੁਸਾਰ ਪਾਈਆਂ ਜਾਣ ਤੇ ਇਸ ਦੇ ਨਾਲ ਹੀ 28 ਡਰਾਈਵਰ ਦੀ, ਜੋ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਤਨਖਾਹਾਂ ਰੁਕੀਆਂ ਹੋਈਆਂ ਹਨ, ਉਨ੍ਹਾਂ ਦਾ ਬਿੱਲ ਬਣਾ ਕੇ ਅੱਜ ਦੀ ਤਨਖਾਹ ਜਾਰੀ ਕੀਤੀ ਜਾਵੇ। ਇਸ ਦੇ ਨਾਲ ਹੀ, ਜਿਨ੍ਹਾਂ ਮੁਲਾਜ਼ਮਾਂ ਦੀ ਤਨਖਾਹ ਰਹਿ ਗਈ ਹੈ, ਉਨ੍ਹਾਂ ਦੀ ਤਨਖਾਹ ਅੱਜ ਪਾਈ ਜਾਵੇ। ਸੰਯੁਕਤ ਕਮੇਟੀ ਨੇ ਮੈਡਮ ਕਮਿਸ਼ਨਰ ਦਾ ਧੰਨਵਾਦ ਕੀਤਾ। ਸੰਯੁਕਤ ਕਮੇਟੀ ਨੇ ਮੈਡਮ ਕਮਿਸ਼ਨਰ ਨੂੰ ਕਿਹਾ ਕਿ ਜੋ ਓ ਐਂਡ ਐੱਮ ਸੈੱਲ ਦਾ ਵਿਭਾਗ ਵਰਲਡ ਬੈਂਕ ਦੀ ਕੰਪਨੀ ਦੇ ਹੈੱਡ ਓਵਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਨੌਕਰੀ 'ਤੇ ਰੱਖਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਜਾਵੇ। ਇਸ ਮੌਕੇ ਪ੍ਰਧਾਨ ਕਾਮਰੇਡ ਵਿਜੇ ਕੁਮਾਰ, ਕਾਮਰੇਡ ਗੁਰਜੀਤ ਜਗਪਾਲ ਸਿੰਘ, ਕਾਮਰੇਡ ਸ਼ਾਮ ਲਾਲ, ਕਾਮਰੇਡ ਪ੍ਰੀਤਮ, ਕਾਮਰੇਡ ਬਲਜੀਤ ਸੁਪਰਵਾਈਜ਼ਰ, ਕਾਮਰੇਡ ਮਹੀਪਾਲ, ਅਸ਼ੋਕ ਕੁਮਾਰ, ਵਰਿੰਦਰ ਕੁਮਾਰ, ਅਮਨ ਕੁਮਾਰ, ਜਗਦੀਸ਼, ਰਾਜੇਸ਼ ਕੁਮਾਰ ਆਦਿ ਸ਼ਾਮਲ ਸਨ।

ਫੌਜ ਦੀ ਭਰਤੀ ਲਈ ਨੌਜਵਾਨਾਂ ਦੀ ਮੁਫ਼ਤ ਤਿਆਰੀ ਸ਼ੁਰੂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਜਿਹੜੇ ਨੌਜਵਾਨ 17 ਅਪ੍ਰੈਲ 2023 ਨੂੰ ਫੌਜ ਦੀ ਹੋਈ ਲਿਖਤੀ ਪ੍ਰੀਖਿਆ ਵਿੱਚੋਂ ਪਾਸ ਹੋ ਗਏ ਹਨ, ਉਨ੍ਹਾਂ ਲਈ ਫ਼ਿਜ਼ੀਕਲ ਟੈੱਸਟ ਦੀ ਮੁਫ਼ਤ ਤਿਆਰੀ 24 ਮਈ ਤੋਂ ਸ਼ੁਰੂ ਹੋ ਚੁੱਕੀ ਹੈ।ਫ਼ਿਜ਼ੀਕਲ ਦੀ ਤਿਆਰੀ ਕਰਨ ਦੇ ਲਈ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹੇ ਦੇ ਚਾਹਵਾਨ ਨੌਜਵਾਨ ਛੇਤੀ ਤੋਂ ਛੇਤੀ ਸਵੇਰੇ 7:30 ਵਜੇ ਤੋਂ 11 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ) ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਦਸਤਾਵੇਜ਼ ਲੈ ਕੇ ਰਿਪੋਰਟ ਕਰਨ। ਇਹ ਜਾਣਕਾਰੀ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਫ਼ਿਰੋਜ਼ਪੁਰ ਦੇ ਕੈਂਪ ਇੰਚਾਰਜ ਦਵਿੰਦਰ ਪਾਲ ਸਿੰਘ ਦਿੱਤੀ।ਦਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਕੈਂਪ ਵਿਚ ਆਉਣ ਸਮੇਂ ਨੌਜਵਾਨ ਆਪਣੀ ਆਨ ਲਾਈਨ ਰਜਿਸਟ੍ਰੇਸ਼ਨ ਦੀ ਕਾਪੀ, ਨਤੀਜੇ ਦੀ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ ਤੇ ਫ਼ੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਧਾਰ ਕਾਰਡ ਅਤੇ ਬੈਂਕ ਖਾਤੇ (ਖਾਤਾ ਚਾਲੂ ਹਾਲਤ ਵਿੱਚ ਹੋਵੇ) ਦੀ ਫ਼ੋਟੋ ਸਟੇਟ ਕਾਪੀ ਲੈ ਕੇ ਆਉਣ।ਇਸ ਤੋਂ ਇਲਾਵਾ ਇੱਕ ਪਾਸਪੋਰਟ ਸਾਈਜ਼ ਦੀ ਫ਼ੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।ਕੈਂਪ ਇੰਚਾਰਜ ਨੇ ਕਿਹਾ ਕਿ ਟ੍ਰੇਨਿੰਗ ਲਈ ਨੌਜਵਾਨ ਦੀ ਛਾਤੀ ਬਿਨਾਂ ਫੁਲਾਏ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ।ਇਸ ਤੋਂ ਇਲਾਵਾ ਨੌਜਵਾਨਾਂ ਨੂੰ ਸਰਕਾਰ ਵੱਲੋਂ ਵਜ਼ੀਫ਼ਾ ਗ੍ਰਾਂਟ ਮਿਲਣ ਉਪਰੰਤ ਪ੍ਰਤੀ ਯੁਵਕ 400 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫ਼ਾ ਵੀ ਦਿੱਤਾ ਜਾਵੇਗਾ। ਕੈਂਪ ਵਿਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਤੇ ਫ਼ਿਜ਼ੀਕਲ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ।

ਡਾ. ਉਬਰਾਏ ਦੇ ਯਤਨਾਂ ਸਦਕਾ 325 ਤੋਂ ਉੱਪਰ ਲਾਸ਼ਾਂ ਭਾਰਤ ਆ ਚੁੱਕੀਆਂ

160 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਪੈਨਸ਼ਨਾਂ ਦੇ ਚੈੱਕ ਤਕਸੀਮ

ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਤਕਸੀਮ ਕਰਦੇ ਹੋਏ ਟਰੱਸਟ ਦੇ ਮੈਂਬਰ।

ਮੋਗਾ (ਅਮਰਜੀਤ ਬੱਬਰੀ)-ਘਰ ਦੇ ਹਾਲਾਤ ਨੂੰ ਬਦਲਣ ਦਾ ਸੁਨਹਿਰੀ ਸੁਪਨਾ ਅੱਖਾਂ ਵਿੱਚ ਸੰਜੋਅ ਕੇ ਰੋਜ਼ੀ-ਰੋਟੀ ਦੀ ਭਾਲ ਵਿੱਚ ਵਿਦੇਸ਼ਾਂ 'ਚ ਗਏ 325 ਤੋਂ ਉਪਰ ਨੌਜਵਾਨਾਂ ਦੀਆਂ ਲਾਸ਼ਾਂ ਡਾ. ਐਸ ਪੀ ਸਿੰਘ ਉਬਰਾਏ ਦੇ ਯਤਨਾਂ ਸਦਕਾ ਭਾਰਤ ਆ ਚੁੱਕੀਆਂ ਹਨ ਤੇ ਪਰਵਾਰਾਂ ਵੱਲੋਂ ਧਾਰਮਿਕ ਰੀਤੀ ਰਿਵਾਜਾਂ ਮੁਤਾਬਕ ਉਨ੍ਹਾਂ ਦਾ ਸਸਕਾਰ ਕਰਕੇ ਇੱਕ ਸੰਤੁਸ਼ਟੀ ਦਾ ਅਨੁਭਵ ਕੀਤਾ ਹੈ। ਇਸੇ ਕੜੀ ਤਹਿਤ ਪਿਛਲੇ ਦਿਨੀਂ ਪਿੰਡ ਜੋਗੇਵਾਲਾ ਦੇ ਨੌਜਵਾਨ ਗੁਰਦੀਪ ਸਿੰਘ ਦੀ ਲਾਸ਼ ਡਾ. ਐਸ ਪੀ ਸਿੰਘ ਉਬਰਾਏ ਦੇ ਯਤਨਾਂ ਸਦਕਾ ਭਾਰਤ ਲਿਆਂਦੀ ਗਈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਸਰਬੱਤ ਦਾ ਭਲਾ ਦਫ਼ਤਰ ਵਿਖੇ 160 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਪੈਨਸ਼ਨਾਂ ਦੇ ਚੈੱਕ ਤਕਸੀਮ ਕਰਨ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਡਾ. ਉਬਰਾਏ ਹਰ ਸਾਲ ਆਪਣੀ ਦਸਾਂ ਨਹੁੰਆਂ ਦਾ 98% ਹਿੱਸਾ ਦੀਨ ਦੁਖੀਆਂ ਅਤੇ ਲੋੜਵੰਦਾਂ ਤੇ ਖਰਚ ਕਰਦੇ ਹਨ, ਜਿਸ ਕਾਰਨ ਪੂਰੀ ਦੁਨੀਆ ਉਨ੍ਹਾਂ ਨੂੰ 'ਸੇਵੀਅਰ ਸਿੰਘ' ਵਜੋਂ ਜਾਣਦੀ ਹੈ। ਇਸ ਮੌਕੇ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਅਤੇ ਸਕੱਤਰ ਰਣਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਪੀਣ ਲਈ ਸਾਫ਼ ਪਾਣੀ ਮੁਹੱਈਆ ਕਰਾਉਣ ਲਈ ਸਕੂਲਾਂ ਵਿੱਚ ਆਰ ਓ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਸਕਾਲਰਸ਼ਿਪ, ਨੌਜਵਾਨਾਂ ਲਈ ਕਿੱਤਾਮੁਖੀ ਸਿਖਲਾਈ, ਲੋੜਵੰਦ ਮਰੀਜ਼ਾਂ ਲਈ ਚੈਰੀਟੇਬਲ ਲੈਬਾਂ, ਡਾਇਲਾਸਿਸ ਮਸ਼ੀਨਾਂ, ਜੈਨਰਿਕ ਮੈਡੀਕਲ ਸਟੋਰ, ਅੱਖਾਂ ਦੇ ਮੁਫ਼ਤ ਜਾਂਚ ਅਤੇ ਲੈਂਜ਼ ਕੈਂਪ ਅਤੇ ਇਲਾਜ ਲਈ ਸਹਾਇਤਾ, ਸ਼ਹੀਦ ਕਿਸਾਨਾਂ, ਫੌਜੀਆਂ ਅਤੇ ਲੋੜਵੰਦ ਪਰਵਾਰਾਂ ਲਈ ਮਹੀਨਾਵਾਰ ਪੈਨਸ਼ਨਾਂ ਆਦਿ ਅਨੇਕਾਂ ਸਮਾਜ ਭਲਾਈ ਪ੍ਰੋਜੈਕਟ ਚਲਾ ਕੇ ਉਹ ਉਨ੍ਹਾਂ ਲੋੜਵੰਦ ਲੋਕਾਂ ਦੀ ਮੱਦਦ ਕਰ ਰਹੇ ਹਨ, ਜੋ ਸਰਕਾਰ ਤੋਂ ਮੱਦਦ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ।

ਹਾਜ਼ਰ ਟਰੱਸਟ ਮੈਂਬਰਾਂ ਨੇ ਲੋੜਵੰਦ ਪਰਵਾਰਾਂ ਨੂੰ ਪੈਨਸ਼ਨਾਂ ਦੇ ਚੈੱਕ ਤਕਸੀਮ ਕੀਤੇ। ਇਸ ਮੌਕੇ ਉਕਤ ਤੋਂ ਇਲਾਵਾ ਟਰੱਸਟੀ ਰਣਜੀਤ ਸਿੰਘ ਧਾਲੀਵਾਲ, ਦਵਿੰਦਰਜੀਤ ਸਿੰਘ ਗਿੱਲ, ਗੁਰਸੇਵਕ ਸਿੰਘ ਸੰਨਿਆਸੀ, ਹਰਬਿੰਦਰ ਸਿੰਘ ਜਾਨੀਆਂ, ਸੁਖਦੇਵ ਸਿੰਘ ਬਰਾੜ, ਭਵਨਦੀਪ ਸਿੰਘ ਪੁਰਬਾ, ਨਰਜੀਤ ਕੌਰ, ਦਰਸ਼ਨ ਸਿੰਘ ਲੋਪੋ, ਰਾਮ ਸਿੰਘ ਜਾਨੀਆਂ, ਰਘਵੀਰ ਸਿੰਘ ਸੰਧੂ, ਦਫ਼ਤਰ ਸਕੱਤਰ ਜਸਵੀਰ ਕੌਰ, ਮੈਡਮ ਸੁਖਵਿੰਦਰ ਕੌਰ ਬੁੱਘੀਪੁਰਾ, ਮੈਡਮ ਸੁਖਦੀਪ ਕੌਰ ਤੇ ਲਾਭਪਾਤਰੀ ਪਰਵਾਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਕਾਤਰਾਂ

ਸ਼ਿਵਾਲਾ ਬ੍ਰਹਮਚਾਰੀ ਮੰਦਰ 'ਚ ਭਗਵਤ ਕਥਾ ਸੰਪੰਨ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਰੋਪੜ ਰੋਡ 'ਤੇ ਸਥਿਤ ਪ੍ਰਾਚੀਨ ਤੇ ਇਤਿਹਾਸਕ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਵਿਖੇ ਭਗਵਤ ਕਥਾ ਦੀ ਅੱਜ ਸਮਾਪਤੀ ਹੋਈ। ਪ੍ਰਬੰਧਕਾਂ ਨੇ ਦੱਸਿਆ ਕਿ 16 ਮਈ ਨੂੰ ਕਲਸ਼ ਪੂਜਾ ਉਪਰੰਤ ਭਗਵਤ ਕਥਾ ਦੀ ਸ਼ੁਰੂਆਤ ਕਰਵਾਈ ਜੋ ਕਿ 22 ਮਈ ਤੱਕ ਜਾਰੀ ਰਹੀ। ਸਮਾਗਮ ਦੌਰਾਨ ਸਵਾਮੀ ਸ੍ਰੀ ਬਸੰਤ ਮਹਾਰਾਜ ਬਰਸਾਨੇ ਵਾਲਿਆਂ ਵੱਲੋਂ ਰੋਜ਼ਾਨਾ 5 ਤੋਂ 7 ਵਜੇ ਤੱਕ ਸ਼੍ਰੀਮਦ ਭਗਵਤ ਕਥਾ ਦਾ ਪ੍ਰਵਾਹ ਚਲਾਇਆ ਗਿਆ। ਇਸ ਮੌਕੇ ਸ਼ਰਧਾਲੂ ਔਰਤਾਂ ਵੱਲੋਂ ਭਜਨ ਕੀਰਤਨ ਵੀ ਕੀਤਾ ਗਿਆ ਅਤੇ ਕਲਾਕਾਰਾਂ ਵੱਲੋਂ ਰਾਧਾ, ਕ੍ਰਿਸ਼ਨ ਦੀਆਂ ਸੁੰਦਰ ਝਾਕੀਆ ਵੀ ਦਿਖਾਈਆਂ ਗਈਆਂ। ਇਸ ਮੌਕੇ ਸੰਜੇ ਜੈਨ, ਸੋਨੂੰ ਨਾਗਪਾਲ, ਕਰਨ ਕੌਸ਼ਲ, ਸੰਦੀਪ ਸਿੰਘ, ਅਚਿੰਤ ਭਾਟੀਆ, ਵਿਸ਼ਾਲ ਜੈਨ, ਅਨਿਕੇਤ ਜੈਨ, ਲਕਸ਼ਮਣ ਕੁਮਾਰ, ਦਕਸ਼, ਪੰਡਿਤ ਵਿਨੋਦ ਭੱਟ, ਈਸ਼ਵਰ, ਮੀਨਾ ਰਾਣੀ, ਮੋਨਿਕਾ ਨਾਗਪਾਲ, ਰਾਧਾ ਰਾਣੀ, ਪ੍ਰਿਆ ਭਾਟੀਆ ਵੀ ਮੌਜੂਦ ਸਨ।

ਸਟੱਡੀ ਸਰਕਲ ਵੱਲੋਂ ਨਸ਼ਾ ਵਿਰੋਧੀ ਮੁਕਾਬਲੇ 29 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਵਿਸ਼ਵ ਤੰਬਾਕੂ ਵਿਰੋਧੀ ਦਿਵਸ ਦੇ ਸੰਬੰਧ ਵਿੱਚ ਲਾਜਪਤ ਰਾਏ ਆਰੀਆ ਕੰਨਿਆ ਵਿਦਿਆਲਾ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ-ਬਰਨਾਲਾ ਜ਼ੋਨ ਵੱਲੋਂ ਨਸ਼ੇ ਵਿਰੋਧੀ ਮੁਕਾਬਲੇ ਡੀ ਸੀ ਬੀ ਬੈਂਕ ਦੇ ਸਹਿਯੋਗ ਨਾਲ 29 ਮਈ ਨੂੰ ਸਵੇਰੇ 9 ਵਜੇ ਕਰਾਏ ਜਾ ਰਹੇ ਹਨ। ਪ੍ਰੋਗਰਾਮ ਰਿਲੀਜ਼ ਕਰਨ ਸਮੇਂ ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ਼ ਸਕੱਤਰ ਦੇ ਨਾਲ ਪ੍ਰੋ. ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ ਖੇਤਰ ਨੇ ਦੱਸਿਆ ਕਿ ਨਸ਼ਿਆਂ ਵਿਰੋਧੀ ਜਾਗਰੂਕਤਾ ਮੁਹਿੰਮ ਤਹਿਤ 29 ਮਈ ਨੂੰ ਸਕੂਲ ਵਿਦਿਆਰਥੀਆਂ ਦੇ ਪੋਸਟਰ ਬਣਾਉਣ ਅਤੇ ਭਾਸ਼ਣ ਮੁਕਾਬਲੇ ਕਰਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਲਈ ਜੂਨੀਅਰ ਅਤੇ ਸੀਨੀਅਰ ਗਰੁੱਪ ਬਣਾਏ ਗਏ ਹਨ, ਜਿਨ੍ਹਾਂ ਸਬੰਧੀ ਨਿਯਮ ਤੇ ਹੋਰ ਜਾਣਕਾਰੀ ਸਕੂਲਾਂ ਨੂੰ ਭੇਜ ਦਿੱਤੀ ਗਈ ਹੈ। ਗੁਰਮੇਲ ਸਿੰਘ ਵਿੱਤ ਸਕੱਤਰ ਤੇ ਹਰਵਿੰਦਰ ਕੌਰ ਐਡੀਸ਼ਨਲ ਜ਼ੋਨਲ ਸਕੱਤਰ ਇਸਤਰੀ ਕੌਂਸਲ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਡੀ ਸੀ ਬੀ ਬੈਂਕ ਵੱਲੋਂ ਸ਼ਾਨਦਾਰ ਇਨਾਮ ਦਿੱਤੇ ਜਾਣਗੇ। ਸਮਾਗਮ ਦੇ ਮੁੱਖ ਮਹਿਮਾਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਨ ਨਾਥ ਗੋਇਲ ਹੋਣਗੇ, ਜਦੋਂ ਕਿ ਸ੍ਰੀਮਤੀ ਜਯੋਤੀ ਵਧਾਵਨ ਏਰੀਆ ਮੈਨੇਜਰ ਡੀ ਸੀ ਬੀ ਬੈਂਕ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਮੌਕੇ ਪ੍ਰਿੰਸੀਪਲ ਪੂਨਮ ਗਰਗ, ਸਟਾਫ਼ ਮੈਂਬਰ ਕਮਲੇਸ਼ ਬਾਂਸਲ, ਮੋਨਿਕਾ ਸ਼ਰਮਾ, ਪੂਨਮ ਰਾਣੀ ਦੇ ਨਾਲ ਬੈਂਕ ਅਧਿਕਾਰੀ ਜਗਸੀਰ ਸਿੰਘ ਤੇ ਕੁਲਵਿੰਦਰ ਸਿੰਘ ਹਾਜ਼ਰ ਸਨ।

ਸਿਹਤ ਵਿਭਾਗ ਵੱਲੋਂ ਡੇਂਗੂ ਦਾ ਲਾਰਵਾ ਕੀਤਾ ਚੈੱਕ, ਤੰਬਾਕੂ ਦੇ ਬੁਰੇ ਪ੍ਰਭਾਵਾਂ ਬਾਰੇ ਦਿੱਤੀ ਜਾਣਕਾਰੀ

ਭੀਖੀ (ਧਰਮਵੀਰ ਸ਼ਰਮਾ)-ਸਿਵਲ ਸਰਜਨ ਮਾਨਸਾ ਡਾ. ਅਸ਼ਵਨੀ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਐਸ ਐਮ ਓ ਭੀਖੀ ਡਾ. ਵਿਜੇ ਜਿੰਦਲ ਦੀ ਦੇਖ ਰੇਖ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਸ਼ਹਿਰ ਦੀਆਂ ਵੱਖ ਵੱਖ ਥਾਵਾਂ 'ਤੇ ਜਿੱਥੇ ਤੰਬਾਕੂ ਦੇ ਬੁਰੇ ਪ੍ਰਭਾਵਾਂ ਸੰਬੰਧੀ ਜਾਣਕਾਰੀ ਦਿੱਤੀ ਉੱਥੇ ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਵੱਖ ਵੱਖ ਘਰਾਂ ਅੰਦਰ ਜਾ ਕੇ ਡੇਂਗੂ ਦਾ ਲਾਰਵਾ ਵੀ ਚੈਕ ਕੀਤਾ। ਇਸ ਮੌਕੇ ਡਾ. ਵਿਜੇ ਜਿੰਦਲ ਨੇ ਕਿਹਾ ਕਿ ਸਾਨੂੰ ਘਰ ਅੰਦਰ ਪਏ ਫਾਲਤੂ ਬਰਤਨਾਂ ਅਤੇ ਕੂਲਰਾਂ ਅੰਦਰ ਪਾਣੀ ਜਮ੍ਹਾਂ ਨਹੀਂ ਹੋਣ ਦੇਣਾ ਚਾਹੀਦਾ ਅਤੇ ਹਰ ਹਫਤੇ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਬੁਖਾਰ ਹੋਣ ਦੀ ਸੂਰਤ ਵਿੱਚ ਆਪਣੇ ਨੇੜੇ ਦੇ ਸਿਹਤ ਕੇਂਦਰ ਵਿੱਚ ਇਲਾਜ ਕਰਵਾਉ। ਉਨ੍ਹਾਂ ਕਿਹਾ ਕਿ ਤੰਬਾਕੂ ਖਾਣ ਨਾਲ ਜਿੱਥੇ ਮੂੰਹ ਦਾ ਕੈਂਸਰ ਹੋਣ ਦਾ ਡਰ ਰਹਿੰਦਾ ਹੈ ਉੱਥੇ ਇਸ ਨਾਲ ਹੋਰ ਬਿਮਾਰੀਆਂ ਵੀ ਪੈਦਾ ਹੋ ਸਕਦੀਆਂ ਹਨ। ਇਸ ਮੌਕੇ ਸਿਹਤ ਸੁਪਰਵਾਈਜ਼ਰ ਗੁਰਦੀਪ ਸਿੰਘ ਰੱਲਾ ਨੇ ਡੇਂਗੂ ਦੇ ਕਾਰਨ, ਲੱਛਣ ਅਤੇ ਉਨ੍ਹਾਂ ਦੇ ਬਚਾਅ ਸੰਬੰਧੀ ਜਾਗਰੂਕ ਕੀਤਾ ਤੇ ਕਿਹਾ ਕਿ ਬਾਰਸ਼ ਦਾ ਪਾਣੀ ਘਰਾਂ ਵਿੱਚ ਜਮ੍ਹਾਂ ਨਾ ਹੋਣ ਦਿੱਤਾ ਜਾਵੇ ਤਾਂ ਕਿ ਘਰ ਵਿੱਚ ਡੇਂਗੂ ਦਾ ਲਾਰਵਾ ਨਾ ਬਣੇ।

ਜਬਰ-ਜ਼ਨਾਹ ਦੇ ਮਾਮਲੇ 'ਚ ਕੇਸ ਦਰਜ

ਮਾਨਸਾ (ਰੀਤਵਾਲ)-ਜ਼ਿਲ੍ਹੇ ਦੇ ਪਿੰਡ ਉੱਭਾ ਦੇ ਸਰਕਾਰੀ ਸਕੂਲ ਵਿੱਚ ਪੜ੍ਹਦੀ ਵਿਦਿਆਰਥਣ ਦਾ ਪੇਪਰ ਉਥੇ ਹੀ ਕਿਸੇ ਪ੍ਰਾਈਵੇਟ ਸਕੂਲ ਵਿੱਚ ਬਣੇ ਸੈਂਟਰ ਵਿੱਚ ਸੀ। ਇਸੇ ਦੌਰਾਨ ਨੌਜਵਾਨ ਮਲਕੀਤ ਸਿੰਘ ਵੀ ਉਥੇ ਹੀ ਪੇਪਰ ਦੇ ਰਿਹਾ ਸੀ, ਜਦੋਂ ਹੀ ਪੇਪਰ ਖ਼ਤਮ ਹੋਇਆ ਤਾਂ ਉਸ ਨੇ ਪਿੰਡ ਦੀ ਵਿਦਿਆਰਥਣ ਨੂੰ ਘਰ ਛੱਡਣ ਦਾ ਬਹਾਨਾ ਲਗਾ ਕੇ ਮੋਟਰਸਾਈਕਲ 'ਤੇ ਬਿਠਾ ਕੇ ਕਿਧਰੇ ਲੈ ਗਿਆ ਤੇ ਬਾਅਦ ਵਿੱਚ ਉਸ ਨੂੰ ਵੱਖ-ਵੱਖ ਥਾਵਾਂ 'ਤੇ ਰੱਖ ਕੇ ਉਸ ਨਾਲ ਜਬਰ-ਜ਼ਨਾਹ ਕਰਦਾ ਰਿਹਾ। ਲੜਕੀ ਕਰੀਬ ਇੱਕ ਮਹੀਨੇ ਤੋਂ ਲਾਪਤਾ ਰਹੀ। ਇਸੇ ਦੌਰਾਨ ਉਸ ਨੇ ਲੜਕੀ ਨਾਲ ਬਠਿੰਡਾ ਵਿਖੇ ਕੋਰਟ ਮੈਰਿਜ ਕਰਵਾਉਣ ਦੀ ਯੋਜਨਾ ਬਣਾਈ, ਜਦੋਂ ਹੀ ਲੜਕਾ ਇੱਧਰ-ਉੱਧਰ ਹੋਇਆ ਤਾਂ ਲੜਕੀ ਨੇ ਕਿਸੇ ਮੋਬਾਇਲ ਤੋਂ ਆਪਣੇ ਘਰ ਮੈਸੇਜ ਭੇਜ ਦਿੱਤੇ। ਪਰਿਵਾਰ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੀੜਤ ਲੜਕੀ ਨੇ ਪੁਲਸ ਨੂੰ ਦੱਸਿਆ ਕਿ ਮਲਕੀਤ ਸਿੰਘ ਉਸ ਨਾਲ ਜ਼ਬਰਦਸਤੀ ਵਿਆਹ ਕਰਵਾਉਣਾ ਚਾਹੁੰਦਾ ਸੀ ਤੇ ਉਸ ਨੂੰ ਕਈ ਥਾਵਾਂ 'ਤੇ ਲਿਜਾ ਕੇ ਉਸ ਨਾਲ ਜਬਰ-ਜ਼ਨਾਹ ਵੀ ਕੀਤਾ। ਥਾਣਾ ਜੋਗਾ ਦੇ ਮੁਖੀ ਕਮਲਜੀਤ ਸਿੰਘ ਨੇ ਦੱਸਿਆ ਕਿ ਪੀੜਤ ਦੇ ਬਿਆਨਾਂ 'ਤੇ ਮੁਲਜ਼ਮ ਮਲਕੀਤ ਸਿੰਘ ਵਾਸੀ ਉੱਭਾ ਖਿਲਾਫ਼ ਜਬਰ-ਜ਼ਨਾਹ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

ਵਿਨੀਤ ਕੁਮਾਰ ਫ਼ਰੀਦਕੋਟ ਦੇ ਨਵੇਂ ਡਿਪਟੀ ਕਮਿਸ਼ਨਰ ਬਣੇ

ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)-2012 ਬੈਚ ਦੇ ਆਈ.ਏ.ਐਸ ਅਧਿਕਾਰੀ ਵਿਨੀਤ ਕੁਮਾਰ ਨੇ ਪੁਲਸ ਦੀ ਟੁਕੜੀ ਵੱਲੋਂ ਪ੍ਰਭਾਵਸ਼ਾਲੀ ਗਾਰਡ ਆਫ਼ ਆਨਰ ਤੋਂ ਬਾਅਦ ਬਤੌਰ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਐਸ.ਐਸ.ਪੀ. ਹਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਉਨ੍ਹਾਂ ਨਾਲ ਹਾਜ਼ਰ ਸਨ। ਚਾਰਜ ਸੰਭਾਲਣ ਤੋਂ ਬਾਅਦ ਨਵ-ਨਿਯੁਕਤ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਆਪਣੇ ਦਫ਼ਤਰ ਵਿਖੇ ਜ਼ਿਲ੍ਹਾ ਫ਼ਰੀਦਕੋਟ ਦੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ/ਕ੍ਰਮਚਾਰੀਆਂ ਨਾਲ ਜਾਣ-ਪਛਾਣ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਾਬਾ ਫ਼ਰੀਦ ਜੀ ਦੀ ਪਵਿੱਤਰ ਧਰਤੀ ਵਿੱਚ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਡੀ.ਸੀ. ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤੇ ਉਹ ਲੋਕਾਂ ਨੂੰ ਸਮਾਂਬੱਧ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਸ੍ਰੀ ਵਿਨੀਤ ਕੁਮਾਰ ਸਪੈਸ਼ਲ ਸਕੱਤਰ ਖੇਤੀਬਾੜੀ ਤੇ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਤੋਂ ਇਲਾਵਾ ਮੁਕਤਸਰ, ਫ਼ਿਰੋਜ਼ਪੁਰ, ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

ਸੀਗਲ ਇੰਡੀਆ ਲਿਮਟਿਡ ਖਿਲਾਫ ਲੱਗਾ ਮੋਰਚਾ ਤੀਸਰੇ ਦਿਨ 'ਚ ਦਾਖਲ

ਮੱਖੂ (ਰਛਪਾਲ ਸਿੰਘ ਸੰਧੂ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮੱਖੂ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਕਾਰਪੋਰੇਟ ਘਰਾਣੇ ਸੀਗਲ ਇੰਡੀਆ ਲਿਮਟਿਡ ਲੁੱਕ ਪਲਾਂਟ ਖਿਲਾਫ ਮੱਖੂ ਮੱਲਾਂਵਾਲਾ ਨਹਿਰਾਂ ਸਥਿਤ ਲੱਗਾ ਪੱਕਾ ਮੋਰਚਾ ਤੀਸਰੇ ਦਿਨ ਵੀ ਨਿਰੰਤਰ ਜਾਰੀ ਰੱਖਿਆ। ਮੋਰਚੇ ਨੂੰ ਸੰਬੋਧਨ ਕਰਦਿਆਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ, ਬਲਜਿੰਦਰ ਸਿੰਘ ਤਲਵੰਡੀ ਤੇ ਗੁਰਭੇਜ ਸਿੰਘ ਫੇਮੀਵਾਲਾ ਨੇ ਦੱਸਿਆ ਕਿ ਲਗਦਾ ਹੈ ਕਿ ਸਾਡੇ ਇਸ ਦੇਸ਼ ਵਿੱਚ ਅਮੀਰਾਂ ਲਈ ਹੋਰ ਕਾਨੂੰਨ ਤੇ ਆਮ ਜਨਤਾ ਲਈ ਹੋਰ ਕਾਨੂੰਨ ਬਣੇ ਹੋਏ ਹਨ। ਅੱਜ ਮਾਰਕੀਟ ਕਮੇਟੀ ਮੱਖੂ ਦੇ ਦਫਤਰ ਵਿਖੇ ਐਸ ਡੀ ਐਮ ਜ਼ੀਰਾ ਗਗਨਦੀਪ ਸਿੰਘ ਵੱਲੋਂ ਕਿਸਾਨ ਆਗੂਆਂ ਤੇ ਸੀਗਲ ਇੰਡੀਆ ਕੰਪਨੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ, ਪਰ ਮੀਟਿੰਗ ਵੀ ਬੇਸਿੱਟਾ ਹੀ ਰਹੀ। ਕਿਉਂਕਿ ਜਿਸ ਤਰ੍ਹਾਂ ਕਿਸਾਨ ਗੁਰਮੀਤ ਸਿੰਘ ਦੀ ਜ਼ਮੀਨ ਉਪਰ ਕੰਪਨੀ ਵੱਲੋਂ ਪਲਾਂਟ ਲਗਾਉਣ ਵੇਲੇ ਜੋ ਇਕਰਾਰਨਾਮੇ ਤਹਿਤ ਸ਼ਰਤਾਂ ਲਿਖੀਆਂ ਸਨ, ਉਨ੍ਹਾਂ ਸ਼ਰਤਾਂ ਅਧੀਨ ਕੰਪਨੀ ਖਰਾ ਨਹੀਂ ਉਤਰ ਰਹੀ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਜੇਕਰ ਪ੍ਰਸ਼ਾਸਨ ਵੱਲੋਂ ਮਸਲਿਆਂ ਦਾ ਹੱਲ ਨਾ ਕਰਵਾਇਆ ਤਾਂ ਤਿੱਖੇ ਸੰਘਰਸ਼ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ।

ਇਸ ਮੌਕੇ ਲਖਵਿੰਦਰ ਸਿੰਘ ਵਸਤੀ ਨਾਮਦੇਵ, ਹਰਵਿੰਦਰ ਸਿੰਘ, ਜਸਵੰਤ ਸਿੰਘ, ਕਮਲਜੀਤ ਸਿੰਘ, ਬਾਜ ਸਿੰਘ, ਜਸਪਾਲ ਸਿੰਘ, ਗੁਰਮੀਤ ਸਿੰਘ, ਸਾਹਿਬ ਸਿੰਘ, ਗੁਰਿੰਦਰ ਸਿੰਘ, ਜਸਬੀਰ ਸਿੰਘ, ਕਾਬਲ ਸਿੰਘ, ਲਖਵਿੰਦਰ ਸਰਪੰਚ, ਬਾਜ ਸਿੰਘ, ਨਿਸ਼ਾਨ ਸਿੰਘ, ਜੱਜ ਸਿੰਘ, ਗੁਰਮੀਤ ਸਿੰਘ ਆਦਿ ਆਗੂ ਹਾਜ਼ਰ ਸਨ।

ਐਮੀਨੈਂਸ ਸਕੂਲ ਦੇ ਵਿਦਿਆਰਥੀ ਮੈਰਿਟ ਸੂਚੀ 'ਚ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਸੈਕੰਡਰੀ ਸਕੂਲ ਐਮੀਨੈਂਸ (ਲੜਕੇ) ਮਾਨਸਾ ਦੇ ਨਾਨ-ਮੈਡੀਕਲ ਸਟਰੀਮ ਦੇ ਦੋ ਵਿਦਿਆਰਥੀਆਂ ਨੇ ਬੋਰਡ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਇਸ ਸਕੂਲ ਤੇ ਮਾਨਸਾ ਜ਼ਿਲ੍ਹੇ ਦਾ ਨਾਮ ਰੋਸ਼ਨ ਕਰਨ ਤੋਂ ਇਲਾਵਾ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਮਾਣ ਵਧਾਇਆ ਹੈ। ਸਕੂਲ ਪ੍ਰਿੰਸੀਪਲ ਸ੍ਰੀਮਤੀ ਕੰਵਲਜੀਤ ਕੌਰ ਨੇ ਦੱਸਿਆ ਕਿ ਇਸ ਸਕੂਲ ਦੇ ਵਿਦਿਆਰਥੀ ਪਰਮੀਤ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ ਨੇ ਬਾਰਵੀਂ ਜਮਾਤ ਨਾਨ-ਮੈਡੀਕਲ ਵਿੱਚੋਂ 500 ਅੰਕਾਂ 'ਚੋਂ 486 ਅੰਕ, ਇਸੇ ਤਰ੍ਹਾਂ ਹੀ ਅੰਕੁਸ਼ ਕੁਮਾਰ ਪੁੱਤਰ ਸੁਰੇਸ਼ ਕੁਮਾਰ ਨੇ ਵੀ 500 ਅੰਕਾਂ 'ਚੋਂ 486 ਅੰਕ ਪ੍ਰਾਪਤ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਆਲੇ ਦਆਲੇ ਦੇ ਸਕੂਲਾਂ ਨੂੰ ਪਛਾੜ ਕੇ ਬਾਜ਼ੀ ਮਾਰ ਲਈ ਹੈ। ਉਨ੍ਹਾ ਇਸ ਸਮੇਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਅਜਿਹੇ ਵਿਦਿਆਰਥੀਆਂ 'ਤੇ ਸਕੂਲ ਨੂੰ ਹਮੇਸ਼ਾ ਹੀ ਗੌਰਵ ਤੇ ਮਾਣ ਰਹੇਗਾ।

ਸਨਰੇਅ ਐਜੂਕੇਸ਼ਨ ਸੰਸਥਾ ਨੇ ਇੱਕੋ ਦਿਨ 'ਚ ਲਵਾਏ 4 ਵੀਜ਼ੇ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਨਰੇਅ ਐਜੂਕੇਸ਼ਨ ਸੰਸਥਾ ਲਗਾਤਾਰ ਵੀਜ਼ੇ ਲਵਾ ਰਹੀ ਹੈ। ਇਹ ਸੰਸਥਾ ਲਗਾਤਾਰ ਪੜ੍ਹਾਈ ਕਰਨ ਦੇ ਚਾਹਵਾਨ ਤੇ ਸਪਾਊਸ ਕੇਸਾਂ ਦੇ ਬੱਚਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ। ਸਨਰੇਅ ਐਜੂਕੇਸ਼ਨ ਸੰਸਥਾ ਦੇ ਅਧਿਕਾਰੀਆਂ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ 23 ਮਈ ਨੂੰ ਇੱਕੋ ਦਿਨ ਵਿੱਚ ਕਨੇਡਾ 3 ਵੀਜ਼ੇ ਪ੍ਰਾਪਤ ਹੋਏ। ਇਸ ਵਿੱਚ ਫ਼ਤਿਹਗੜ੍ਹ ਛੰਨਾ ਤੋਂ ਗੁਰਪ੍ਰੀਤ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਗੁਰਮੀਤ ਕੌਰ ਦਾ 15 ਦਿਨਾਂ ਵਿੱਚ ਵਿਜ਼ਟਰ ਵੀਜ਼ਾ ਪ੍ਰਾਪਤ ਹੋਇਆ ਹੈ। ਬਲੱਮਗੜ੍ਹ ਦਾ ਵਿਦਿਆਰਥੀ ਸਾਹਿਲ ਸਿੰਘ ਤੇ ਸਮਾਣਾ ਦੇ 2 ਵਿਦਿਆਰਥੀ ਜਸਮੀਨ ਕੌਰ ਤੇ ਪਰਨੀਤ ਕੌਰ ਨੂੰ 3 ਹਫ਼ਤੇ ਦੇ ਅੰਦਰ-ਅੰਦਰ ਸਟੱਡੀ ਵੀਜ਼ਾ ਪ੍ਰਾਪਤ ਹੋਇਆ। ਦਫ਼ਤਰ ਵਿਖੇ ਮੌਜੂਦ ਵਿਦਿਆਰਥੀਆਂ ਤੇ ਮਾਪਿਆਂ ਨੂੰ ਵੀਜ਼ੇ ਸੌਂਪਦਿਆਂ ਸੰਸਥਾ ਦੇ ਅਧਿਕਾਰੀਆਂ ਨੇ ਵਧਾਈ ਦਿੱਤੀ ਤੇ ਉਨ੍ਹਾਂ ਦੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਨਨਕਾਣਾ ਸਾਹਿਬ ਪਬਲਿਕ ਸਕੂਲ 'ਚ ਵਾਤਾਵਰਣ ਦੀ ਸੰਭਾਲ ਸੰਬੰਧੀ ਸੈਮੀਨਾਰ

ਸੈਮੀਨਾਰ ਦੌਰਾਨ ਕੌਂਸਲ ਪ੍ਰਧਾਨ ਕਰਨਬੀਰ ਸਿੰਘ ਢਿੱਲੋਂ, ਈ ਓ ਪੁਸ਼ਪਿੰਦਰ ਕੁਮਾਰ ਤੇ ਹੋਰ।

ਸਮਰਾਲਾ (ਸੁਰਜੀਤ ਸਿੰਘ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਵਿਖੇ ਵਾਤਾਵਰਣ ਦੀ ਸੰਭਾਲ ਨੂੰ ਮੁੱਖ ਰੱਖਦਿਆਂ ਈਕੋ ਬਰਿਕਸ ਦਾ ਇੱਕ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਸਮਰਾਲਾ ਨਗਰ ਕੌਂਸਲ ਦੇ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ, ਕਾਰਜ ਸਾਧਕ ਅਫਸਰ ਪੁਸ਼ਪਿੰਦਰ ਕੁਮਾਰ, ਕੌਂਸਲਰ ਅੰਮ੍ਰਿਤਪਾਲ ਕੌਰ ਢਿੱਲੋਂ, ਸੈਨੇਟਰੀ ਇੰਸਪੈਕਟਰ ਸੰਜੋਗਤਾ , ਨਵਦੀਪ ਕੌਰ, ਸ਼ਿਵਾਨੀ ਸ਼ਰਮਾ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਜਤਿੰਦਰ ਸਿੰਘ ਬਾਜਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਦੇ ਪ੍ਰਿੰ: ਮਾਲਇੰਦਰ ਸਿੰਘ ਵੀ ਇਸ ਸੈਮੀਨਾਰ ਵਿੱਚ ਹਾਜ਼ਰ ਰਹੇ। ਸੈਮੀਨਾਰ ਦੌਰਾਨ ਕੌਂਸਲ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਨੇ ਬੱਚਿਆਂ ਨੂੰ ਪਲਾਸਟਿਕ ਬੋਤਲਾਂ ਦੇ ਈਕੋ ਬਰਿਕਸ ਬਣਾਉਣ ਦੇ ਫਾਇਦੇ ਦੱਸੇ ਅਤੇ ਕਿਹਾ ਕਿ ਇਹ ਈਕੋ ਬਰਿਕਸ ਇਮਾਰਤਾਂ, ਫਰਨੀਚਰ ਅਤੇ ਸੜਕਾਂ ਆਦਿ ਬਣਾਉਣ ਦੇ ਕੰਮ ਲਿਆਏ ਜਾ ਸਕਦੇ ਹਨ, ਜਿਸ ਨਾਲ ਵਾਤਾਵਰਣ ਵੀ ਸਾਫ ਰਹੇਗਾ।

ਸਕੂਲ ਦੇ ਵਿਦਿਆਰਥੀਆਂ ਐਸ਼ਵੀਰ ਕੌਰ ਅਤੇ ਅਸ਼ਮੀਤ ਕੌਰ ਨੇ ਵੀ ਇਸ ਵਿਸ਼ੇ 'ਤੇ ਰੋਸ਼ਨੀ ਪਾਈ। ਇਸ ਤੋਂ ਇਲਾਵਾ ਬੱਚਿਆਂ ਦੁਆਰਾ ਬਣਾਏ ਗਏ 250 ਈਕੋ ਬਰਿਕਸ ਵਿਚੋਂ ਚਾਰ ਬੱਚਿਆਂ ਨੂੰ ਵਿਜੇਤਾ ਘੋਸ਼ਿਤ ਕੀਤਾ ਗਿਆ। ਜਿਸ ਵਿੱਚ ਪਹਿਲੇ ਸਥਾਨ 'ਤੇ ਹਰਸ਼ਦੀਪ ਸਿੰਘ (ਸੱਤਵੀਂ ਬੀ), ਦੂਸਰੇ ਸਥਾਨ 'ਤੇ ਸਿਮਰਨਪ੍ਰੀਤ ਕੌਰ (ਨੌਵੀਂ ਏ), ਤੀਸਰੇ ਸਥਾਨ ਤੇ ਕਨਿਸ਼ਾ ਭੱਟੀ (ਨੌਵੀਂ ਏ) ਅਤੇ ਚੌਥੇ ਸਥਾਨ 'ਤੇ ਵੰਸ਼ ਸ਼ਰਮਾ (ਪੰਜਵੀਂ ਏ) ਰਹੇ। ਜੇਤੂ ਬੱਚਿਆਂ ਨੂੰ ਮੁੱਖ ਮਹਿਮਾਨਾਂ ਵੱਲੋਂ ਇਨਾਮ ਵੀ ਵੰਡੇ ਗਏ।

ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਦੇ ਦੁਆਰਾ ਪ੍ਰੇਰਿਤ ਕਰਨ ਤੇ ਬੱਚਿਆਂ ਨੇ ਪ੍ਰਣ ਲਿਆ ਕਿ ਉਹ ਵਾਤਾਵਰਣ ਦੀ ਸੰਭਾਲ ਸੰਬੰਧੀ ਹਰ ਸੰਭਵ ਕਦਮ ਚੁੱਕਣਗੇ।

ਐੱਸ ਆਰ ਐੱਸ ਵਿੱਦਿਆਪੀਠ 'ਚ ਇਨਵੈਸਟੀਚਰ ਸੈਰੇਮਨੀ

ਸਮਾਣਾ (ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਇਨਵੈਸਟੀਚਰ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੀ ਯੋਗਤਾ ਦੇ ਅਨੁਸਾਰ ਪਦਵੀ ਦਿੱਤੀ ਗਈ। ਚੁਣੇ ਗਏ ਬੱਚਿਆਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਲਿਆ। ਬਾਰ੍ਹਵੀਂ ਜਮਾਤ ਦੀ ਮੈਡੀਕਲ ਦੀ ਵਿਦਿਆਰਥਣ ਅਨੁਰੀਤ ਕੌਰ ਨੂੰ ਹੈੱਡ ਗਰਲ ਅਤੇ ਕਾਮਰਸ ਦੇ ਵਿਦਿਆਰਥੀ ਰਾਘਵ ਪਾਠਕ ਨੂੰ ਹੈੱਡ ਬੁਆਏ ਹੋਣ ਦਾ ਖਿਤਾਬ ਦਿੱਤਾ ਗਿਆ। ਹਾਊਸ ਪ੍ਰੀਫੈਕਟ ਵਿੱਚ ਦਸਵੀਂ ਜਮਾਤ ਦੇ ਕਰਤਾਰ ਸਿੰਘ ਸਰਾਭਾ ਹਾਊਸ ਦੇ ਹਰਸ਼ਿਤ ਬਾਂਸਲ ਅਤੇ ਰਿਦਮ ਸਿੰਗਲਾ, ਸ਼ਹੀਦ ਭਗਤ ਸਿੰਘ ਹਾਊਸ ਦੇ ਕਨਵ ਬਾਂਸਲ ਅਤੇ ਆਸ਼ਨਾ ਜੈਨ, ਸ਼ਹੀਦ ਊਧਮ ਸਿੰਘ ਹਾਊਸ ਦੇ ਸੀਆ ਵਰਮਾ ਅਤੇ ਦਿਵਾਂਸ਼ੂ ਸ਼ਰਮਾ ਅਤੇ ਲਾਲਾ ਲਾਜਪਤ ਰਾਏ ਹਾਊਸ ਦੇ ਜੈਸਮੀਨ ਕੌਰ ਅਤੇ ਨਵਰੂਪ ਸਿੰਘ ਵਿਦਿਆਰਥੀਆਂ ਦੇ ਨਾਂਅ ਚੁਣੇ ਗਏ। ਹਾਊਸ ਕੈਪਟਨ ਵਿੱਚ ਬਾਰ੍ਹਵੀਂ ਜਮਾਤ ਦੇ ਕਰਤਾਰ ਸਿੰਘ ਸਰਾਭਾ ਹਾਊਸ ਦੇ ਅਰਮਾਨ ਸਿੰਘ ਅਤੇ ਮਹਿਕਪ੍ਰੀਤ ਕੌਰ, ਸ਼ਹੀਦ ਭਗਤ ਸਿੰਘ ਹਾਊਸ ਦੇ ਜੈਸਮੀਨ ਕੌਰ ਅਤੇ ਕਰਨਬੀਰ ਸਿੰਘ, ਸ਼ਹੀਦ ਊਧਮ ਸਿੰਘ ਹਾਊਸ ਦੇ ਅਮਾਨਤਦੀਪ ਕੌਰ ਅਤੇ ਗੁਰਸ਼ਾਨ ਸਿੰਘ ਅਤੇ ਲਾਲਾ ਲਾਜਪਤ ਰਾਏ ਹਾਊਸ ਦੇ ਫਰਿਆਦ ਸ਼ਰਮਾ ਅਤੇ ਅਰਸ਼ਦੀਪ ਸਿੰਘ ਨੂੰ ਚੁਣਿਆ ਗਿਆ। ਸਪੋਰਸ ਕੈਪਟਨ ਲਈ ਬਾਰ੍ਹਵੀਂ ਜਮਾਤ ਦੇ ਮਨਜੀਤ ਸਿੰਘ ਅਤੇ ਰਹਿਮਤ ਕੌਰ ਨੂੰ ਚੁਣਿਆ ਗਿਆ। ਅਨੁਸ਼ਾਸਨ ਇੰਚਾਰਜ ਲਈ ਬਾਰ੍ਹਵੀਂ ਜਮਾਤ ਦੇ ਸ਼ਹਿਬਾਜ਼ ਅਤੇ ਮੋਨਿਕਾ ਸ਼ਰਮਾ ਨੂੰ ਚੁਣਿਆ ਗਿਆ ਹੈ। ਐਕਟੀਵਿਟੀ ਇੰਚਾਰਜ ਲਈ ਬਾਰ੍ਹਵੀਂ ਜਮਾਤ ਦੇ ਸਹਿਜਪ੍ਰੀਤ ਸਿੰਘ ਅਤੇ ਜਸਪ੍ਰੀਤ ਕੌਰ ਨੂੰ ਚੁਣਿਆ ਗਿਆ ਹੈ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੇਸ ਨੇ ਬੱਚਿਆਂ ਨੂੰ ਜ਼ਿੰਮੇਵਾਰੀ ਦਾ ਮਹੱਤਵ ਸਮਝਾਇਆ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਅਸ਼ੀਰਵਾਦ ਦਿੱਤਾ। ਸਕੂਲ ਚੇਅਰਮੈਨ ਅਮਿਤ ਸਿੰਗਲਾ ਨੇ ਵੀ ਚੁਣੇ ਗਏ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ।

ਬਾਬਾ ਫ਼ਰੀਦ ਯਾਦਗਾਰੀ ਕੈਨੇਡਾ ਦਾ ਵਾਲੀਬਾਲ ਸ਼ੂਟਿੰਗ ਟੂਰਨਾਮੈਂਟ ਸਮਾਪਤ

ਜਗਰਾਉਂ (ਅਮਿਤ ਖੰਨਾ)-ਸਰੀ ਸ਼ਹਿਰ ਦੇ ਇੰਡੋਰ ਸਟੇਡੀਅਮ ਵਿਖੇ ਬਾਬਾ ਫ਼ਰੀਦ ਵਾਲੀਬਾਲ ਕਲੱਬ ਵਲੋਂ ਕਰਾਇਆ ਜਾ ਰਿਹਾ ਦੋ ਰੋਜ਼ਾ ਟੂਰਨਾਮੈਂਟ ਯਾਦਗਾਰੀ ਹੋ ਨਿੱਬੜਿਆ। 1992 ਤੋਂ ਲਗਾਤਾਰ ਕਰਾਏ ਜਾ ਰਹੇ ਇਸ ਟੂਰਨਾਮੈਂਟ 'ਚ ਇਸ ਵਾਰ ਇੰਟਰ ਸਟੇਟ ਕੈਨੇਡਾ ਦੀਆਂ ਟੀਮਾਂ ਤੋਂ ਇਲਾਵਾ ਅਮਰੀਕਾ ਤੋਂ ਵੀ ਟੀਮਾਂ ਨੇ ਭਾਗ ਲਿਆ, ਕੁੱਲ 36 ਟੀਮਾਂ 'ਚੋਂ ਫ਼ਸਵੇਂ ਮੁਕਾਬਲਿਆਂ 'ਚੋਂ ਉੱਭਰ ਕੇ ਫਾਈਨਲ ਮੁਕਾਬਲੇ ਤੱਕ ਪੁੱਜੀਆਂ ਟੀਮਾਂ 'ਚੋਂ ਬੀ ਟਾਊਨ ਕਲੱਬ ਕੈਨੇਡਾ ਦੀ ਟੀਮ ਪਹਿਲੇ ਤੇ ਆਲ ਫ਼ਰੈਂਡਜ ਸਪੋਰਟਸ ਕਲੱਬ ਕੈਲਗਿਰੀ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਨ੍ਹਾਂ ਤੋਂ ਇਲਾਵਾ ਜਿੰਦਰ ਕਲੱਬ ਵਿਨੀਪੈਗ ਦੀ ਟੀਮ ਤੀਜੇ ਤੇ ਯੂਨਾਈਟਿਡ ਪੰਜਾਬ ਕੇਸਰੀ ਕਲੱਬ ਟੋਰਾਂਟੋ ਦੀ ਟੀਮ ਚੌਥੇ ਸਥਾਨ 'ਤੇ ਰਹੀ।

ਇਸ ਮੌਕੇ ਕਲੱਬ ਦੇ ਪ੍ਰਧਾਨ ਜਗਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਦੇ ਖੇਡ ਮੈਦਾਨਾਂ ਤੋਂ ਸ਼ੁਰੂ ਹੋਇਆ ਵਾਲੀਬਾਲ ਸ਼ੂਟਿੰਗ ਦਾ ਸ਼ੌਕ ਇਥੇ ਦੇ ਇੰਡੋਰ ਸਟੇਡੀਅਮਾਂ ਤੱਕ ਲੈ ਆਇਆ। ਉਨ੍ਹਾਂ ਇਸ ਖੇਡ ਮੇਲੇ 'ਤੇ ਪੁੱਜੇ ਸਮੂਹ ਖਿਡਾਰੀਆਂ ਤੇ ਦਰਸ਼ਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਵਾਲੀਬਾਲ ਖੇਡ ਉਨ੍ਹਾਂ ਨੂੰ ਵਿਰਸੇ 'ਚੋਂ ਮਿਲੀ ਹੈ ਤੇ ਇਸ ਸਮੇਂ ਉਨ੍ਹਾਂ ਦੀ ਤੀਜੀ ਪੀੜ੍ਹੀ ਵੀ ਵਾਲੀਬਾਲ ਖੇਡ ਰਹੀ ਹੈ। ਇਸ ਮੌਕੇ ਖੇਡ ਮੇਲੇ ਦੀ ਕੈਨੇਡਾ 'ਚ ਸ਼ੁਰੂਆਤ ਕਰਨ ਵਾਲੇ ਪਰਮਿੰਦਰ ਸਿੰਘ ਟੀਟੂ ਜਨੇਤਪੁਰਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਤਿੰਨ ਦਹਾਕੇ ਪਹਿਲਾਂ ਕੈਨੇਡਾ 'ਚ ਸ਼ੁਰੂ ਕੀਤਾ ਇਹ ਟੂਰਨਾਮੈਂਟ ਹੁਣ ਵਿਸ਼ਾਲ ਰੂਪ ਲੈ ਗਿਆ ਤੇ ਇਸ ਵਾਰ ਵੱਡੀ ਗਿਣਤੀ 'ਚ ਟੂਰਨਾਮੈਂਟ ਵਿਚ ਖਿਡਾਰੀਆਂ ਤੇ ਦਰਸ਼ਕਾਂ ਨੇ ਭਾਗ ਲਿਆ।

ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ ਲਈ ਹਰੇਕ ਮੈਂਬਰ ਦਾ ਸਹਿਯੋਗ ਰਿਹਾ। ਇਸ ਮੌਕੇ ਕਲੱਬ ਦੇ ਬੁਲਾਰੇ ਵਰਿੰਦਰ ਸਿੰਘ ਖੱਟੜਾ ਨੇ ਦੱਸਿਆ ਵਾਲੀਬਾਲ ਸ਼ੂਟਿੰਗ ਪੰਜਾਬ ਤੋਂ ਬਾਅਦ ਕੈਨੇਡਾ 'ਚ ਵੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਬਣ ਗਈ ਹੈ ਤੇ ਪੰਜਾਬ 'ਚ ਇਹ ਖੇਡ ਮਾਲਵੇ ਖੇਤਰ 'ਚ ਮੁੱਖ ਤੌਰ 'ਤੇ ਖੇਡੀ ਜਾਂਦੀ ਹੈ ਤੇ ਇਸ ਤੋਂ ਇਲਾਵਾ ਹਰਿਆਣਾ, ਰਾਜਸਥਾਨ ਅਤੇ ਭਾਰਤ ਤੋਂ ਇਲਾਵਾ ਪਾਕਿਸਤਾਨ 'ਚ ਹਰ ਪੇਂਡੂ ਖੇਡ ਮੇਲੇ ਦਾ ਸ਼ਿੰਗਾਰ ਬਣਦੀ ਆ ਰਹੀ ਹੈ। ਪੱਤਰਕਾਰ ਹਰਜੀਤ ਸਿੰਘ ਗਿੱਲ ਨੇ ਟੀਮਾਂ ਨਾਲ ਜਾਣ-ਪਛਾਣ ਕੀਤੀ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਕਲੱਬ ਪ੍ਰਧਾਨ ਜਗਦੇਵ ਸਿੰਘ ਢਿੱਲੋਂ ਤੇ ਹੋਰ ਪ੍ਰਬੰਧਕ ਵੀ ਉਨ੍ਹਾਂ ਦੇ ਨਾਲ ਸਨ। ਇਸ ਮੌਕੇ ਕਲੱਬ ਵੱਲੋਂ ਪਵਨ ਮਲਕ, ਜੱਗ ਬਰਾੜ, ਰਾਘੀ ਧਾਲੀਵਾਲ ਨੇ ਵੀ ਟੀਮਾਂ ਨੂੰ ਜੀ ਆਇਆਂ ਆਖਿਆ। ਇਸ ਖੇਡ ਮੇਲੇ 'ਚ 45 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਦੇ ਸ਼ੋਅ ਮੈਚ ਵੀ ਕਰਾਏ ਗਏ, ਜਿਨ੍ਹਾਂ ਨੂੰ ਦਰਸ਼ਕਾਂ ਨੇ ਪੂਰੇ ਅਨੰਦ ਨਾਲ ਦੇਖਿਆ।

ਭਾਜਪਾ ਅਕਾਲੀ ਦਲ ਨਾਲ ਕਿਸੇ ਵੀ ਕੀਮਤ 'ਤੇ ਗਠਜੋੜ ਨਹੀਂ ਕਰੇਗੀ : ਗਰੇਵਾਲ

ਮਾਨਸਾ/ਭੀਖੀ (ਧਰਮਵੀਰ ਸ਼ਰਮਾ/ਆਤਮਾ ਸਿੰਘ ਪਮਾਰ)-ਆਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਵੱਲੋਂ ਅਕਾਲੀ ਦਲ ਨਾਲ ਗਠਜੋੜ ਕਿਸੇ ਵੀ ਕੀਮਤ 'ਤੇ ਨਹੀਂ ਕੀਤਾ ਜਾਵੇਗਾ, ਸਗੋਂ ਭਾਜਪਾ ਆਪਣੇ ਬਲਬੂਤੇ 'ਤੇ ਹੀ ਚੋਣਾਂ ਲੜ ਕੇ ਕੇਂਦਰ ਵਿੱਚ ਆਪਣੀ ਸਰਕਾਰ ਬਣਾਏਗੀ। ਇਹ ਪ੍ਰਗਟਾਵਾ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਰਜਿੰਦਰ ਰਾਜੀ ਦੇ ਨਿਵਾਸ 'ਤੇ ਕੀਤਾ। ਗਰੇਵਾਲ ਨੇ ਕਿਹਾ ਕਿ ਜਿਸ ਮੌਕੇ ਭਾਜਪਾ ਸੰਕਟ ਵਿੱਚ ਸੀ, ਉਸ ਸਮੇਂ ਅਕਾਲੀ ਦਲ ਵੱਲੋਂ ਭਾਜਪਾ ਨੂੰ ਛੱਡਿਆ ਗਿਆ, ਹੁਣ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਭਾਜਪਾ ਅਕਾਲੀ ਦਲ ਨਾਲ ਕੋਈ ਗਠਜੋੜ ਕਰੇ।

ਉਨ੍ਹਾਂ ਕਿਹਾ ਕਿ ਭਾਜਪਾ ਕਿਸੇ ਹੋਰ ਰਾਜਨੀਤਕ ਸੰਗਠਨ ਤੋਂ ਹੁਣ ਘੱਟ ਨਹੀਂ ਹੈ। ਉਨ੍ਹਾਂ ਸੂਬਾ ਹਾਈਕਮਾਂਡ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਆਪਣੇ ਨਾਲ ਲੈ ਕੇ ਚੱਲਣ ਦਾ ਸੁਝਾਅ ਦਿੱਤਾ। ਆਰਥਿਕ ਪੱਖ ਤੋਂ ਸੂਬਾ ਸਰਕਾਰ ਨੂੰ ਨਾਕਾਮ ਦੱਸਦਿਆਂ ਭਾਜਪਾ ਆਗੂ ਨੇ ਕਿਹਾ ਕਿ ਇੱਕ ਸਾਲ ਦੇ ਵਕਫੇ ਦੌਰਾਨ ਹੀ ਮਾਨ ਸਰਕਾਰ ਨੇ ਸੂਬੇ ਸਿਰ 42 ਹਜ਼ਾਰ ਕਰੋੜ ਦਾ ਕਰਜ਼ਾ ਚਾੜ੍ਹ ਲਿਆ ਹੈ। ਜੇਕਰ ਹਾਲਾਤ ਇਹੋ ਰਹੇ ਤਾਂ ਕਰਜ਼ਾ 3 ਲੱਖ ਕਰੋੜ ਤੋਂ ਉੱਪਰ ਟੱਪ ਜਾਵੇਗਾ, ਜਿਹੜਾ ਕਿ ਸੂਬੇ ਨੂੰ ਕੰਗਾਲੀ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕਰੇਗਾ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ, ਉਪ ਪ੍ਰਧਾਨ ਰਜਿੰਦਰ ਰਾਜੀ, ਸੂਬਾ ਕਾਰਜਕਾਰੀ ਮੈਂਬਰ ਬਲਵਿੰਦਰ ਕੌਰ ਚੀਮਾ, ਰਾਮ ਸਿੰਘ ਮਿਰਜ਼ਾਪੁਰ, ਜਸਵੀਰ ਸਿੰਘ ਰਾਜਪੁਰਾ, ਕੁਲਵਿੰਦਰ ਕੌਰ, ਦਰਸ਼ੀ ਬੁਢਲਾਡਾ, ਗੋਬਿੰਦ ਰਾਮ, ਲਵਲੀਨ ਜਿੰਦਲ ਜੋਨੀ, ਆਰਕੀਟੈਕਟ ਮਨੋਜ ਗੋਇਲ ਤੇ ਅਸ਼ੋਕ ਕੁਮਾਰ ਜਿੰਦਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਹਾਜ਼ਰ ਸਨ।

ਕਿਸਾਨਾਂ ਨੇ ਮਿਰਚ ਦਾ ਮੁੱਲ ਤੈਅ ਕਰਕੇ ਚੁੱਕਿਆ ਵਧੀਆ ਕਦਮ : ਸੰਧਵਾਂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੇ ਕਿਸਾਨਾਂ ਨੇ ਮਿਰਚ ਦੇ ਮੁੱਲ ਨੂੰ ਬੈਂਚ ਮਾਰਕ ਬਣਾਉਂਦੇ ਹੋਏ ਇੱਕ ਮੁੱਲ ਤੈਅ ਕਰਕੇ ਬਹੁਤ ਵਧੀਆ ਕਦਮ ਚੁੱਕਿਆ ਹੈ। ਇਸ ਦੇ ਤਹਿਤ ਮਿਰਚ ਦੇ ਨਿਸਚਿਤ ਕੀਤੇ ਗਏ ਭਾਅ ਤੋਂ ਵੀ ਵੱਧ ਮੁੱਲ ਮਿਲਿਆ ਹੈ, ਜਿਸ ਦਾ ਸਾਰੇ ਕਿਸਾਨਾਂ ਨੂੰ ਬਹੁਤ ਫ਼ਾਇਦਾ ਹੋਇਆ ਹੈ, ਜਦਕਿ ਇਸ ਤੋਂ ਪਹਿਲਾਂ ਮੁੱਲ ਘੱਟ ਮਿਲਣ ਕਰਕੇ ਮਿਰਚ ਦੀ ਫ਼ਸਲ ਸੁੱਟਣੀ ਵੀ ਪੈ ਜਾਂਦੀ ਸੀ।ਇਹ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਨਾਜ ਮੰਡੀ ਤਲਵੰਡੀ ਭਾਈ ਵਿਖੇ ਮਿਰਚਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਕੀਤਾ।ਇਸ ਮੌਕੇ ਫ਼ਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਰਜਨੀਸ਼ ਦਹੀਆ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ, ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਜੇਸ਼ ਧੀਮਾਨ, ਐੱਸਐੱਸਪੀ ਫਿਰੋਜ਼ਪੁਰ ਭੁਪਿੰਦਰ ਸਿੰਘ ਵੀ ਮੌਜੂਦ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਕਿਸਾਨਾਂ ਨਾਲ ਖਾਸਕਰ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਭਲਾਈ ਲਈ ਹਰ ਲੋੜੀਂਦਾ ਕਦਮ ਚੁੱਕ ਰਹੀ ਹੈ ਤੇ ਹਮੇਸ਼ਾ ਆਪਣੇ ਕਿਸਾਨ ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ।ਉਨ੍ਹਾਂ ਨੇ ਮਿਰਚਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਹੋਰਨਾਂ ਕਿਸਾਨਾਂ ਨੂੰ ਵੀ ਇਨ੍ਹਾਂ ਤੋਂ ਸੇਧ ਲੈ ਕੇ ਫਸਲੀ ਵਿਭਿੰਨਤਾ ਲਿਆਉਣ ਲਈ ਪ੍ਰੇਰਤ ਕੀਤਾ। ਇਸ ਦੌਰਾਨ ਉਨ੍ਹਾਂ ਕਿਸਾਨਾਂ ਦੀ ਮੰਗ ਤੇ ਬੋਲਦਿਆਂ ਕਿਹਾ ਕਿ ਜਲਦੀ ਹੀ ਮਿਰਚਾਂ ਤੋਂ ਪੇਸਟ ਤਿਆਰ ਕਰਨ ਸਬੰਧੀ ਪਲਾਂਟ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਲਾਇਆ ਜਾਵੇਗਾ, ਜਿਸ ਸਬੰਧੀ ਰੂਪ ਰੇਖਾ ਤਿਆਰ ਕਰਨ ਲਈ ਕਿਹਾ ਗਿਆ ਹੈ ਇਸ ਮੌਕੇ ਪੀਆਰਓ/ਸਪੀਕਰ ਮਨਪ੍ਰੀਤ ਸਿੰਘ, ਅਮਨਦੀਪ ਸਿੰਘ ਪੀਏ, ਤਹਿਸੀਲਦਾਰ ਫ਼ਿਰੋਜ਼ਪੁਰ ਸੁਖਬੀਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਚੰਡੀਗੜ੍ਹ ਹੈੱਡਕੁਆਰਟਰ ਅਤੇ ਐੱਫ ਐੱਸ ਐੱਸ ਆਈ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਵੱਲੋਂ ਲੋਕਾਂ ਦੇ ਸਿਹਤ ਦੇ ਮੱਦੇਨਜ਼ਰ ਖਾਣ-ਪੀਣ ਵਾਲੀਆਂ ਵਸਤਾਂ ਦੀ ਜਾਂਚ ਕਰ ਉਨ੍ਹਾਂ ਦੇ ਸੈਂਪਲ ਭਰੇ ਜਾ ਰਹੇ ਹਨ। ਅੱਜ ਮਾਛੀਵਾੜਾ ਸ਼ਹਿਰ ਵਿਖੇ ਪੁੱਜੇ ਫੂਡ ਸੇਫ਼ਟੀ ਅਫ਼ਸਰ ਚਰਨਜੀਤ ਸਿੰਘ ਵੱਲੋਂ ਮਠਿਆਈ ਵਿਕ੍ਰੇਤਾਵਾਂ, ਕਰਿਆਨਾ ਅਤੇ ਫ਼ਲਾਂ, ਸਬਜ਼ੀਆਂ ਦੀਆਂ ਦੁਕਾਨਾਂ 'ਤੇ ਜਾ ਕੇ ਖਾਣ-ਪੀਣ ਵਾਲੀਆਂ ਵਸਤਾਂ ਦੀ ਜਾਂਚ ਕਰਨ ਉਪਰੰਤ ਉਨ੍ਹਾਂ ਦੇ ਸੈਂਪਲ ਲਏ ਗਏ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਫੂਡ ਸੇਫਟੀ ਅਫ਼ਸਰ ਚਰਨਜੀਤ ਸਿੰਘ ਨੇ ਦੱਸਿਆ ਕਿ ਬਹੁਤ ਸਾਰੇ ਦੁਕਾਨਦਾਰ ਖਾਣ-ਪੀਣ ਵਾਲੀਆਂ ਵਸਤਾਂ 'ਚ ਮਿਲਾਵਟਖੋਰੀ ਕਰਦੇ ਹਨ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਨੁਕਸਾਨਦੇਹ ਹੈ।

ਉਨ੍ਹਾ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸੂਬੇ 'ਚ ਵੱਖ-ਵੱਖ ਟੀਮਾਂ ਦਾ ਗਠਨ ਕਰ ਅਚਨਚੇਤ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਲੋਕਾਂ ਦੀ ਸਿਹਤ ਨਾਲ ਹੁੰਦੇ ਖਿਲਵਾੜ ਨੂੰ ਰੋਕਿਆ ਜਾ ਸਕੇ। ਉਨ੍ਹਾ ਕਿਹਾ ਕਿ ਜੇਕਰ ਕੋਈ ਵੀ ਦੁਕਾਨਦਾਰ ਮਿਲਾਵਟਖੋਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟੀਮ ਵੱਲੋਂ ਅੱਜ ਰਸਗੁੱਲੇ, ਗੁਲਾਬ ਜਾਮੁਨ ਅਤੇ ਹੋਰ ਦੁੱਧ ਤੋਂ ਬਣਨ ਵਾਲੀਆਂ ਮਠਿਆਈਆਂ ਸੈਂਪਲ ਵੀ ਭਰੇ ਗਏ ਜੋ ਮੌਕੇ 'ਤੇ ਜਾਂਚ ਕਰਨ ਤੋਂ ਬਾਅਦ ਸਹੀ ਪਾਏ ਗਏ।

ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦਾ ਵਫ਼ਦ ਡੀ ਸੀ ਨੂੰ ਮਿਲਿਆ

ਸੰਗਰੂਰ (ਪ੍ਰਵੀਨ ਸਿੰਘ)-ਵੱਖ-ਵੱਖ ਸਰਕਾਰੀ, ਅਰਧ-ਸਰਕਾਰੀ ਵਿਭਾਗਾਂ ਅਤੇ ਬੈਂਕਾਂ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ, ਸਮਾਜ ਸੇਵੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ (ਰਜਿ.) ਸੰਗਰੂਰ ਦੇ ਅਹੁਦੇਦਾਰਾਂ ਦਾ ਇੱਕ ਭਰਵਾਂ ਵਫ਼ਦ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਵਿਖੇ ਬਰਜੀਤ ਵਾਲੀਆ ਡਿਪਟੀ ਕਮਿਸ਼ਨਰ ਨੂੰ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ, ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਜਨਰਲ ਸਕੱਤਰ ਕੰਵਲਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਕਰਨੈਲ ਸਿੰਘ ਸੇਖੋਂ, ਓ.ਪੀ. ਖਿੱਪਲ, ਕਿਸ਼ੋਰੀ ਲਾਲ, ਡਾ. ਮਨਮੋਹਨ ਸਿੰਘ, ਜਗਦੀਸ਼ ਕਾਲੜਾ, ਮੀਤ ਪ੍ਰਧਾਨ ਰਜਿੰਦਰ ਕੁਮਾਰ ਗੋਇਲ, ਰਾਜ ਕੁਮਾਰ ਬਾਂਸਲ, ਮਾਸਟਰ ਰਾਮ ਸਰੂਪ ਅਲੀਸ਼ੇਰ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ ਅਤੇ ਕਰਨੈਲ ਸਿੰਘ ਸੇਖੋਂ, ਜਸਵੰਤ ਸਿੰਘ ਦੀ ਅਗਵਾਈ ਵਿੱਚ ਮਿਲਿਆ। ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਬਰਜੀਤ ਵਾਲੀਆ ਦੇ ਧਿਆਨ ਵਿੱਚ ਲਿਆਂਦਾ ਕਿ ਐਸੋਸੀਏਸ਼ਨ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕੰਮ ਕਰ ਰਹੀ ਹੈ। ਸਮੇਂ-ਸਮੇਂ ਤੋਂ ਬਜ਼ੁਰਗਾਂ ਦੇ ਮਨੋਰੰਜਨ ਲਈ ਸੱਭਿਆਚਾਰਕ ਸਮਾਗਮ, ਨਰੋਈ ਸਿਹਤ ਲਈ ਸਿਹਤ ਸੈਮੀਨਾਰ ਆਦਿ ਲਗਵਾਏ ਜਾਂਦੇ ਹਨ। ਧਾਰਮਕ ਅਤੇ ਸਮਾਜਕ ਸਮਾਗਮ ਕਰਕੇ ਆਪਸੀ ਪਿਆਰ, ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਏ ਜਾਂਦੇ ਹਨ। ਸਿਹਤ ਅਤੇ ਸਿੱਖਿਆ ਲਈ ਵੀ ਉਪਰਾਲੇ ਕੀਤੇ ਜਾਂਦੇ ਹਨ। ਐਸੋਸੀਏਸ਼ਨ ਦੇ ਵਫ਼ਦ ਵੱਲੋਂ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਰਜਿਸਟਰਡ ਹੋਣ ਸੰਬੰਧੀ ਪੱਤਰ ਵੀ ਵਾਲੀਆ ਨੂੰ ਸੌਂਪਿਆ ਅਤੇ ਮੰਗ ਕੀਤੀ ਕਿ ਇਸ ਪੱਤਰ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕੂਲੇਟ ਕਰਦੇ ਹੋਏ ਲਿਖਿਆ ਜਾਵੇ ਕਿ ਇਹ ਐਸੋਸੀਏਸ਼ਨ ਜੋ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਮਾਜ ਸੇਵੀ ਕੰਮਾਂ ਅਤੇ ਅਮਨ ਸ਼ਾਂਤੀ ਦੇ ਕੰਮਾਂ ਵਿੱਚ ਸਹਿਯੋਗ ਦਿੰਦੀ ਹੈ। ਇਸ ਸੰਸਥਾ ਦੇ ਨੁਮਾਇੰਦਿਆਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇ। ਅਰੋੜਾ ਨੇ ਦੱਸਿਆ ਕਿ ਐਸੋਸੀਏਸ਼ਨ ਦੀ ਇੱਕ ਅਹਿਮ ਇੱਕਤਰਤਾ 27 ਮਈ ਦਿਨ ਸ਼ਨੀਵਾਰ ਨੂੰ ਸਵੇਰੇ 10:30 ਵਜੇ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਹੋਵੇਗੀ, ਜਿਸ ਵਿੱਚ ਸੱਭਿਆਚਾਰਕ ਤੇ ਸਨਮਾਨ ਸਮਾਰੋਹ ਸਮਾਗਮ ਕੀਤਾ ਜਾਵੇਗਾ। ਇਸ ਮੌਕੇ ਜਸਵੰਤ ਸਿੰਘ ਭੁੱਲਰ, ਪਵਨ ਕੁਮਾਰ ਸ਼ਰਮਾ, ਤਿਲਕ ਰਾਜ ਸਤੀਜਾ, ਜਨਕ ਰਾਜ ਜੋਸ਼ੀ, ਅਸ਼ੋਕ ਕੁਮਾਰ ਡੱਲਾ, ਮਹੇਸ਼ ਜੌਹਰ ਆਦਿ ਮੌਜੂਦ ਸਨ।

CMYK

26-May-PAGE-11-Majha-23.qxd 5/25/2023 10:45 PM Page 1

ਰਾਕਸਾ ਵੱਲੋਂ ਸਕਿਊਰਟੀ ਗਾਰਡ ਦੀ ਭਰਤੀ ਲਈ ਇੰਟਰਵਿਊ ਅੱਜ

ਗੁਰਦਾਸਪੁਰ, ਮਈ (ਜਨਕ ਮਹਾਜਨ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸੇ ਲੜੀ ਤਹਿਤ 26 ਮਈ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਰਾਕਸਾ ਸਕਿਊਰਿਟੀ ਪ੍ਰਾਈਵੇਟ ਲਿਮ: ਕੰਪਨੀ ਵੱਲੋਂ ਸਕਿਊਰਟੀ ਗਾਰਡ ਦੀ ਅਸਾਮੀ ਲਈ ਇੰਟਰਵਿਊ ਕੀਤੀ ਜਾਣੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਸਕਿਊਰਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ, ਉਮਰ 18 ਤੋਂ 37 ਸਾਲ, ਕੱਦ 167 ਸੈ:ਮੀ ਅਤੇ ਭਾਰ 50 ਕਿਲੋ ਤੋਂ ਉਪਰ ਹੋਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਕੰਪਨੀ ਵੱਲੋਂ ਚੁਣੇ ਗਏ ਪ੍ਰਾਰਥੀਆਂ ਨੂੰ 35 ਦਿਨਾਂ ਦੀ ਆਫ-ਲਾਈਨ ਟ੍ਰੇਨਿੰਗ ਦਿੱਤੀ ਜਾਵੇਗੀ। ਟ੍ਰੇਨਿੰਗ ਮੁਕੰਮਲ ਹੋਣ ਤੋਂ ਬਾਅਦ 14000 ਤੋਂ 15000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕੰਪਨੀ ਵੱਲੋਂ ਫੰਡ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਵੱਖ-ਵੱਖ ਏਅਰਪੋਰਟ, ਮਲਟੀਨੈਸ਼ਨਲ ਕੰਪਨੀਆਂ ਆਦਿ ਵਿੱਚ ਜਾਬ ਮੁਹੱਈਆ ਕਰਵਾਈ ਜਾਂਦੀ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਮਿਤੀ 26 ਮਈ ਨੂੰ ਆਪਣੇ ਅਸਲ ਦਸਤਾਵੇਜ਼ ਦੀਆਂ ਕਾਪੀਆਂ, ਆਧਾਰ ਕਾਰਡ ਤੇ ਰੀਜ਼ੂਮ (ਸੀ ਵੀ) ਸਮੇਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਬੀ, ਕਮਰਾ ਨੰ: 217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਵੇਰੇ 9:30 ਵਜੇ ਤੱਕ ਪਹੁੰਚਣ ਅਤੇ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਐੱਸ ਡੀ ਐੱਮ ਗੁਰਾਇਆ ਨੇ ਪਿੰਡ ਮਕੌੜਾ 'ਚ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

ਗੁਰਦਾਸਪੁਰ (ਜਨਕ ਮਹਾਜਨ)- ਐੱਸ ਡੀ ਐੱਮ ਦੀਨਾਨਗਰ ਪਰਮਪ੍ਰੀਤ ਸਿੰਘ ਗੁਰਾਇਆ ਵੱਲੋਂ ਅੱਜ ਦੀਨਾਨਗਰ ਤਹਿਸੀਲ ਦੇ ਪਿੰਡ ਮਕੌੜਾ ਵਿਖੇ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਅਧਿਕਾਰੀਆਂ ਵੱਲੋਂ ਸੁਣਿਆ ਗਿਆ ਅਤੇ ਉਨ੍ਹਾਂ ਦੇ ਹੱਲ ਦਾ ਸਥਾਨਕ ਨਿਵਾਸੀਆਂ ਨੂੰ ਭਰੋਸਾ ਦਿੱਤਾ।

ਐੱਸ ਡੀ ਐੱਮ ਪਰਮਪ੍ਰੀਤ ਸਿੰਘ ਗੁਰਾਇਆ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਬਿਨਾਂ ਦੇਰੀ ਅਤੇ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਉਨ੍ਹਾ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਦੀਨਾਨਗਰ ਤਹਿਸੀਲ ਦੇ ਪਿੰਡ ਮਕੌੜਾ ਵਿਖੇ 'ਜਨ ਸੁਣਵਾਈ ਕੈਂਪ' ਲਗਾਇਆ ਗਿਆ ਸੀ।

ਉਨ੍ਹਾ ਦੱਸਿਆ ਕਿ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦੇ ਸਮਾਂਬੱਧ ਹੱਲ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ। ਇਸ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਅਧਿਕਾਰੀਆਂ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਵੀ ਲਿਆ ਗਿਆ। ਇਸ ਕੈਂਪ ਦੌਰਾਨ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਤੇ ਬਾਸਮਤੀ ਦੀ ਕਾਸ਼ਤ ਲਈ ਪ੍ਰੇਰਿਆ ਗਿਆ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਜ਼ਮੀਨ ਹੇਠਲੇ ਦੀ ਵਰਤੋਂ ਬੜੇ ਹੀ ਸੰਜਮ ਨਾਲ ਕਰਨ ਲਈ ਕਿਹਾ।

ਬਾਸਮਤੀ ਚਾਵਲ ਦੇ 10 ਕੀਟਨਾਸ਼ਕਾਂ ਦੀ ਵਰਤੋਂ 'ਤੇ ਲਗਾਈ ਗਈ ਪਾਬੰਦੀ : ਡਿਪਟੀ ਕਮਿਸ਼ਨਰ

ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਨੇ ਬਾਸਮਤੀ ਦੇ ਚਾਵਲ ਦੇ ਨਿਰਯਾਤ ਵਿਚ ਰੁਕਾਵਟ ਪਾਉਣ ਵਾਲੇ ਕੁਝ ਕੀਟਨਾਸ਼ਕਾਂ ਦੀ ਵਿਕਰੀ, ਵੰਡ ਤੇ ਵਰਤੋਂ ਕਰਨ 'ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਉਨ੍ਹਾ ਕਿਹਾ ਕਿ ਇਹ ਨਿਰਦੇਸ਼ ਬਾਸਮਤੀ ਚਾਵਲ ਦੀ ਗੁਣਵੱਤਾ ਵਿਚ ਸੁਧਾਰ ਲਈ ਕਿਸਾਨਾਂ ਦੇ ਪੱਖ ਵਿਚ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਹ ਫੈਸਲਾ ਇਸ ਲਈ ਲਿਆ ਗਿਆ ਹੈ, ਕਿਉਂਕਿ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਬਾਸਮਤੀ ਚਾਵਲ ਉਤਪਾਦਕਾਂ ਦੇ ਹਿਤ ਵਿਚ ਨਹੀਂ ਹੈ। ਉਨ੍ਹਾ ਕਿਹਾ ਕਿ ਐਸੀਫੇਟ, ਕਲੋਰੋਪਾਇਰੀਫਾਸ, ਥਿਇਆਥਿਮੈਕਸਮ, ਕਾਰਬੈਂਡਾ ਜ਼ਿਮ, ਟ੍ਰਾਈਸਾਈਕਲਾ ਜੋਲ, ਬੁਪਰੋਫੇ ਜਿਨ, ਪ੍ਰੋਫੀਨੋਫੋਸ, ਪ੍ਰੋਪੀਕੋਨਾ ਜੋਲ, ਆਈਸੋਪ੍ਰੋਥਾਇਓਲੇਨ ਅਤੇ ਮੀਥਾਮੀਡੋਫੋਸ ਵਰਗੇ ਕੀਟਨਾਸ਼ਕਾਂ ਦੀ ਵਿਕਰੀ, ਭੰਡਾਰ, ਵੰਡ ਤੇ ਵਰਤੋਂ ਚਾਵਲ ਖਾਸ ਕਰਕੇ ਬਾਸਮਤੀ ਚਾਵਲ ਦੇ ਨਿਰਯਾਤ ਤੇ ਖਪਤ ਵਿਚ ਸੰਭਾਵੀ ਰੁਕਾਵਟਾਂ ਬਣ ਰਹੀਆਂ ਸਨ। ਉਨ੍ਹਾ ਕਿਹਾ ਕਿ ਉਪਰੋਕਤ ਕੀਟਨਾਸ਼ਕਾਂ 'ਤੇ ਪੰਜਾਬ ਵਿਚ ਅਗਲੇ 2 ਮਹੀਨਿਆਂ ਦੀ ਮਿਆਦ ਲਈ ਪਾਬੰਦੀ ਲਗਾਈ ਗਈ ਹੈ, ਤਾਂ ਜੋ ਵਧੀਆ ਗੁਣਵੱਤਾ ਵਾਲੇ ਬਾਸਮਤੀ ਚਾਵਲ ਪੈਦਾ ਕੀਤੇ ਜਾ ਸਕਣ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਪਾਬੰਦੀਸ਼ੁਦਾ ਕੀਟ ਨਾਸ਼ਕਾਂ ਦੀ ਵਰਤੋਂ ਨਾ ਕਰਨ ਬਲਕਿ ਇਨ੍ਹਾਂ ਦੀ ਥਾਂ 'ਤੇ ਖੇਤੀ ਮਾਹਰਾਂ ਵੱਲੋਂ ਸਿਫ਼ਾਰਸ਼ਸ਼ੁਦਾ ਦਵਾਈਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਜਿਹੜਾ ਵੀ ਦੁਕਾਨਦਾਰ ਇਹ ਪਾਬੰਦੀਸ਼ੁਦਾ ਕੀਟਨਾਸ਼ਕ ਵੇਚੇਗਾ ਉਸ ਖਿਲਾਫ ਕੀਤੀਆਂ ਹਦਾਇਤਾਂ ਦੀ ਉਲੰਘਣਾ ਤਹਿਤ ਤਿੰਨ ਸਾਲ ਦੀ ਕੈਦ ਅਤੇ 75 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਸ਼੍ਰੋਮਣੀ ਕਮੇਟੀ ਦਾ ਵਫ਼ਦ 29 ਨੂੰ ਦਿੱਲੀ 'ਚ ਪਹਿਲਵਾਨਾਂ ਦੀ ਕਰੇਗਾ ਹਮਾਇਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਦਿੱਲੀ ਦੇ ਜੰਤਰ ਮੰਤਰ ਵਿਖੇ ਸੰਘਰਸ਼ ਕਰ ਰਹੇ ਉਲੰਪੀਅਨ ਪਹਿਲਵਾਨਾਂ ਦੇ ਸਮਰਥਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫ਼ਦ 29 ਮਈ ਨੂੰ ਦਿੱਲੀ ਜਾਵੇਗਾ।

ਇਸ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਸ਼ਾਮਲ ਹੋਣਗੇ।

ਵਫ਼ਦ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸੰਘਰਸ਼ੀ ਪਹਿਲਵਾਨਾਂ ਦੀ ਹਮਾਇਤ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਜੰਤਰ ਮੰਤਰ ਦਿੱਲੀ ਵਿਖੇ ਜਾਣਗੇ। ਉਨ੍ਹਾ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹੱਕ ਸੱਚ ਲਈ ਲੜਨ ਵਾਲਿਆਂ ਨਾਲ ਹਮੇਸ਼ਾ ਖੜ੍ਹਦੀ ਆਈ ਹੈ ਅਤੇ ਖੜ੍ਹਦੀ ਰਹੇਗੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪਵਿੱਤਰ ਚਰਨ ਪਾਉਣ ਦੀ ਖੁਸ਼ੀ 'ਚ ਸਾਲਾਨਾ ਜੋੜ ਮੇਲਾ

ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)-ਨਗਰ ਸੁਰਸਿੰਘ ਗੁਰਦੁਆਰਾ ਪਾਤਸ਼ਾਹੀ ਛੇਵੀਂ ਦਾ ਸਾਲਾਨਾ ਜੋੜ ਮੇਲਾ 23-24 ਮਈ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ, ਇਲਾਕਾ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ 12ਵੇਂ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

21 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਜਿਨਾਂ ਦੇ 23 ਮਈ ਨੂੰ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਹਾਲ ਵਿੱਚ ਭਾਰੀ ਦੀਵਾਨ ਸਜਾਏ ਗਏ, ਜਿਸ ਵਿੱਚ ਪੰਥਕ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ,ਕਵੀਸ਼ਰਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। 24 ਮਈ ਨੂੰ ਦੀਵਾਨ ਸਜਾਏ ਗਏ। ਜਿਸ ਵਿੱਚ ਧਾਰਮਕ, ਪੰਥਕ ਹਸਤੀਆਂ, ਢਾਡੀ ਕਵੀਸ਼ਰਾ ਤੇ ਬੁਲਾਰਿਆਂ ਨੇ ਬਹਾਦਰ ਬਾਬਾ ਬਿਧੀ ਚੰਦ ਦੇ ਜੀਵਨ ਨੂੰ ਸਮਰਪਤ ਤੇ ਇਤਿਹਾਸਕ ਨਗਰ ਸੁਰਸਿੰਘ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨ ਪਾਉਣ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਸਿੱਖ ਕੌਮ ਦੇ ਆਗੂ ਸੰਤ ਮਹਾਪੁਰਸ਼ ਨਿਰਮਲੀਏ ਤੇ ਹੋਰ ਧਾਰਮਕ ਹਸਤੀਆਂ ਨੇ ਦੋਵੇਂ ਦਿਨ ਹਾਜ਼ਰੀ ਭਰੀ। ਸ਼ਾਮ ਦੇ ਟਾਈਮ ਕਬੱਡੀ ਮੈਚ ਕਰਾਏ ਗਏ ਤੇ ਜਿੱਤਣ ਵਾਲੀਆਂ ਟੀਮਾਂ ਨੂੰ ਇਨਾਮ ਦਿੱਤੇ ਗਏ। ਦਲ ਬਾਬਾ ਬਿਧੀ ਚੰਦ ਦੇ ਦਲ ਪੰਥ ਵੱਲੋਂ ਮਹੱਲਾ ਵੀ ਕੱਢਿਆ ਗਿਆ। ਜਿਸ ਵਿੱਚ ਘੋੜ ਦੌੜ, ਨੇਜਾਬਾਜ਼ੀ ਦੇ ਨਿਹੰਗ ਸਿੰਘਾ ਵੱਲੋਂ ਵੱਖ ਵੱਖ ਤਰ੍ਹਜ ਦੇ ਕਰਤੱਬ ਦਿਖਾਏ ਗਏ। ਇਸ ਮੌਕੇ ਬਾਬਾ ਜੀ ਤੋਂ ਇਲਾਵਾ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ ਤੇ ਹੋਰ ਸਿੱਖ ਸੇਵਾਦਾਰ ਸੰਗਤਾਂ ਹਾਜ਼ਰ ਸਨ।

ਕਲਾਨੌਰ ਸਰਕਾਰੀ ਸਕੂਲ ਦੀ ਮਹਿਕਦੀਪ ਕੌਰ ਨੇ ਮੈਰਿਟ 'ਚ ਕੀਤਾ 14 ਵਾਂ ਸਥਾਨ ਹਾਸਲ

ਕਲਾਨੌਰ (ਮਨਦੀਪ ਕੁਮਾਰ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਲਾਨੌਰ ਦੀ ਹੋਣਹਾਰ ਵਿਦਿਆਰਥਣ ਮਹਿਕਦੀਪ ਕੌਰ ਪੁੱਤਰੀ ਸੁਖਜੀਤ ਸਿੰਘ/ਦਲਜੀਤ ਕੌਰ ਵਾਸੀ ਪਿੰਡ ਮੁਸਤਫਾਪੁਰ ਨੇ ਬਾਰ੍ਹਵੀਂ ਸ਼੍ਰੇਣੀ ਦੇ ਹਿਊਮੈਨਿਟੀਜ਼ ਗਰੁੱਪ ਵਿੱਚੋਂ ਸਟੇਟ ਪੱਧਰੀ ਮੈਰਿਟ ਸੂਚੀ ਵਿੱਚ 14 ਵਾਂ ਸਥਾਨ ਹਾਸਲ ਕਰਕੇ ਆਪਣਾ, ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਬੇਟੀ ਮਹਿਕਦੀਪ ਨੇ ਕੁੱਲ 500 ਅੰਕਾਂ ਵਿੱਚੋਂ 486 ਅੰਕ ਪ੍ਰਾਪਤ ਕੀਤੇ। ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਲਾਨੌਰ ਦੇ ਵਿਸ਼ਾਲ ਵਿਹੜੇ ਵਿੱਚ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਕੂਲ ਦੇ ਕਾਰਜਕਾਰੀ ਪ੍ਰਿੰ. ਗੁਰਮਨਜੀਤ ਕੌਰ ਸਮੇਤ ਸਮੂਹ ਸਟਾਫ ਨੇ ਮਹਿਕਦੀਪ ਕੌਰ ਤੇ ਉਸ ਦੇ ਮਾਤਾ ਪਿਤਾ ਨੂੰ ਇੱਕ ਮੋਮੈਂਟੋ ਤੇ 2100 ਰੁ. ਦੀ ਰਾਸ਼ੀ ਨਾਲ ਸਨਮਾਨਤ ਕੀਤਾ। ਇਸ ਮੌਕੇ ਮੈਡਮ ਗੁਰਮਨਜੀਤ ਕੌਰ, ਲੈਕਚਰਾਰ ਉਪਕਾਰ ਸਿੰਘ, ਰਜਵੰਤ ਸਿੰਘ, ਬਲਵੰਤ ਸਿੰਘ, ਮਨੋਹਰ ਲਾਲ, ਗੁਰਮੀਤ ਸਿੰਘ ਬਾਜਵਾ ਸਟੇਟ ਐਵਾਰਡੀ, ਦਲਜੀਤ ਪਾਲ, ਸੰਜੀਵ ਕੁਮਾਰ ਤੁੱਲੀ ਇੰਟਰਨੈਸ਼ਨਲ ਐਵਾਰਡੀ ਨੇ ਮਹਿਕਦੀਪ ਕੌਰ ਨੂੰ ਵਧਾਈ ਦਿੰਦਿਆਂ ਚੰਗੇ ਭਵਿੱਖ ਦੀ ਕਾਮਨਾ ਕੀਤੀ ਅਤੇ ਉਚੇਰੀ ਸਿੱਖਿਆ ਗ੍ਰਹਿਣ ਕਰਨ ਸਮੇਂ ਹਰ ਤਰ੍ਹਾਂ ਦੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿਕਦੀਪ ਕੌਰ ਦੇ ਚਾਚਾ ਹਰਪਾਲ ਸਿੰਘ ਮੁਸਤਫਾਪੁਰ, ਲੈਕਚਰਾਰ ਸਤਬੀਰ ਸਿੰਘ, ਬਲਵਿੰਦਰ ਸਿੰਘ, ਸ਼ਸ਼ੀ ਕੁਮਾਰ, ਕੁਲਵਿੰਦਰ ਕੌਰ, ਕੰਵਲਜੀਤ ਕੌਰ, ਜੀਵਨ ਜੋਤੀ, ਰਵਿੰਦਰ ਕੌਰ, ਅਮਨਦੀਪ, ਗੁਰਪ੍ਰਦੀਪ ਸਿੰਘ, ਰਣਜੀਤ ਸਿੰਘ, ਪਲਵਿੰਦਰ ਸਿੰਘ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਰਮਨਦੀਪ ਕੌਰ, ਗੁਰਮੁਖ ਸਿੰਘ, ਜਰਨੈਲ ਸਿੰਘ ਸਮੇਤ ਸਮੂਹ ਸਟਾਫ ਹਾਜ਼ਰ ਸੀ।

ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਵਿਅਕਤੀ ਦੀ ਮੌਤ

ਮਜੀਠਾ (ਸੋਇਮ ਆਨੰਦ)-ਕਸਬਾ ਮਜੀਠਾ ਵਿਖੇ ਇੱਕ ਨੌਜਵਾਨ ਵੱਲੋਂ ਨਸ਼ੇ ਦੀ ਜ਼ਿਆਦਾ ਮਾਤਰਾ ਲੈਣ ਨਾਲ ਮੌਤ ਹੋਣ ਦਾ ਸਮਾਚਾਰ ਹੈ। ਮਿਲੀ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਉਰਫ ਹੈਪੀ ਪੁੱਤਰ ਜਸਵੰਤ ਰਾਏ ਵਾਸੀ ਕਸਬਾ ਮਜੀਠਾ ਜਿਹੜਾ ਕਿ ਨਸ਼ੇ ਵਗੈਰਾ ਕਰਨ ਦਾ ਆਦੀ ਸੀ, ਅੱਜ ਸਵੇਰੇ ਨਸ਼ੇ ਦੀ ਵੱਧ ਮਾਤਰਾ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਿਆ ਹੈ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਵੱਲੋਂ ਮਜੀਠਾ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼ਹਿਰ ਵਿਚ ਨਸ਼ਿਆਂ ਦਾ ਬਹੁਤ ਜ਼ਿਆਦਾ ਬੋਲਬਾਲਾ ਹੈ ਪਹਿਲਾਂ ਵੀ ਕਈ ਨੌਜਵਾਨ ਨਸ਼ੇ ਦੀ ਭੇਟ ਚੜ੍ਹ ਚੁੱਕੇ ਹਨ। ਪਰ ਪੁਲਸ ਪ੍ਰਸ਼ਾਸਨ ਵੱਲੋਂ ਇਨ੍ਹਾਂ ਨਸ਼ਾ ਤਸਕਰਾਂ ਖਿਲਾਫ ਕੋਈ ਠੋਸ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾ ਰਹੀ ।

ਦਹੇਜ ਖਾਤਰ ਵਿਆਹੁਤਾ ਨੂੰ ਤੰਗ ਪ੍ਰੇਸ਼ਾਨ ਕਰਨ 'ਤੇ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਦਹੇਜ ਦੀ ਖਾਤਰ ਇਕ ਵਿਆਹੁਤਾ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਸੰਬੰਧ ਵਿਚ ਇਕ ਵਿਅਕਤੀ ਖ਼ਿਲਾਫ਼ ਥਾਣਾ ਘੁੰਮਣ ਕਲਾਂ ਪੁਲਸ ਵੱਲੋਂ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਪੀੜਤਾ ਅਮਨਪ੍ਰੀਤ ਕੌਰ ਪੁੱਤਰੀ ਸਤਨਾਮ ਸਿੰਘ ਵਾਸੀ ਭੋਜਰਾਜ ਦੀ ਸ਼ਾਦੀ ਸਾਲ 2019 ਵਿਚ ਮਨਪ੍ਰੀਤ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਦਾਬਾਵਾਲੀ ਨਾਲ ਹੋਈ ਸੀ। ਪੀੜਤਾ ਦੇ ਬਿਆਨਾਂ ਅਨੁਸਾਰ ਸ਼ਾਦੀ ਦੇ ਬਾਅਦ ਉਸ ਦਾ ਪਤੀ ਕਾਰ ਦੀ ਮੰਗ ਕਰਦਾ ਸੀ ਅਤੇ ਪੀੜਤਾ ਨੂੰ ਪ੍ਰੇਸ਼ਾਨ ਕਰਦਾ ਸੀ। ਪੀੜਤਾ ਦੀ ਸ਼ਿਕਾਇਤ 'ਤੇ ਪੜਤਾਲ ਉਪ ਪੁਲਸ ਕਪਤਾਨ ਸਪੈਸ਼ਲ ਬਰਾਂਚ ਗੁਰਦਾਸਪੁਰ ਦੁਆਰਾ ਕਰਨ 'ਤੇ ਸ਼ਿਕਾਇਤ ਸਹੀ ਪਾਉਣ 'ਤੇ ਉਕਤ ਦੋਸ਼ੀ ਖਿਲਾਫ਼ ਥਾਣਾ ਘੁੰਮਣ ਵਿਖੇ ਧਾਰਾ 498 ਏ, 406 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਭਾਰੀ ਮੀਂਹ ਨੇ ਨਗਰ ਕੌਂਸਲ ਦੇ ਪ੍ਰਬੰਧਾਂ ਦੀ ਖੋਲ੍ਹੀ ਪੋਲ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ ਅੰਦਰ ਪਏ ਭਾਰੀ ਮੀਂਹ ਨੇ ਨਗਰ ਕੌਂਸਲ ਦੇ ਪ੍ਰਬੰਧਾਂ ਦੀ ਸ਼ਹਿਰ ਵਾਸੀਆਂ ਸਾਹਮਣੇ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਵਰਖਾ ਪੈਣ ਕਰਕੇ ਨਗਰ ਕੌਂਸਲ ਵੱਲੋਂ ਸੀਵਰੇਜ ਦਾ ਘਟੀਆ ਪ੍ਰਬੰਧ ਦਾ ਨਤੀਜਾ ਕਿ ਕੁਝ ਸੜਕਾਂ 'ਤੇ ਗੋਡੇ-ਗੋਡੇ ਪਾਣੀ ਖੜ੍ਹਾ ਰਹਿਣ ਕਰਕੇ ਰਾਹਗੀਰਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਸ਼ਹਿਰ ਵਾਸੀਆਂ ਨੇ ਦੱਸਿਆ ਕਿ ਸ਼ਹਿਰ ਅੰਦਰ ਨਾਲੀਆਂ ਦੀ ਚੌੜਾਈ ਘੱਟ ਹੋਣ ਕਰਕੇ ਵਰਖਾ ਦੇ ਦਿਨਾਂ ਵਿਚ ਪਾਣੀ ਸੜਕਾਂ 'ਤੇ ਖੜ੍ਹਾ ਹੋ ਜਾਂਦਾ ਹੈ ਜਿਸ ਵਿਚੋਂ ਲੰਘਣਾ ਔਖਾ ਹੋ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਨਾਲ ਗੰਦਗੀ ਵੀ ਫੈਲ ਜਾਂਦੀ ਹੈ ਜਿਸ ਨਾਲ ਸ਼ਹਿਰ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀ ਪੇਸ਼ ਆਉਂਦੀ ਹੈ। ਉਨ੍ਹਾਂ ਕਿਹਾ ਇਸ ਸਬੰਧੀ ਮਹਿਕਮਾ ਨਗਰ ਕੌਂਸਲ ਗੁਰਦਾਸਪੁਰ ਨੂੰ ਕਈ ਵਾਰ ਸ਼ਿਕਾਇਤਾਂ ਕਰਨ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਕੀਤਾ ਜਾਂਦਾ। ਲੋਕਾਂ ਨੇ ਪੰਜਾਬ ਦੇ ਸੀਵਰੇਜ ਤੇ ਵਾਟਰ ਸਪਲਾਈ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਸ਼ਹਿਰ ਵਿਚ ਗਲੀਆਂ, ਨਾਲੀਆਂ 'ਤੇ ਖੜ੍ਹਦੇ ਪਾਣੀ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਤਾਂ ਜੋ ਵਰਖਾ ਦੇ ਦਿਨਾਂ ਵਿਚ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

ਸਖੀ ਵਨ ਸਟੌਪ ਸੈਂਟਰ ਔਰਤਾਂ ਲਈ ਬਣਿਆ ਵੱਡਾ ਸਹਾਰਾ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਚੱਲ ਰਿਹਾ ਸਖੀ ਵਨ ਸਟੌਪ ਸੈਂਟਰ ਔਰਤਾਂ ਲਈ ਵੱਡਾ ਸਹਾਰਾ ਬਣ ਕੇ ਸਾਹਮਣੇ ਆਇਆ ਹੈ। ਇਸ ਸੈਂਟਰ ਵੱਲੋਂ ਹਿੰਸਾ ਤੋਂ ਪੀੜਤ ਔਰਤਾਂ ਨੂੰ ਡਾਕਟਰੀ, ਕਾਨੂੰਨੀ, ਪੁਲਸ ਅਤੇ ਕਾਊਂਸਲਿੰਗ ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ ਨੇ ਦੱਸਿਆ ਕਿ ਸਖੀ ਵਨ ਸਟੌਪ ਸੈਂਟਰ ਦਾ ਮੁੱਖ ਉਦੇਸ਼ ਪੀੜਤ ਔਰਤਾਂ ਨੂੰ ਜਿਥੇ ਸਹਾਰਾ ਦੇਣਾ ਹੈ, ਉਥੇ ਉਨ੍ਹਾਂ ਵਿੱਚ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਲਿਆਉਣਾ ਵੀ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ ਵਿਚ ਸਤੰਬਰ 2022 ਤੋਂ ਅਪ੍ਰੈਲ 2023 ਤੱਕ ਕੁੱਲ 122 ਕੇਸ ਆਏ ਸਨ, ਜਿਨ੍ਹਾਂ ਵਿੱਚੋਂ ਘਰੇਲੂ ਹਿੰਸਾ ਦੇ 73 ਕੇਸ, ਮਿਸਿੰਗ/ਅਗਵਾ ਦੇ 15, ਜਿਨਸੀ ਛੇੜਛਾੜ ਦੇ 15 ਆਦਿ ਕੇਸ ਦਰਜ ਕਰਕੇ ਉਨ੍ਹਾਂ ਦਾ ਨਿਪਟਾਰਾ ਕੀਤਾ ਗਿਆ ਹੈ। ਇਸ ਤੋਂ ਇਲਾਵਾ 20 ਕੇਸਾਂ ਵਿਚ ਔਰਤਾਂ ਨੂੰ ਸਖੀ ਵਨ ਸਟੌਪ ਸੈਂਟਰ ਵਿੱਚ ਸ਼ੈਲਟਰ ਦਿੱਤਾ ਗਿਆ ਹੈ। ਉਨ੍ਹਾ ਦੱਸਿਆ ਕਿ ਪ੍ਰਭਾਵਤ ਔਰਤਾਂ ਨੂੰ ਡਾਕਟਰੀ, ਕਾਨੂੰਨੀ, ਪੁਲਸ ਅਤੇ ਕਾਊਂਸਲਿੰਗ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਸਖੀ ਵਨ ਸਟੌਪ ਸੈਂਟਰ ਦਾ ਉਦੇਸ਼ ਪ੍ਰਾਈਵੇਟ ਅਤੇ ਜਨਤਕ ਥਾਵਾਂ 'ਤੇ ਪਰਵਾਰਕ, ਕਮਿਊਨਿਟੀ ਅਤੇ ਕੰਮ ਦੇ ਸਥਾਨਾਂ 'ਤੇ ਹਿੰਸਾ ਦੁਆਰਾ ਪ੍ਰਭਾਵਿਤ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਜਾਗਰੂਕ ਕਰਨਾ ਅਤੇ ਨਿਆਂ ਦਿਵਾਉਣਾ ਹੈ, ਇਸ ਲਈ ਸਖੀ ਵਨ ਸਟੌਪ ਸੈਂਟਰ ਵੱਲੋਂ ਜ਼ਿਲ੍ਹੇ ਵਿਚ ਵੱਖ-ਵੱਖ ਥਾਵਾਂ ਉਪਰ ਜਾਗਰੂਕਤਾ ਕੈਂਪ ਵੀ ਲਗਾਏ ਜਾ ਰਹੇ ਹਨ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੁਮਨਦੀਪ ਕੌਰ ਨੇ ਦੱਸਿਆ ਕਿ ਸਖੀ ਵਨ ਸਟੌਪ ਸੈਂਟਰ ਵੱਲੋਂ ਹਿੰਸਾ ਦੁਆਰਾ ਪ੍ਰਭਾਵਤ ਔਰਤਾਂ ਜੋ ਸਰੀਰਕ, ਭਾਵਨਾਤਮਕ, ਮਨੋਵਿਗਿਆਨਕ ਅਤੇ ਆਰਥਕ ਸ਼ੋਸ਼ਣ ਦਾ ਸਾਹਮਣਾ ਕਰ ਰਹੀਆਂ ਹਨ, ਉਨ੍ਹਾਂ ਨੂੰ ਐਮਰਜੈਂਸੀ ਸਹਾਇਤਾ, ਮੈਡੀਕਲ ਸਹਾਇਤਾ, ਕਾਨੂੰਨੀ ਸਹਾਇਤਾ, ਮਨੋਚਿਕਿਸਤਕ ਕੌਂਸਲਿੰਗ ਅਤੇ ਸ਼ਾਰਟ ਸਟੇਅ ਦੀਆਂ ਸਹੂਲਤਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਵਾਤਾਵਰਣ ਦਿਵਸ 'ਤੇ ਮੇਰੀ ਲਾਈਫ ਮੇਰਾ ਸਵੱਛ ਸ਼ਹਿਰ ਪ੍ਰੋਗਰਾਮ ਸ਼ੁਰੂ

ਬਟਾਲਾ, (ਤਰਲੋਕ ਬੱਗਾ)- ਨਗਰ ਨਿਗਮ ਬਟਾਲਾ ਵੱਲੋਂ ਵਾਤਾਵਰਣ ਦਿਵਸ 'ਤੇ ਮੇਰੀ ਲਾਈਫ ਮੇਰਾ ਸਵੱਛ ਸ਼ਹਿਰ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸ ਪ੍ਰੋਗਰਾਮ ਤਹਿਤ 3 ਆਰ ਆਰ ਸੈਂਟਰ ਬਣਾਏ ਗਏ ਹਨ। ਉਨ੍ਹਾ ਦੱਸਿਆ ਕਿ ਪਹਿਲਾ 3 ਆਰ ਆਰ ਸੈਂਟਰ ਨਗਰ ਨਿਗਮ ਬਟਾਲਾ, ਦੂਜਾ ਗੌਰਮਿੰਟ ਹਾਈ ਸਕੂਲ ਅਤੇ ਤੀਜਾ ਆਰੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਥਾਪਤ ਕੀਤੇ ਗਏ ਹਨ।

ਆਉਣ ਵਾਲੇ ਟਾਈਮ ਵਿੱਚ ਸਕੂਲਾਂ ਅਤੇ ਕਾਲਜਾਂ ਨਾਲ ਸੰਪਰਕ ਕਰਕੇ 3 ਆਰ ਆਰ ਸੈਂਟਰ ਖੋਲ੍ਹੇ ਜਾਣਗੇ। ਸ਼ਹਿਰ ਵਾਸੀ ਆਪਣੇ ਘਰਾਂ ਵਿੱਚ ਪਿਆ ਪੁਰਾਣਾ ਵਾਧੂ ਸਮਾਨ ਪੁਰਾਣੇ ਬੂਟ ,ਚੱਪਲਾਂ, ਕਿਤਾਬਾਂ, ਬੈਗ, ਬਿਜਲੀ ਉਪਰਕਣ, ਭਾਂਡੇ, ਖਿਡਾਉਣੇ ਆਦਿ ਇਨ੍ਹਾਂ ਸੈਂਟਰਾਂ ਵਿੱਚ ਜਾ ਕੇ ਜਮ੍ਹਾਂ ਕਰਵਾ ਸਕਦੇ ਹਨ, ਤਾਂ ਜੋ ਇਹ ਵਾਧੂ ਸਮਾਨ ਲੋੜਵੰਦ ਲੋਕਾਂ ਦੀ ਵਰਤੋਂ ਵਿੱਚ ਆ ਸਕੇ । ਲੋੜਵੰਦ ਵਿਆਕਤੀ ਇਸ ਸਮਾਨ ਨੂੰ ਆਪਣੀ ਜ਼ਰੂਰਤ ਅਨੁਸਾਰ 3 ਆਰ ਆਰ ਸੈਂਟਰ ਵਿੱਚੋਂ ਲੈ ਸਕਦੇ ਹਨ । ਇਸ ਮੌਕੇ ਸੁਪਰਡੈਂਟ ਨਿਰਮਲ ਸਿੰਘ ਨੇ ਦੱਸਿਆ ਕਿ ਵਾਤਾਵਰਣ ਦਿਵਸ 'ਤੇ ਜਿਥੇ ਅਸੀਂ ਇਸ ਮੁਹਿੰਮ ਨਾਲ ਜੁੜ ਕੇ ਗਰੀਬ/ਲੋੜਵੰਦ ਲੋਕਾਂ ਦੀ ਸੇਵਾ ਕਰਾਂਗੇ ਉਸ ਦੇ ਨਾਲ ਹੀ ਵਾਤਾਵਰਣ ਦੀ ਸਾਫ ਸਫਾਈ ਪ੍ਰਤੀ ਆਪਣਾ ਅਹਿਮ ਯੋਗਦਾਨ ਪਾਵਾਂਗੇ। ਨਗਰ ਨਿਗਮ ਬਟਾਲਾ ਦੀ ਟੀਮ ਵੱਲੋਂ ਸਕੂਲ ਕਾਲਜਾਂ ਵਿੱਚ ਵਿਦਿਆਰਥੀਆਂ ਦੇ 3 ਆਰ ਆਰ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ।

ਕ੍ਰੋਮਪਟਨ ਦਾ ਮਿੰਨੀ ਮਾਸਟਰ ਪਲੱਸ ਪੰਪ ਪਾਣੀ ਦੀ ਟੈਂਕੀ ਨੂੰ ਤੇਜ਼ੀ ਨਾਲ ਭਰਦਾ

ਜਲੰਧਰ: ਕ੍ਰੋਮਪਟਨ ਗ੍ਰੀਵਜ ਕੰਜ਼ਿਊਮਰ ਇਲੈਕਟ੍ਰੀਕਲਜ਼ ਲਿਮਟਿਡ, ਗੁਣਵੱਤਾ, ਭਰੋਸੇਯੋਗਤਾ ਅਤੇ ਨਵੀਨਤਾ ਦੇ ਆਪਣੇ ਮੁੱਖ ਸਿਧਾਂਤਾਂ ਦੇ ਨਾਲ ਇੱਕ ਭਰੋਸੇਯੋਗ ਬ੍ਰਾਂਡ ਨੇ ਵਿਲੱਖਣ ਹਾਈ ਫਲੋ ਮੈਕਸ ਤਕਨਾਲੋਜੀ ਨਾਲ ਲੈਸ ਆਪਣਾ ਮਿੰਨੀ ਮਾਸਟਰ ਪਲੱਸ ਪੰਪ ਲਾਂਚ ਕੀਤਾ ਹੈ।

ਕੰਪਨੀ ਦੇ ਇਸ ਫਲੈਗਸ਼ਿਪ ਉਤਪਾਦ ਵਿੱਚ ਕਈ ਨਵੀਨਤਾਕਾਰੀ ਵਿਸ਼ੇਸ਼ਤਾਵਾਂ ਹਨ ਅਤੇ ਇਹ ਪੰਪ ਪਾਣੀ ਨੂੰ ਪੰਪ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ, ਪਾਣੀ ਦੀ ਟੈਂਕੀ ਨੂੰ ਅੱਧੇ ਤੋਂ ਵੀ ਘੱਟ ਸਮੇਂ ਵਿੱਚ ਭਰਦਾ ਹੈ। ਇਸ ਮਹੱਤਵਪੂਰਨ ਉਤਪਾਦ 'ਤੇ ਟਿੱਪਣੀ ਕਰਦੇ ਹੋਏ, ਰਜਤ ਚੋਪੜਾ, ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ, ਕ੍ਰੋਮਪਟਨ ਗ੍ਰੀਵਜ਼ ਕੰਜ਼ਿਊਮਰ ਇਲੈਕਟ੍ਰੀਕਲਜ਼ ਲਿਮਟਿਡ ਨੇ ਕਿਹਾ, "ਕਰੋਮਪਟਨ ਨੇ ਲਗਾਤਾਰ ਉਪਭੋਗਤਾਵਾਂ ਨੂੰ ਨਵੀਨਤਾਕਾਰੀ ਉਤਪਾਦ ਪ੍ਰਦਾਨ ਕੀਤੇ ਹਨ ਜੋ ਉਨ੍ਹਾਂ ਦੇ ਜੀਵਨ ਨੂੰ ਮਹੱਤਵ ਦਿੰਦੇ ਹਨ। ਪੰਪ ਲੋਕਾਂ ਨੂੰ ਪਾਣੀ ਪਹੁੰਚਾਉਣ ਲਈ ਖਾਸ ਤੌਰ 'ਤੇ ਮਹੱਤਵਪੂਰਨ ਉਪਕਰਨ ਹੈ, ਜਿਸ ਨਾਲ ਲੋਕਾਂ ਨੂੰ ਪਾਣੀ ਦੀ ਨਿਰਵਿਘਨ ਸਪਲਾਈ ਹੋ ਸਕੇ ਅਤੇ ਉਨ੍ਹਾਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਹੋ ਸਕਣ। ਸਾਡੀ ਨਵੀਂ ਫਲੈਗਸ਼ਿਪ ਲੜੀ ਲੰਬੇ ਸਮੇਂ ਤੱਕ ਚੱਲਣ ਵਾਲੀ ਗੁਣਵੱਤਾ ਅਤੇ ਸਮਕਾਲੀ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ। ਸਾਡੀ ਕੋਸ਼ਿਸ਼ ਹੈ ਕਿ ਪੰਪ ਨੂੰ ਭਰਨ ਵਿੱਚ ਲੱਗੇ ਸਮੇਂ ਅਤੇ ਮਿਹਨਤ ਨੂੰ ਘਟਾਇਆ ਜਾਵੇ ਅਤੇ ਉਪਭੋਗਤਾ ਅਨੁਭਵ ਦੀ ਗੁਣਵੱਤਾ ਵਿੱਚ ਵਾਧਾ ਕੀਤਾ ਜਾਵੇ।"

ਨਵ-ਨਿਯੁਕਤ ਐੱਸ ਡੀ ਓ ਸਨਮਾਨਤ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ) - ਅੱਜ ਇੱਥੇ ਇੰਪਲਾਈਜ਼ ਫੈਡਰੇਸ਼ਨ (ਚਾਹਲ) ਪੰਜਾਬ ਰਾਜ ਬਿਜਲੀ ਬੋਰਡ ਦੇ ਆਗੂਆਂ ਤੇ ਵਰਕਰਾਂ ਵੱਲੋਂ ਪ੍ਰਧਾਨ ਰਣਜੀਤ ਸਿੰਘ ਅਜਨਾਲਾ ਦੀ ਅਗਵਾਈ 'ਚ ਪਾਵਰਕਾਮ ਉਪ ਮੰਡਲ ਦਫ਼ਤਰ ਅਜਨਾਲਾ ਵਿਖੇ ਨਵ-ਨਿਯੁਕਤ ਹੋਏ ਐੱਸ ਡੀ ਓ ਕੁਲਵਿੰਦਰ ਸਿੰਘ ਦਾ ਨਿੱਘਾ ਕਰਦਿਆਂ ਉਨ੍ਹਾ ਨੂੰ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ ਗਿਆ । ਇਸ ਮੌਕੇ ਪ੍ਰਧਾਨ ਰਣਜੀਤ ਸਿੰਘ ਅਜਨਾਲਾ ਦੱਸਿਆ ਕਿ ਕੁਲਵਿੰਦਰ ਸਿੰਘ ਇਸ ਤੋਂ ਪਹਿਲਾਂ ਸਬ ਡਵੀਜ਼ਨ ਜਸਤਰਵਾਲ ਵਿਖੇ ਬਤੌਰ ਐੱਸ ਡੀ ਓ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਸਮੇਂ ਹਰਜਿੰਦਰ ਸਿੰਘ ਨਿੱਕੋ, ਦਵਿੰਦਰ ਕੌਰ, ਸੁਖਮਨ ਕੌਰ, ਪ੍ਰਭਜੋਤ ਸਿੰਘ, ਸੁਖਵਿੰਦਰ ਸਿੰਘ, ਸਰਬਜੀਤ ਸਿੰਘ, ਰਾਕੇਸ਼ ਕੁਮਾਰ, ਸੰਦੀਪ ਕੁਮਾਰ ਆਦਿ ਹਾਜ਼ਰ ਸਨ ।

ਕਲਾਸਵਾਲਾ ਖਾਲਸਾ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਕਲਾਸਵਾਲਾ ਖਾਲਸਾ ਸਕੂਲ ਕਾਦੀਆਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਕ੍ਰਮਵਾਰ +2 ਸਾਇੰਸ ਗਰੁੱਪ ਵਿੱਚੋਂ ਰਵਨੀਤ ਕੌਰ ਨੇ 467(93.4%) ਅੰਕ ਲੈ ਕੇ ਪਹਿਲਾ, ਸੁੱਖਪ੍ਰੀਤ ਕੌਰ ਨੇ 461(92.2%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਆਂਚਲ ਨੇ 460(92%) ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਗਰੁੱਪ ਵਿੱਚੋਂ ਅਮਨਦੀਪ ਸਿੰਘ 460 (92%) ਅੰਕ ਲੈ ਕੇ ਪਹਿਲਾ, ਅਰਸ਼ਦੀਪ ਸਿੰਘ 457(91%) ਲੈ ਕੇ ਦੂਜਾ ਅਤੇ ਏਕਮਪ੍ਰੀਤ ਕੌਰ ਨੇ 452 (90%) ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ 'ਚੋਂ ਗੁਰਲੀਨ ਕੌਰ 440 (88%) ਅੰਕ ਲੈ ਕੇ ਪਹਿਲਾ, ਅਰਸ਼ਦੀਪ ਕੌਰ 439 (87.8%) ਅੰਕ ਲੈ ਕੇ ਦੂਜਾ ਅਤੇ ਕਾਜਲ 437 (87%)ਨੰਬਰ ਲੈ ਕੇ ਤੀਸਰੇ ਸਥਾਨ 'ਤੇ ਰਹੀ। ਪ੍ਰਿੰਸੀਪਲ ਸ਼ਾਲਿਨੀ ਦੱਤਾ ਅਤੇ ਸਕੂਲ ਮੈਨੇਜਮੈਂਟ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾ ਸਾਰੇ ਸਟਾਫ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਬੱਚਿਆਂ ਨੇ ਇਮਤਿਹਾਨਾਂ ਵਿਚ ਵਧੀਆ ਪ੍ਰਦਰਸ਼ਨ ਕੀਤਾ ।

ਡੇਰਾ ਬਾਬਾ ਨਾਨਕ ਵਿਖੇ ਲੰਗਰ ਭੰਡਾਰਾ ਲਗਵਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਕਸਬੇ ਦੇ ਮੁਹੱਲਾ ਫਤਿਹ ਸਿੰਘ ਨੇੜੇ ਪਾਣੀ ਵਾਲੀ ਟੈਂਕੀ ਵੈਸ਼ਨੋ ਭਜਨ ਮੰਡਲੀ ਵੱਲੋਂ ਹਰ ਸਾਲ ਦੀ ਤਰ੍ਹਾਂ 21ਵੇਂ ਸਾਲਾਨਾ ਜਗਰਾਤੇ ਮੌਕੇ ਲੰਗਰ ਭੰਡਾਰਾ ਲਗਵਾਇਆ ਗਿਆ । ਇਸ ਮੌਕੇ ਦੁਪਹਿਰ ਨੂੰ ਪ੍ਰਬੰਧਕਾਂ ਵੱਲੋਂ ਪੂੜੀਆਂ, ਖੀਰ, ਸਬਜ਼ੀ, ਆਦਿ ਦਾ ਸੰਗਤਾਂ ਲਈ ਲੰਗਰ ਲਗਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵੈਸ਼ਨੋ ਭਜਨ ਮੰਡਲੀ ਦੇ ਪ੍ਰਧਾਨ ਸੰਨੀ ਨੇ ਦੱਸਿਆ ਕਿ ਅੱਜ ਰਾਤ ਨੂੰ ਮਹਾਮਾਈ ਦੇ ਭਗਤ ਰਾਜ ਕੁਮਾਰ ਰੰਘੂ-ਵੰਸ਼ੀ ਅੰਮ੍ਰਿਤਸਰ ਵਾਲੇ ਆਪਣੀ ਸੁਰੀਲੀ ਆਵਾਜ਼ ਨਾਲ ਮਹਾਮਾਈ ਦੀਆਂ ਭੇਟਾ ਨਾਲ ਸੰਗਤਾ ਨੂੰ ਨਿਹਾਲ ਕਰਨਗੇ ।

ਇਸ ਮੌਕੇ ਹੀਰਾ ਫ਼ਤਹਿਗੜ੍ਹੀਆ ਗਰੁੱਪ ਵੱਲੋਂ ਵੱਖ-ਵੱਖ ਤਰਾ ਦੀਆਂ ਸੁੰਦਰ ਝਾਕੀਆਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

ਇਸ ਮੌਕੇ ਮਾਸਟਰ ਕੰਵਲਜੀਤ ਸਿੰਘ, ਵੈਸ਼ਨੋ ਭਜਨ ਮੰਡਲੀ ਦੇ ਪ੍ਰਧਾਨ ਸੰਨੀ, ਮਾਸਟਰ ਸੁਖਦੀਪ ਸਿੰਘ, ਦਲਜੀਤ ਸਿੰਘ , ਵਿੱਕੀ, ਕੁਲਵਿੰਦਰ ਸਿੰਘ, ਰੋਹਿਤ ਅੱਤਰੀ, ਰਜਿੰਦਰ ਕੁਮਾਰ ਆਜ਼ਾ, ਟਿੰਕੂ, ਰਾਜੂ, ਅੰਸ਼, ਹਰਮਨ, ਰੁਪਿੰਦਰ ਸਿੰਘ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਮੰਨੂ, ਗਗਨਦੀਪ ਸਿੰਘ, ਗੁਰਜੀਤ ਸਿੰਘ, ਬੰਟੀ, ਬੀਰ ਸਿੰਘ, ਪ੍ਰੇਮ, ਸੁਖਜੀਤ , ਪ੍ਰਿੰਸ ਪ੍ਰੂਨੀ, ਰਾਜਾ ਚੱਕੀ ਵਾਲਾ, ਅਖਿਲ ਥਾਪਾ, ਆਕਾਸ਼ ਸਿੱਧੂ, ਗੁਰਮੀਤ ਸਿੰਘ ਥਾਨੇਦਾਰ, ਰਾਜ ਕੁਮਾਰ, ਧੰਨਾ ਰਾਮ ਫੌਜੀ, ਹੀਰਾ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਵਿਧਾਇਕ ਰਮਦਾਸ ਵੱਲੋਂ ਸ਼ੀਤਾ ਕਲਾਂ ਵਿਖੇ ਸੋਲਰ ਲਾਈਟਾਂ ਤੇ ਸੀਵਰੇਜ ਦਾ ਉਦਘਾਟਨ

ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਪੰਜਾਬ ਸਰਕਾਰ ਸੂਬੇ ਦੇ ਵਿਕਾਸ ਅਤੇ ਖਾਸਕਰ ਪਿੰਡਾਂ ਨੂੰ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਕੇ ਪੰਜਾਬ ਵਾਸੀਆਂ ਨਾਲ ਕੀਤੇ ਵਾਅਦੇ ਨਿਭਾ ਰਹੀ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਅਟਾਰੀ ਦੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਪਿੰਡ ਸ਼ੀਤਾ ਕਲਾਂ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ। ਵਿਧਾਇਕ ਰਮਦਾਸ ਨੇ ਗੁਰਦੁਆਰਾ ਬਾਬਾ ਭੂਰੇ ਵਾਲਾ, ਸ਼ੀਤਾ ਕਲਾਂ ਤੋਂ ਪਿੰਡ ਸ਼ੀਤਾ ਕਲਾਂ ਤੱਕ 8 ਲੱਖ ਦੀ ਲਾਗਤ ਨਾਲ ਸੋਲਰ ਲਾਈਟਾਂ ਅਤੇ 4 ਲੱਖ ਦੀ ਲਾਗਤ ਨਾਲ ਤਿਆਰ ਕਰਵਾਏ ਗਏ ਸੀਵਰੇਜ ਦਾ ਉਦਘਾਟਨ ਕੀਤਾ। ਇਸ ਦੌਰਾਨ ਸਾਬਕਾ ਸਰਪੰਚ ਕਾਬਲ ਸਿੰਘ ਅਤੇ ਸਰਪੰਚ ਕੁਲਵੰਤ ਕੌਰ ਨੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਸੀਮਾ ਸੋਢੀ ਅਤੇ ਬੀ. ਡੀ.ਪੀ. ਓ. ਸੰਤੋਖ ਸਿੰਘ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਸੀਮਾ ਸੋਢੀ, ਬੀ. ਡੀ.ਪੀ. ਓ. ਸੰਤੋਖ ਸਿੰਘ, ਸਾਬਕਾ ਸਰਪੰਚ ਕਾਬਲ ਸਿੰਘ, ਬਾਬਾ ਬਿਕਰਮਜੀਤ ਸਿੰਘ, ਸਰਪੰਚ ਕੁਲਵੰਤ ਕੌਰ, ਬਲਾਕ ਪ੍ਰਧਾਨ ਲਵਪ੍ਰੀਤ ਸਿੰਘ, ਸੁਖਚੈਨ ਸਿੰਘ ਰਾਮਪੁਰਾ, ਕਸ਼ਮੀਰ ਸਿੰਘ, ਸਰਪੰਚ ਬੂਟਾ ਸਿੰਘ, ਜਗਜੀਤ ਸਿੰਘ ਕਾਲਾ, ਮਨਬੀਰ ਸਿੰਘ ਮਹਿਮਾ, ਕੁਲਵੰਤ ਸਿੰਘ ਮੈਂਬਰ, ਅਰਜਨ ਸਿੰਘ, ਹਰਭੈਲ ਸਿੰਘ, ਜਸਪਾਲ ਸਿੰਘ, ਹਰਦੀਪ ਸਿੰਘ, ਗੋਪਾਲ ਸਿੰਘ, ਮੁਕੰਦ ਸਿੰਘ, ਜੋਗਿੰਦਰ ਸਿੰਘ, ਸਰਪੰਚ ਕੁਲਦੀਪ ਸਿੰਘ, ਸਰਪੰਚ ਨਿਰਮਲ ਸਿੰਘ, ਗੋਰਾ ਸਿੰਘ, ਬਖਸ਼ੀਸ਼ ਸਿੰਘ, ਸੋਨੂੰ, ਸੁਖਜੀਤ ਸਿੰਘ ਸੋਨੀ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸੈਕਟਰੀ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਇਨਸੈਂਟਿਵ ਨਾ ਮਿਲਣ ਕਾਰਨ ਹੈਲਥ ਵਰਕਰ ਮੇਲ, ਫੀਮੇਲ ਤੇ ਆਸ਼ਾ ਵਰਕਰਜ਼ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)-ਪੀ.ਐਚ.ਸੀ. ਰਣਜੀਤ ਬਾਗ ਦੀ ਹੈਲਥ ਵਰਕਰ ਮੇਲ, ਫੀਮੇਲ ਅਤੇ ਆਸ਼ਾ ਵਰਕਰਾਂ ਨੂੰ ਪਿਛਲੇ 6-7 ਮਹੀਨਿਆਂ ਤੋਂ ਇਨਸੈਂਟਿਵ ਨਾ ਮਿਲਣ ਕਾਰਨ ਪ੍ਰੇਸ਼ਾਨੀ ਵਿਚੋਂ ਲੰਘਣਾ ਪੈ ਰਿਹਾ ਹੈ। ਕੁਝ ਮੁਲਾਜ਼ਮਾਂ ਨੇ ਆਪਣੇ ਨਾਂਅ ਗੁਪਤ ਰੱਖਣ ਦੀ ਸ਼ਰਤ ਵਿਚ ਦੱਸਿਆ ਕਿ ਉਨ੍ਹਾਂ ਵੱਲੋਂ ਭਰੇ ਗਏ ਪ੍ਰੋਫਾਰਮੇ 'ਤੇ ਮਿਲਣ ਵਾਲਾ ਇਨਸੈਂਟਿਵ ਪਿਛਲੇ 6-7 ਮਹੀਨਿਆਂ ਤੋਂ ਨਹੀਂ ਮਿਲ ਰਿਹਾ ਜਿਸ ਨੂੰ ਲੈ ਕੇ ਸਮੂਹ ਮੁਲਾਜ਼ਮਾਂ ਦਾ ਸੀਨੀਅਰ ਮੈਡੀਕਲ ਅਫ਼ਸਰ ਖਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸੰਬੰਧੀ ਬਹੁਤ ਜਲਦ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਮਿਲ ਕੇ ਸਮੱਸਿਆ ਤੋਂ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਬਜਟ ਹੋਣ ਦੇ ਬਾਵਜੂਦ ਲਗਭਗ ਅੱਧਾ ਮਹੀਨਾ ਬੀਤਣ ਤੋਂ ਬਾਅਦ ਹੀ ਉਨ੍ਹਾਂ ਨੂੰ ਤਨਖ਼ਾਹ ਮਿਲਦੀ ਹੈ। ਇਸ ਸੰਬੰਧੀ ਜਦੋਂ ਸੀਨੀਅਰ ਮੈਡੀਕਲ ਅਫ਼ਸਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਸਿੱਖਿਆ ਮੰਤਰੀ ਖਿਲਾਫ ਪੰਜਾਬ ਸੁਬਾਰਡੀਨੇਟ ਯੂਨੀਅਨ ਵੱਲੋਂ ਰੋਸ ਰੈਲੀ

ਪੱਟੀ, (ਬਲਦੇਵ ਸਿੰਘ ਕਿਰਤੋਵਾਲ /ਸਮਸੇਰ ਸਿੰਘ ਯੋਧਾ) -ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੀਟਿੰਗ ਦਾ ਸਮਾਂ ਤੈਅ ਕੀਤਾ ਗਿਆ। ਯੂਨੀਅਨ ਨੂੰ ਸਮਾ ਦੇ ਕੇ ਸਿੱਖਿਆ ਮੰਤਰੀ ਦੇ ਨਾ ਆਉਣ ਕਾਰਨ ਯੂਨੀਅਨ ਨੇ ਸਥਾਨਕ ਸ਼ਹਿਰ ਅੰਦਰ ਰੋਸ ਪ੍ਰਦਰਸ਼ਨ ਕੀਤਾ।

ਸਿੱਖਿਆ ਮੰਤਰੀ ਦੇ ਅੜੀਅਲ ਵਤੀਰੇ ਵਿਰੁੱਧ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੱਦੇ 'ਤੇ ਵੱਖ-ਵੱਖ ਮਹਿਕਮਿਆਂ ਦੇ ਮੁਲਾਜ਼ਮਾਂ ਨੇ ਹਿੱਸਾ ਲਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਮਿਡ ਡੇ ਮੀਲ ਵਰਕਰ ਸ਼ਾਮਲ ਸਨ।

ਮਿਡ-ਡੇਅ ਮੀਲ ਵਰਕਰਾਂ ਨੂੰ ਉਜਰਤਾਂ ਦੇ ਘੇਰੇ ਵਿੱਚ ਲਿਆ ਕੇ ਘੱਟੋ ਘੱਟ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਹਨਤਾਨਾ, ਵਰਕਰਾਂ ਦਾ 10 ਲੱਖ ਦਾ ਮੁਫਤ ਬੀਮਾ ਕੀਤਾ ਜਾਵੇ, ਠੰਢੀਆਂ ਗਰਮ ਵਰਦੀਆਂ ਦਿੱਤੀਆਂ ਜਾਣ। ਕੱਚੇ ਕਰਮਚਾਰੀ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਇਹ ਰੈਲੀ ਫੈਡਰੇਸ਼ਨ ਦੇ ਤਹਿਸੀਲ ਪ੍ਰਧਾਨ ਜੋਗਾ ਸਿੰਘ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਪੱਟੀ ਵਿਖੇ ਕੀਤੀ ਗਈ। ਜਿਸ ਨੂੰ ਮਿਡ ਡੇ ਮੀਲ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਜਸਬੀਰ ਕੌਰ ਰਜਨੀ, ਗੁਰਜੀਤ ਕੌਰ ਪੈਰਾ ਮੈਡੀਕਲ ਦੇ ਆਗੂ ਸਰਬਜੀਤ ਸਿੰਘ ਇਸਤਰੀ ਮੁਲਾਜ਼ਮ ਯੂਨੀਅਨ ਪੰਜਾਬ ਦੀ ਆਗੂ ਰਣਜੀਤ ਕੌਰ ਨੇ ਕਿਹਾ ਕਿ ਜੇ ਉਪਰੋਕਤ ਮੰਗਾਂ ਸਮਾਂ ਦੇ ਕੇ ਨਾ ਪ੍ਰਵਾਨ ਹੋਈਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਇਸਤਰੀ ਮੁਕਤੀ ਮੋਰਚਾ ਦੀ ਆਗੂ ਨਰਿੰਦਰ ਕੌਰ, ਪੈਨਸ਼ਨਰ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ ਜੰਡ, ਜਗਤਾਰ ਸਿੰਘ, ਰਾਜ ਸਿੰਘ ਨੇ ਸਿੱਖਿਆ ਮੰਤਰੀ ਵੱਲੋਂ ਜਥੇਬੰਦੀ ਨੂੰ ਸਮਾਂ ਦੇ ਕੇ ਨਾ ਮਿਲਣਾ ਜਥੇਬੰਦੀ ਦਾ ਨਿਰਾਦਰ ਹੈ। ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸੂਬਾ ਪ੍ਰਧਾਨ ਪ ਸ ਸ ਫ ਦੇ ਸਤੀਸ਼ ਰਾਣਾ ਇਸ ਨਾਲ ਡੈਪੂਟੇਸ਼ਨ ਨੂੰ ਨਾ ਮਿਲਣਾ ਜਥੇਬੰਦੀ ਨਿਰਾਦਰ ਦਾ ਹੈ। ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਚੀਮਾ ਗੁਰਨਾਮ ਸਿੰਘ, ਬੇਅੰਤ ਕੌਰ, ਸੁਖਦੇਵ ਸਿੰਘ, ਰਾਜ ਕੌਰ, ਸੁਖਵਿੰਦਰ ਕੌਰ, ਅਨੀਤਾ, ਗੁਰਮੀਤ ਕੌਰ, ਇੰਦਰਜੀਤ ਕੌਰ, ਲਖਵੀਰ ਕੌਰ ਅਤੇ ਪੰਜਾਬ ਮਜ਼ਦੂਰ ਨਿਰਮਾਣ ਯੂਨੀਅਨ ਦੇ ਜ਼ਿਲ੍ਹਾ ਧਰਮ ਸਿੰਘ ਪੱਟੀ ਆਦਿ ਹਾਜ਼ਰ ਸਨ।

ਅਧਾਰ ਕਾਰਡ ਧਾਰਕਾਂ ਨੂੰ ਅਧਾਰ ਕਾਰਡ ਮੁੜ ਤੋਂ ਪ੍ਰਮਾਣਿਤ ਕਰਵਾਉਣ ਲਈ ਅਪੀਲ

ਗੁਰਦਾਸਪੁਰ (ਜਨਕ ਮਹਾਜਨ) : ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਅਧਾਰ ਕਾਰਡ ਧਾਰਕਾਂ ਨੂੰ ਪਛਾਣ ਦੇ ਸਬੂਤਾਂ ਅਤੇ ਨਵੀਨਤਮ ਪਤੇ ਦੇ ਸਬੂਤਾਂ ਨਾਲ ਸੰਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣਾ ਅਧਾਰ ਕਾਰਡ ਮੁੜ ਤੋਂ ਪ੍ਰਮਾਣਿਤ ਕਰਵਾਉਣ ਲਈ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਇਸ ਨਾਲ ਆਧਾਰ ਕਾਰਡ ਨੂੰ ਹੋਰ ਮਜ਼ਬੂਤ ਪਛਾਣ ਦਸਤਾਵੇਜ਼ ਬਣਾਇਆ ਜਾ ਸਕਦਾ ਹੈ, ਜਿਸ ਲਈ ਸਰਕਾਰ ਵੱਲੋਂ ਅਧਾਰ ਕਾਰਡ ਨੂੰ ਅਪਡੇਟ ਕਰਨ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯੂ.ਆਈ.ਡੀ.ਏ.ਆਈ. ਨੇ ਅਧਾਰ ਕਾਰਡ ਨਾਲ ਨਵੇਂ ਪਛਾਣ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਲਈ ਆਪਸ਼ਨ ਵੀ ਮੁਹੱਈਆ ਕਰਵਾਈ ਹੈ। 'ਮਾਈ ਆਧਾਰ ਪੋਰਟਲ' ਜਾਂ ਨੇੜੇ ਦੇ ਆਧਾਰ ਇਨਰੋਲਮੈਂਟ ਕੇਂਦਰਾਂ ਜ਼ਰੀਏ ਇਨ੍ਹਾਂ ਦਸਤਾਵੇਜ਼ਾਂ ਨੂੰ ਅਪਲੋਡ ਕੀਤਾ ਜਾ ਸਕਦਾ ਹੈ। ਉਨ੍ਹਾ ਦੱਸਿਆ ਕਿ ਜਿਹੜੇ ਨਾਗਰਿਕਾਂ ਨੇ ਪਿਛਲੇ 8 ਤੋਂ 10 ਸਾਲਾਂ ਦਰਮਿਆਨ ਆਪਣੇ ਅਧਾਰ ਕਾਰਡ ਵਿੱਚ ਕੋਈ ਵੀ ਅਪਡੇਸ਼ਨ ਨਹੀਂ ਕਰਵਾਈ ਜਾਂ ਉਨ੍ਹਾਂ ਦਾ ਪਤਾ ਬਦਲ ਗਿਆ ਹੈ, ਉਹ ਅਪਡੇਸ਼ਨ ਕਰਵਾਉਣ ਨੂੰ ਯਕੀਨੀ ਬਣਾਉਣ। ਜੇਕਰ ਮੋਬਾਇਲ ਨੰਬਰ ਆਧਾਰ ਕਾਰਡ ਰਜਿਸਟਰਡ ਹੈ ਤਾਂ ਅਧਾਰ ਕਾਰਡ ਧਾਰਕ https://myaadhaar.uidai.gov.in'ਤੇ ਲਾਗਇਨ ਕਰਕੇ, ਆਨਲਾਈਨ ਇਸ ਸੇਵਾ ਦਾ ਲਾਭ ਲੈ ਸਕਦੇ ਹਨ। ਉਨ੍ਹਾ ਕਿਹਾ ਕਿ ਅਧਾਰ ਕਾਰਡ ਨਾਲ ਕਈ ਸਰਕਾਰੀ ਸੇਵਾਵਾਂ ਅਤੇ ਹੋਰ ਲਾਭ ਨਾਗਰਿਕਾਂ ਤੱਕ ਪਹੁੰਚਾਏ ਜਾਂਦੇ ਹਨ, ਇਸ ਲਈ ਇਸ ਨੂੰ ਅਪਡੇਟ ਰੱਖਣਾ ਬਹੁਤ ਹੀ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਵਿਅਕਤੀ ਦੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਵਜੋਂ ਲੈਣ ਤੋਂ ਪਹਿਲਾਂ ਇਸ ਨੂੰ ਤਸਦੀਕ ਜ਼ਰੂਰ ਕਰਵਾ ਲੈਣ ਕਿਉਂਕਿ ਇਸ ਨਾਲ ਫਰਜ਼ੀ/ਫੋਟੋਸ਼ਾਪ ਵਾਲੇ ਅਧਾਰ ਕਾਰਡਾਂ ਦੀ ਪਛਾਣ ਕਰਨ ਵਿੱਚ ਮਦਦ ਹਾਸਲ ਹੋਵੇਗੀ।

7500 ਮਿਲੀਲੀਟਰ ਨਜਾਇਜ਼ ਸ਼ਰਾਬ ਬਰਾਮਦ

ਗੁਰਦਾਸਪੁਰ, 25 ਮਈ (ਜਨਕ ਮਹਾਜਨ)-ਚੌਕ ਬਰਿਆਰ ਦੇ ਏ ਐਸ ਆਈ ਜਸਵਿੰਦਰ ਸਿੰਘ ਵੱਲੋਂ ਮਾੜੇ ਅਨਸਰਾਂ ਦੀ ਤਲਾਸ਼ ਸਮੇਤ ਪੁਲਸ ਪਾਰਟੀ ਗਸ਼ਤ ਕਰ ਰਹੇ ਸਨ ਕਿ ਮੁਖ਼ਬਰ ਖ਼ਾਸ ਦੀ ਇਤਲਾਹ 'ਤੇ ਜਗਦੀਸ਼ ਰਾਜ ਪੁੱਤਰ ਰਾਮ ਪਾਲ ਵਾਸੀ ਬਰਿਆਰ ਦੇ ਘਰ ਨੇੜੇ ਗਲੀ ਵਿਚ ਛਾਪਾ ਮਾਰ ਕੇ ਉਸ ਪਾਸੋਂ 7500 ਮਿਲੀਲੀਟਰ ਨਜਾਇਜ਼ ਸ਼ਰਾਬ ਬਰਾਮਦ ਕਰਕੇ ਇਸ ਖਿਲਾਫ਼ ਧਾਰਾ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਦਿੱਤਾ ਹੈ।

ਬੇਬੀ ਐਂਡ ਮੋਮ ਬ੍ਰਾਂਡ ਮਿਰਕਸ ਮਜ਼ਬੂਤ ਪ੍ਰਚੂਨ ਮੌਜੂਦਗੀ ਸਥਾਪਤ ਕਰਦਾ

ਅੰਮ੍ਰਿਤਸਰ: ਮਿਰਕਸ 45 ਸਾਲਾਂ ਦੀ ਕਾਰੋਬਾਰੀ ਵਿਰਾਸਤ ਵਾਲੀ ਬੇਬੀ ਐਂਡ ਮੋਮ ਐਪਰਲ ਕੰਪਨੀ, ਅਗਸਤ 2023 ਵਿੱਚ ਇੱਕ ਪ੍ਰਮੁੱਖ ਬੇਬੀ ਐਂਡ ਮੋਮ ਬ੍ਰਾਂਡ ਵਜੋਂ 3 ਸਾਲ ਪੂਰੇ ਕਰੇਗੀ। ਮਿਰਕਸ ਕੋਲ ਵਰਤਮਾਨ ਵਿੱਚ 24 ਸਟੋਰਾਂ ਦੀ ਪ੍ਰਚੂਨ ਮੌਜੂਦਗੀ ਹੈ ਅਤੇ 11 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸਾਂ ਵਿੱਚ ਮਿਰਕਸ ਵਿਸ਼ੇਸ਼ ਸਟੋਰਾਂ ਦੀ ਕੁੱਲ ਸੰਖਿਆ ਨੂੰ 42 ਆਊਟਲੈਟਾਂ ਤੱਕ ਲੈ ਕੇ ਆਪਣੀ ਤੀਜੀ ਵਰ੍ਹੇਗੰਢ ਦੀ ਸ਼ੁਰੂਆਤ ਨੂੰ ਦਰਸਾਉਣ ਲਈ 18 ਵਾਧੂ ਸਟੋਰ ਖੋਲ੍ਹਣ ਦਾ ਇਰਾਦਾ ਰੱਖਦਾ ਹੈ। ਮਿਰਕਸ ਦੀ ਸਥਾਪਨਾ ਵਿਸਤ੍ਰਿਤ ਭਾਈਚਾਰੇ ਨੂੰ ਇਕੱਠਾ ਕਰਨ ਲਈ ਕੀਤੀ ਗਈ ਸੀ ਜਿਸ ਵਿੱਚ ਮਾਪੇ ਅਤੇ ਹੋਰ ਪਰਵਾਰ ਅਤੇ ਬੱਚੇ/ਬੱਚੇ ਦੇ ਦੋਸਤ ਸ਼ਾਮਲ ਹੁੰਦੇ ਹਨ। ਇਸ ਲਈ ਉਨ੍ਹਾਂ ਦਾ ਧਿਆਨ ਸਿਰਫ ਕੱਪੜਿਆਂ ਤੋਂ ਪਰੇ ਕਈ ਤਰ੍ਹਾਂ ਦੇ ਉਤਪਾਦਾਂ ਵੱਲ ਵਧਿਆ ਹੈ ਜਿਸ ਵਿੱਚ ਨਰਮ ਖਿਡੌਣੇ ਅਤੇ ਤੋਹਫੇ ਵਾਲੀਆਂ ਚੀਜ਼ਾਂ ਸ਼ਾਮਲ ਹਨ। ਗਿਆਨ ਸਿੰਘ, ਸਹਿ-ਸੰਸਥਾਪਕ ਮਿਰਕਸ ਨੇ ਕਿਹਾ ਕਿ, ਮਿਰਕਸ ਦਾ ਮੁੱਖ ਦਫਤਰ ਲੁਧਿਆਣਾ ਵਿੱਚ ਹੈ ਅਤੇ ਸਟੋਰਾਂ ਰਾਹੀਂ ਪੂਰੇ ਭਾਰਤ ਵਿੱਚ ਮੌਜੂਦ ਹੈ। ਗਿਆਨ ਸਿੰਘ, ਸਹਿ-ਸੰਸਥਾਪਕ ਅਤੇ ਮੈਨੇਜਿੰਗ ਡਾਇਰੈਕਟਰ, ਮਿਰਕਸ ਨੇ ਆਪਣੀ ਔਫਲਾਈਨ ਮੌਜੂਦਗੀ ਦਾ ਵਿਸਤਾਰ ਕਰਨ ਅਤੇ ਵਾਧੂ, ਮਿਰਕਸ ਸਟੋਰ ਖੋਲ੍ਹ ਕੇ ਅਤੇ ਮਿਰਕਸ ਉਤਪਾਦਾਂ ਨੂੰ ਐਮਾਜ਼ਾਨ ਅਤੇ ਫਲਿੱਪਕਾਰਟ ਵਰਗੇ ਬਜ਼ਾਰਾਂ ਰਾਹੀਂ ਵੰਡਣ ਦੇ ਯੋਗ ਹੋ ਕੇ ਆਪਣੀ ਔਨਲਾਈਨ ਪਹੁੰਚ ਨੂੰ ਮਜ਼ਬੂਤ ਕਰਨ ਦੀ ਯੋਜਨਾ ਵੀ ਸਾਂਝੀ ਕੀਤੀ।

ਐੱਲ ਪੀ ਯੂ ਦੇ ਵਿਦਿਆਰਥੀ ਅੱਜ ਕਰਨਗੇ ਦਿੱਲੀ ਟਾਈਮਜ਼ ਫੈਸ਼ਨ ਵੀਕ 'ਚ ਪ੍ਰਦਰਸ਼ਨ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਕੂਲ ਆਫ ਫੈਸ਼ਨ ਡਿਜ਼ਾਈਨ ਦੇ 22 ਵਿਦਿਆਰਥੀ 26 ਮਈ ਨੂੰ ਨਵੀਂ ਦਿੱਲੀ ਦੇ ਦ ਗ੍ਰੈਂਡ ਵਿਖੇ ਸ਼ੁਰੂ ਹੋਣ ਵਾਲੇ 3 ਦਿਨਾਂ ਦਿੱਲੀ ਟਾਈਮਜ਼ ਫੈਸ਼ਨ ਵੀਕ ਵਿੱਚ ਹਿੱਸਾ ਲੈਣ ਜਾ ਰਹੇ ਹਨ । ਇਹ ਫੈਸ਼ਨ ਉਦਯੋਗ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਕਾਰੀ ਸਮਾਗਮਾਂ ਵਿੱਚੋਂ ਇੱਕ ਹੈ ਜਿੱਥੇ ਭਾਰਤ ਅਤੇ ਵਿਦੇਸ਼ਾਂ ਦੇ ਚੋਟੀ ਦੇ ਡਿਜ਼ਾਈਨਰ ਆਪਣੀਆਂ ਨਵੀਨਤਮ ਰਚਨਾਵਾਂ ਦਾ ਪ੍ਰਦਰਸ਼ਨ ਕਰਦੇ ਹਨ। ਐਲਪੀਯੂ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਇਵੈਂਟ ਵਿੱਚ ਆਪਣੇ ਟਿਕਾਊ ਡਿਜ਼ਾਈਨ ਦਾ ਪ੍ਰਦਰਸ਼ਨ ਕਰਨ ਲਈ ਸੱਦਾ ਦਿੱਤਾ ਗਿਆ ਹੈ । ਫੈਸ਼ਨ ਦੇ ਮਿਹਨਤੀ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ; ਐਲਪੀਯੂ ਦੇ ਚਾਂਸਲਰ ਡਾ ਅਸ਼ੋਕ ਕੁਮਾਰ ਮਿੱਤਲ ਨੇ ਸਾਂਝਾ ਕੀਤਾ । ਐਲਪੀਯੂ ਵਿੱਚ ਸਾਨੂੰ ਸਾਰਿਆਂ ਨੂੰ ਇਸ ਗੱਲ ਤੇ ਮਾਣ ਹੈ ਕਿ ਸਾਡੇ ਫੈਸ਼ਨ ਡਿਜ਼ਾਈਨਰ ਦੇਸ਼ ਅਤੇ ਦੁਨੀਆ ਭਰ ਦੇ ਹੋਰ ਚੋਟੀ ਦੇ ਡਿਜ਼ਾਈਨਰਾਂ ਦੇ ਨਾਲ ਦਿੱਲੀ ਵਿੱਚ ਆਪਣੇ ਸਵੈ-ਨਿਰਮਿਤ ਕੱਪੜੇ ਪੇਸ਼ ਕਰਨਗੇ।। ਡਾ: ਮਿੱਤਲ ਨੇ ਅੱਗੇ ਕਿਹਾ ਸਾਡੇ ਫੈਸ਼ਨ ਦੇ ਵਿਦਿਆਰਥੀਆਂ ਨੂੰ ਲਗਾਤਾਰ ਪ੍ਰਸਿੱਧ ਪਲੇਟਫਾਰਮ ਪ੍ਰਦਾਨ ਕੀਤੇ ਜਾਂਦੇ ਹਨ, ਜਿੱਥੇ ਉਹਨਾਂ ਨੂੰ ਅਨੁਭਵ ਅਤੇ ਗਲੋਬਲ ਐਕਸਪੋਜ਼ਰ ਮਿਲਦਾ ਹੈ। ਇਹ ਸਭ ਉਨ੍ਹਾਂ ਲਈ ਇਸ ਤਰ੍ਹਾਂ ਦੇ ਸ਼ਾਨਦਾਰ ਫੈਸ਼ਨ ਈਵੈਂਟਾਂ ਰਾਹੀਂ ਜਾਂ ਚੋਟੀ ਦੀਆਂ ਮਸ਼ਹੂਰ ਹਸਤੀਆਂ, ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧ ਫੈਸ਼ਨ ਡਿਜ਼ਾਈਨਰਾਂ ਦੇ ਨਾਲ ਕੰਮ ਕਰਕੇ ਲਿਆਇਆ ਗਿਆ ਹੈ। । ਐਲਪੀਯੂ ਦੇ ਵਿਦਿਆਰਥੀ ਇਸ ਸਾਲ ਤੀਜੀ ਵਾਰ ਇਸ ਵੱਕਾਰੀ ਸ਼ੋਅ ਵਿੱਚ ਹਿੱਸਾ ਲੈ ਰਹੇ ਹਨ। ਬਾਅਦ ਵਿੱਚ ਉਹ ਪਹਿਲੀ ਵਾਰ ਸਤੰਬਰ 2023 ਵਿੱਚ ਇੱਕ ਪੂਰੇ ਸ਼ੋਅ ਲਈ ਚੰਡੀਗੜ੍ਹ ਟਾਈਮਜ਼ ਫੈਸ਼ਨ ਵੀਕ ਵਿੱਚ ਵੀ ਹਿੱਸਾ ਲੈਣਗੇ ।

'ਸਰਕਾਰ ਤੁਹਾਡੇ ਦੁਆਰ' ਮੁਹਿੰਮ ਤਹਿਤ ਬੁੱਲੋਵਾਲ 'ਚ ਲਗਾਇਆ ਸ਼ਿਕਾਇਤ ਨਿਵਾਰਨ ਕੈਂਪ

ਹੁਸ਼ਿਆਰਪੁਰ, (ਓ ਪੀ ਰਾਣਾ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਹਦਾਇਤਾਂ 'ਤੇ ਵੱਖ-ਵੱਖ ਸਰਕਾਰੀ ਸੇਵਾਵਾਂ ਲੋਕਾਂ ਦੇ ਘਰਾਂ ਦੇ ਨੇੜੇ ਪਹੁੰਚਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਸਰਕਾਰ ਤੁਹਾਡੇ ਦੁਆਰ' ਤਹਿਤ ਅੱਜ ਪੰਚਾਇਤ ਸੰਮਤੀ ਪਿੰਡ ਬੁੱਲੋਵਾਲ ਦੇ ਰੈਸਟ ਹਾਊਸ ਵਿਖੇ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ। ਇਸ ਦੌਰਾਨ ਵਿਧਾਇਕ ਸ਼ਾਮਚੁਰਾਸੀ ਡਾ: ਰਵਜੋਤ ਨੇ ਇਸ ਕੈਂਪ ਦੀ ਸ਼ੁਰੂਆਤ ਕਰਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਬੈਠ ਕੇ ਇਲਾਕੇ ਦੇ 8 ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਐੱਸ.ਡੀ.ਐੱਮ. ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ ਅਤੇ ਆਮ ਆਦਮੀ ਪਾਰਟੀ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ। ਵਿਧਾਇਕ ਸ਼ਾਮਚੁਰਾਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਤੱਕ ਹਰ ਸਹੂਲਤਾਂ ਦੇਣ ਲਈ ਵਚਨਬੱਧ ਹੈ, ਜਿਸ ਲਈ ਪੰਜਾਬ ਸਰਕਾਰ ਵੱਲੋਂ ਪੂਰੇ ਸੂਬੇ ਵਿੱਚ ਇਹ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸ਼ਿਕਾਇਤ ਨਿਵਾਰਨ ਕੈਂਪਾਂ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀ ਲੋਕਾਂ ਤੱਕ ਪਹੁੰਚ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਕੋਲ ਜਾਣ ਦੀ ਲੋੜ ਨਹੀਂ ਹੈ, ਸਗੋਂ ਅਧਿਕਾਰੀ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ। ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ ਨੇ ਦੱਸਿਆ ਕਿ ਸਬ ਡਵੀਜ਼ਨ ਹੁਸ਼ਿਆਰਪੁਰ ਅਧੀਨ ਚੱਲ ਰਹੇ ਇਸ ਸ਼ਿਕਾਇਤ ਨਿਵਾਰਨ ਕੈਂਪ ਵਿੱਚ ਪਿੰਡ ਆਲੋਵਾਲ, ਦਾਲਮਵਾਲ, ਖਡਿਆਲਾ ਸੈਣੀਆਂ, ਲਿੱਦੜ, ਲਾਂਬੜਾ, ਢੱਡੇ ਬਾਬਾ ਮੋਹਰ ਸਿੰਘ, ਤਾਜੋਵਾਲ, ਪੰਡੋਰੀ ਮਾਈਲ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਇਸ ਦੌਰਾਨ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ ਤਾਂ ਜੋ ਘੱਟ ਸਮੇਂ ਵਿੱਚ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮਾਲ ਵਿਭਾਗ, ਸਿਹਤ ਵਿਭਾਗ, ਪੰਚਾਇਤ ਵਿਭਾਗ, ਮਨਰੇਗਾ, ਸਮਾਜਿਕ ਸੁਰੱਖਿਆ ਵਿਭਾਗ, ਖੇਤੀਬਾੜੀ ਅਤੇ ਹੋਰ ਸਹਾਇਕ ਧੰਦਿਆਂ ਨਾਲ ਸਬੰਧਤ ਵਿਭਾਗਾਂ ਆਦਿ ਦੇ ਅਧਿਕਾਰੀਆਂ ਨੇ ਮੌਕੇ 'ਤੇ ਦਰਖਾਸਤ ਪ੍ਰਾਪਤ ਕਰਕੇ ਬਣਦੀ ਕਾਰਵਾਈ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

ਮਨਸੂਰਪੁਰ ਸਰਕਾਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ

ਗੁਰਾਇਆ (ਬਿੰਦਰ ਸੁਮਨ)-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਬਾਰਵੀਂ ਦੇ ਨਤੀਜਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਪ੍ਰਿੰਸੀਪਲ ਹਰਦੀਪ ਸਿੰਘ ਨੇ ਦੱਸਿਆ ਕਿ ਕੁੱਲ 48 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਸ ਵਿੱਚੋਂ ਸਾਰੇ ਵਿਦਿਆਰਥੀ ਪਾਸ ਹੋਏ।

ਕੋਮਲ ਚੋਪੜਾ ਪੁੱਤਰੀ ਗੁਰਪਾਲ ਚੰਦ ਵਾਸੀ ਅੱਟੀ ਨੇ 417 ਅੰਕ ਲੈ ਕੇ ਪਹਿਲਾ ਸਥਾਨ,ਦਿਵਿਅੰਕਾ ਪੁੱਤਰੀ ਬਲਜਿੰਦਰ ਸਿੰਘ ਪਿੰਡ ਤਰਖਾਣਮਜਾਰਾ ਨੇ 416 ਅੰਕਾਂ ਨਾਲ਼ ਦੂਜਾ ਅਤੇ ਸੁਖਵੀਰ ਸਿੰਘ ਪੁੱਤਰ ਜੋਗਾ ਵਾਸੀ ਬੜਾ ਪਿੰਡ ਨੇ 410 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। 48 ਵਿੱਚੋਂ 42 ਵਿਦਿਆਰਥੀਆਂ ਦੀਆਂ ਫਸਟ ਡਵੀਜਨਾਂ ਆਈਆਂ। ਸਕੂਲ ਪ੍ਰਿੰਸੀਪਲ ,ਜਮਾਤ ਇੰਚਾਰਜ ਸ਼੍ਰੀਮਤੀ ਰਜਨੀ ਬਾਲਾ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ।

ਪੁਲਸ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਦਿੱਤੀ ਟ੍ਰੈਫਿਕ ਸੰਬੰਧੀ ਜਾਣਕਾਰੀ

ਕੁਰਾਲੀ (ਮੋਹਨ ਅੱਗਰਵਾਲ ਜੋਗਾ)- ਸੀਨੀਅਰ ਕਪਤਾਨ ਪੁਲਸ ਸੰਦੀਪ ਗਰਗ ਜੀ, ਐਸ.ਪੀ ਟਰੈਫਿਕ ਐੱਚ ਐੱਸ ਮਾਨ ਜੀ, ਡੀ.ਐਸ. ਪੀ ਟ੍ਰੈਫਿਕ ਮਹੇਸ਼ ਸੈਣੀ ਦੇ ਹੁਕਮਾਂ ਤਹਿਤ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਏ ਐਸ ਆਈ ਜਨਕ ਰਾਜ ਵੱਲੋਂ ਟ੍ਰੈਫਿਕ ਪੁਲਸ ਏ ਐਸ ਆਈ ਜੰਗੀਰ ਸਿੰਘ ਅਤੇ ਏ ਐਸ ਆਈ ਗੁਰਵਿੰਦਰ ਸਿੰਘ ਨਾਲ ਮਿਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਅਤੇ ਸਰਕਾਰੀ ਹਾਈ ਸਕੂਲ ਮੁੱਲਾਂਪੁਰ ਵਿਖੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸੈਮੀਨਾਰ ਕੀਤਾ ਜਿਸ ਵਿੱਚ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ, ਵਾਤਾਵਰਨ ਦੀ ਸੁਰੱਖਿਅਤ ਬਾਰੇ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। ਅੰਡਰ ਏਜ ਬੱਚਿਆਂ ਨੂੰ ਸਕੂਲ ਵਿੱਚ ਮੋਟਰਸਾਈਕਲ ਨਾ ਲੈ ਕੇ ਆਉਣ ਅਤੇ ਕੋਈ ਵੀ ਵਾਹਨ ਨਾ ਚਲਾਉਣ ਦੀ ਹਦਾਇਤ ਕੀਤੀ। ਇਸ ਦੇ ਨਾਲ ਵਾਹਨਾਂ ਨੂੰ ਸੜਕ 'ਤੇ ਖੜਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰੇ, ਖੱਬੇ-ਸੱਜੇ ਮੁੜਨ ਵੇਲੇ ਇੰਡਿਕੇਟਰ ਦੀ ਵਰਤੋਂ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ, ਬੁਲਟ ਮੋਟਰਸਾਇਕਲ ਤੇ ਪਟਾਕੇ ਨਾ ਮਾਰਨ ਬਾਰੇ, ਐਮਰਜੈਂਸੀ ਵਾਹਨਾਂ ਨੂੰ ਪਹਿਲ ਦੇ ਅਧਾਰ 'ਤੇ ਰਸਤਾ ਦੇਣ ਬਾਰੇ, ਗਲਤ ਪਾਸੇ ਓਵਰ ਟੇਕ ਨਾ ਕਰਨ ਬਾਰੇ ਅਤੇ ਧੁੰਦਾਂ ਦੇ ਦਿਨਾਂ ਵਿੱਚ ਵਾਹਨਾਂ ਤੇ ਰਿਫਲੈਕਟਰ ਟੇਪ ਲਗਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਪੁਲਸ ਤੋਂ ਮਦਦ ਲਈ ਹੈਲਪਲਾਇਨ ਨੰਬਰ 181 'ਤੇ ਕਾਲ ਕਰਨ ਬਾਰੇ, ਪੁ ਲਸ ਕੰਟਰੋਲਰੂਮ 112 'ਤੇ ਕਾਲ ਕਰਨ ਬਾਰੇ ਜਾਣਕਾਰੀ ਦਿੱਤੀ।

ਜੈਸਿਕਾ ਅਰੋੜਾ ਨੇ ਮੈਡੀਕਲ 'ਚ 92% ਅੰਕ ਪ੍ਰਾਪਤ ਕੀਤੇ

ਮਹਿਤਪੁਰ (ਰਾਜਾ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਦੀ ਵਿਦਿਆਰਥਣ ਜੈਸਿਕਾ ਅਰੋੜਾ ਪੁੱਤਰੀ ਮਾਸਟਰ ਰਾਕੇਸ਼ ਕੁਮਾਰ ਸਕੂਲ ਇੰਚਾਰਜ ਸਰਕਾਰੀ ਹਾਈ ਸਕੂਲ ਮਹਿਸਮਪੁਰ ਨੇ ਬਾਹਰਵੀਂ ਸੁਪਰ ਮੈਡੀਕਲ ਵਿੱਚ 92% ਅੰਕ ਪ੍ਰਾਪਤ ਕਰ ਕੇ ਸਕੂਲ ਵਿੱਚ ਸਾਇੰਸ ਸਟਰੀਮ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ, ਇਸ ਮੌਕੇ ਜੈਸਿਕਾ ਨੇ ਦੱਸਿਆ ਕਿ ਉਹ ਡਾਕਟਰ ਬਣ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹੈ, ਇਸ ਮੁਕਾਮ ਤੇ ਲੈ ਕੇ ਜਾਣ ਵਿੱਚ ਅਧਿਆਪਕ ਮਾਤਾ ਅਤੇ ਮੈਥ ਮਾਸਟਰ ਪਿਤਾ ਜੀ, ਸਕੂਲ ਪ੍ਰਿੰਸੀਪਲ ਤੇ ਸਟਾਫ ਦਾ ਅਹਿਮ ਯੋਗਦਾਨ ਰਿਹਾ, ਇਸ ਮੌਕੇ ਪ੍ਰਿੰਸੀਪਲ ਹਰਜੀਤ ਸਿੰਘ ਅਤੇ ਸਟਾਫ ਵੱਲੋਂ ਜੈਸਿਕਾ ਅਰੋੜਾ ਨੂੰ ਸਨਮਾਨਿਤ ਕੀਤਾ ਗਿਆ।



ਡਿਪਟੀ ਕਮਿਸ਼ਨਰ ਨੇ ਨਾਗਰਿਕਾਂ ਨੂੰ ਆਪਣਾ ਆਧਾਰ ਅੱਪਡੇਟ ਕਰਨ ਦੀ ਅਪੀਲ ਕੀਤੀ

ਹੁਸ਼ਿਆਰਪੁਰ, (ਓ ਪੀ ਰਾਣਾ)-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹੇ ਦੇ ਆਧਾਰ ਕਾਰਡ ਧਾਰਕਾਂ ਨੂੰ ਪਛਾਣ ਦੇ ਸਬੂਤ ਅਤੇ ਤਾਜ਼ਾ ਪਤੇ ਦੇ ਸਬੂਤਾਂ ਦੇ ਨਾਲ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣੇ ਆਧਾਰ ਕਾਰਡ ਦੀ ਮੁੜ ਤਸਦੀਕ ਕਰਵਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਆਧਾਰ ਕਾਰਡ ਨੂੰ ਹੋਰ ਮਜ਼ਬੂਤ ਪਛਾਣ ਦਸਤਾਵੇਜ਼ ਬਣਾਇਆ ਜਾ ਸਕਦਾ ਹੈ, ਜਿਸ ਲਈ ਸਰਕਾਰ ਵੱਲੋਂ ਆਧਾਰ ਕਾਰਡ ਨੂੰ ਅਪਡੇਟ ਕਰਨ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯੂ.ਆਈ.ਡੀ.ਏ.ਆਈ ਨੇ ਆਧਾਰ ਕਾਰਡ ਦੇ ਨਾਲ ਨਵੇਂ ਪਛਾਣ ਪੱਤਰ ਅਪਲੋਡ ਕਰਨ ਦਾ ਬਦਲ ਵੀ ਦਿੱਤਾ ਹੈ। 'ਮਾਈ ਆਧਾਰ ਪੋਰਟਲ' ਜਾਂ ਨਜ਼ਦੀਕੀ ਆਧਾਰ ਇਨਰੋਲਮੈਂਟ ਕੇਂਦਰਾਂ ਰਾਹੀਂ ਅਪਲੋਡ ਕੀਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਨਾਗਰਿਕਾਂ ਨੇ ਪਿਛਲੇ 8 ਤੋਂ 10 ਸਾਲਾਂ ਦੇ ਵਿੱਚ ਆਪਣੇ ਆਧਾਰ ਕਾਰਡ ਵਿੱਚ ਕੋਈ ਵੀ ਅੱਪਡੇਟ ਨਹੀਂ ਕਰਵਾਇਆ ਜਾਂ ਉਨ੍ਹਾਂ ਦਾ ਪਤਾ ਬਦਲਿਆ ਹੈ, ਉਹ ਅੱਪਡੇਟ ਕਰਵਾਉਣਾ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਜੇਕਰ ਨਾਗਰਿਕ ਦੀ ਸੂਚਨਾ ਵਿੱਚ ਕੋਈ ਬਦਲਾਅ ਨਾ ਵੀ ਹੋਵੇ ਤਾਂ ਵੀ ਪਹਿਚਾਣ ਅਤੇ ਪਤੇ ਦੀ ਤਸਦੀਕ ਲਈ ਮੌਜੂਦਾ ਆਧਾਰ ਕਾਰਡ ਪ੍ਰਮਾਣ ਪੱਤਰ ਪ੍ਰਾਪਤ ਕਰਨਾ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਮੋਬਾਇਲ ਨੰਬਰ ਆਧਾਰ ਕਾਰਡ ਨਾਲ ਰਜਿਸਟਰਡ ਹੈ ਤਾਂ ਆਧਾਰ ਕਾਰਡ ਧਾਰਕ https://myaadhaar.uidai.gov.i 'ਤੇ ਲਾਗਇਨ ਕਰਕੇ ਆਨਲਾਈਨ ਇਸ ਸੇਵਾ ਦਾ ਲਾਭ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਆਧਾਰ ਕਾਰਡ ਰਾਹੀਂ ਨਾਗਰਿਕਾਂ ਨੂੰ ਕਈ ਸਰਕਾਰੀ ਸੇਵਾਵਾਂ ਅਤੇ ਹੋਰ ਲਾਭ ਮੁਹੱਈਆ ਕਰਵਾਏ ਜਾਂਦੇ ਹਨ, ਇਸ ਲਈ ਇਸ ਨੂੰ ਅੱਪਡੇਟ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸਮੂਹ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਵਿਅਕਤੀ ਦੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਵਜੋਂ ਸਵੀਕਾਰ ਕਰਨ ਤੋਂ ਪਹਿਲਾਂ ਤਸਦੀਕ ਕਰਵਾ ਲੈਣ ਕਿਉਂਕਿ ਇਸ ਨਾਲ ਫਰਜ਼ੀ ਫੋਟੋਸ਼ਾਪ ਵਾਲੇ ਆਧਾਰ ਕਾਰਡਾਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ। ਇਸ ਤੋਂ ਪਹਿਲਾਂ ਜ਼ਿਲ੍ਹਾ ਨੋਡਲ ਅਫ਼ਸਰ ਯੂ.ਆਈ.ਡੀ.ਆਈ-ਕਮ-ਐਸ.ਡੀ.ਐਮ. ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ ਦੀ ਪ੍ਰਧਾਨਗੀ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਹੁਸ਼ਿਆਰਪੁਰ, ਜ਼ਿਲ੍ਹਾ ਪੱਧਰੀ ਆਧਾਰ ਨਿਗਰਾਨ ਕਮੇਟੀ ਸਬੰਧੀ ਐਸ.ਐਸ.ਪੀ, ਸਿਵਲ ਸਰਜਨ ਹੁਸ਼ਿਆਰਪੁਰ, ਜ਼ਿਲ੍ਹਾ ਕੰਟਰੋਲਰ ਖੁਰਾਕ ਸਪਲਾਈ ਅਤੇ ਖਪਤਕਾਰ ਮਾਮਲੇ ਹੁਸ਼ਿਆਰਪੁਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਅਤੇ ਸੈਕੰਡਰੀ) ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਪ੍ਰੋਗਰਾਮ , ਸੀਨੀਅਰ ਸੁਪਰਡੈਂਟ ਪੋਸਟ ਆਫਿਸ, ਮੈਨੇਜਰ ਲੀਡ ਬੈਂਕ, ਜ਼ਿਲ੍ਹਾ ਆਈ.ਟੀ. ਮੈਨੇਜਰ, ਕਾਰਜਕਾਰੀ ਭਾਰਤੀ ਪੋਸਟ ਪੇਮੈਂਟ ਬੈਂਕ, ਸਹਾਇਕ ਮੈਨੇਜਰ ਯੂ.ਆਈ.ਡੀ.ਏ.ਆਈ ਦੇ ਨਾਲ ਕੀਤੀ ਗਈ ਤਿਮਾਹੀ ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਸੀ ਟੀ ਵਰਲਡ ਸਕੂਲ ਨੇ ਕੀਤੀ ਸਹੋਦਿਆ ਇੰਟਰ-ਸਕੂਲ ਫੈਂਸੀ ਡਰੈੱਸ ਮੁਕਾਬਲੇ ਦੀ ਮੇਜ਼ਬਾਨੀ

ਜਲੰਧਰ (ਸ਼ੈਲੀ ਐਲਬਰਟ)-ਸੀਟੀ ਵਰਲਡ ਸਕੂਲ ਨੇ ਸਹੋਦਿਆ ਸਕੂਲ ਕੰਪਲੈਕਸ, ਜਲੰਧਰ ਦੀ ਸਰਪ੍ਰਸਤੀ ਹੇਠ ਸਹੋਦਿਆ ਇੰਟਰ-ਸਕੂਲ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ, ਜਿਸ ਵਿੱਚ 38 ਸਕੂਲਾਂ ਨੇ ਭਾਗ ਲਿਆ। ਇਸ ਮੌਕੇ ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ ਮੁੱਖ ਮਹਿਮਾਨ ਸਨ। ਉਨ੍ਹਾਂ ਨੇ ਸੀਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਧੂ ਸ਼ਰਮਾ ਨਾਲ ਸਮਾਗਮ ਦਾ ਉਦਘਾਟਨ ਕੀਤਾ। ਥੀਮ-ਅਧਾਰਿਤ ਮੁਕਾਬਲੇ ਵਿੱਚ ਦੋ ਸ਼੍ਰੇਣੀਆਂ ਸਾਮਲ ਸਨ। ਗਰੇਡ ਅਤੇ ਲਈ ਕ੍ਰਮਵਾਰ ਬਾਲੀਵੁੱਡ ਅਤੇ ਗੈਜੇਟਸ। ਇਸ ਸਮਾਗਮ ਵਿੱਚ ਭਾਗ ਲੈਣ ਵਾਲੇ ਸਕੂਲਾਂ ਵਿੱਚ ਪੁਲਸ ਡੀ.ਏ.ਵੀ ਪਬਲਿਕ ਸਕੂਲ, ਬਾਬਲਵਾਨੀ ਪਬਲਿਕ ਸਕੂਲ, ਕੈਂਬਰਿਜ ਇੰਟਰਨੈਸ਼ਨਲ ਸਕੂਲ, ਨਕੋਦਰ, ਮੇਅਰ ਵਰਲਡ ਸਕੂਲ, ਸੰਸਕ੍ਰਿਤੀ ਕੇ.ਐਮ.ਵੀ ਸਕੂਲ, ਡੀ.ਆਈ.ਪੀ.ਐਸ., ਕਪੂਰਥਲਾ ਆਦਿ ਸ਼ਾਮਲ ਸਨ। ਨੌਜਵਾਨ ਸਿਖਿਆਰਥੀ ਆਪਣੀ ਪੁਸ਼ਾਕ ਵਿੱਚ ਬਹੁਤ ਹੀ ਜੋਸ਼ੀਲੇ ਅਤੇ ਸ਼ਾਨਦਾਰ ਦਿਖਾਈ ਦੇ ਰਹੇ ਸਨ। ਪ੍ਰਦਰਸ਼ਨਾਂ ਵਿੱਚ ਬਾਲੀਵੁੱਡ ਕਲਾਕਾਰਾਂ ਦੀ ਡੂੰਘੀ ਨਕਲ, ਫਿਲਮਾਂ ਦੇ ਮਸ਼ਹੂਰ ਦ੍ਰਿਸ਼ ਅਤੇ ਪ੍ਰਸਿੱਧ ਯੰਤਰ ਸ਼ਾਮਲ ਸਨ। ਟੀਮਾਂ ਦਾ ਨਿਰਣਾ ਇੱਕ ਪ੍ਰਸਿੱਧ ਜਿਊਰੀ ਦੁਆਰਾ ਕੀਤਾ ਗਿਆ ਜਿਸ ਵਿੱਚ ਕਰਨ ਦੇਵ ਜਗੋਤਾ, ਅਦਾਕਾਰ, ਨਿਰਦੇਸ਼ਕ, ਅਤੇ ਲੇਖਕ ਅਤੇ ਰਾਸ਼ਟਰੀ ਯੁਵਕ ਮੇਲੇ ਵਿੱਚ 3 ਵਾਰ ਸੋਨ ਤਗਮਾ ਜੇਤੂ, ਸਰਨਜੀਤ ਸਿੰਘ, ਪੰਜਾਬੀ ਫਿਲਮਾਂ ਵਿੱਚ ਕਲਾ ਨਿਰਦੇਸ਼ਕ ਅਤੇ ਰਾਸ਼ਟਰੀ ਯੁਵਕ ਮੇਲੇ ਦੇ ਸੋਨ ਤਗਮਾ ਜੇਤੂ ਨੇ ਕੀਤੀ।ਟੀਮਾਂ ਵਿਚਕਾਰ ਹੋਏ ਸਖਤ ਮੁਕਾਬਲੇ ਤੋਂ ਬਾਅਦ ਕੈਟਾਗਰੀ ਏ (ਬਾਲੀਵੁੱਡ), ਐਲਏ ਬਲੌਸਮ ਸਕੂਲ, ਸਾਊਥ ਸਿਟੀ, ਜਲੰਧਰ ਅਤੇ ਕੈਟਾਗਰੀ ਬੀ (ਗੈਜੇਟਸ) ਵਿੱਚ ਸੀਜੇਐਸ ਪਬਲਿਕ ਸਕੂਲ, ਜਲੰਧਰ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂ ਕਿ ਡੀਆਈਪੀਐਸ, ਸੁਰਾਨੁਸੀ (ਕੈਟਾਗਰੀ ਏ) ਅਤੇ ਬੀ), ਸੰਤ ਰਘਵੀਰ ਸਿੰਘ ਏਆਈਐਮਐਸ ਪਬਲਿਕ ਸਕੂਲ (ਕੈਟਾਗਰੀ ਏ), ਸ੍ਰੀ ਹਨੂੰਮੰਤ ਇੰਟਰਨੈਸ਼ਨਲ ਸਕੂਲ (ਕੈਟਾਗਰੀ ਬੀ) ਨੇ ਦੂਜਾ ਸਥਾਨ ਅਤੇ ਗੁਰੂਕੁਲ (ਕੈਟਾਗਰੀ ਏ ਅਤੇ ਬੀ), ਡੀਆਰਵੀ ਡੀਏਵੀ ਸੈਂਚੂਰੀ (ਕੈਟਾਗਰੀ ਏ), ਡੀਆਈਪੀਐਸ ਸਕੂਲ, ਭੋਗਪੁਰ (ਕੈਟਾਗਰੀ ਬੀ) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸ਼੍ਰੇਣੀ ਏ (ਬਾਲੀਵੁੱਡ) ਵਿੱਚ ਸਵਾਮੀ ਸੰਤ ਦਾਸ ਪਬਲਿਕ ਸਕੂਲ, ਡੀਆਈਪੀਐਸ ਸਕੂਲ, ਭੋਗਪੁਰ, ਅਤੇ ਸ਼੍ਰੇਣੀ ਬੀ (ਗੈਜੇਟਸ) ਵਿੱਚ ਐਸਟੀਐਸ ਵਰਲਡ ਸਕੂਲ, ਐਲਏ ਬਲੌਸਮ ਸਕੂਲ, ਸਾਊਥ ਸਿਟੀ ਨੂੰ ਤਸੱਲੀ ਦੇ ਇਨਾਮ ਦਿੱਤੇ ਗਏ। ਸੀਟੀ ਗਰੁੱਪ ਦੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ ਅਤੇ ਪ੍ਰਿੰਸੀਪਲ ਮਧੂ ਸ਼ਰਮਾ ਨੇ ਜੇਤੂਆਂ ਨੂੰ ਵਧਾਈ ਦਿੱਤੀ।

+2 ਪੰਜਾਬ ਬੋਰਡ ਦੇ ਨਤੀਜਿਆਂ 'ਚ ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਚਮਕਾਇਆ ਨਾਂਅ

ਜਲੰਧਰ, (ਇਕਬਾਲ ਸਿੰਘ ਉੱਭੀ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ +2 ਕਲਾਸ ਦੇ ਨਤੀਜਿਆਂ ਵਿੱਚ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਨਤੀਜੇ ਸ਼ਾਨਦਾਰ ਰਹੇ। ਸੇਂਟ ਸੋਲਜਰ ਕਾਲਜੀਏਟ ਸਕੂਲ, ਮੁੱਖ ਕੈਂਪਸ ਲਿੱਧੜਾਂ 'ਚ ਆਰਟਸ 'ਚ ਮਲਿਕਾ ਨੇ 90 ਫੀਸਦੀ, ਰਜਨੀ ਨੇ 84 ਫੀਸਦੀ, ਮਨੀਸ਼ਾ ਨੇ 81 ਫੀਸਦੀ, ਸੇਂਟ ਸੋਲਜਰ ਇੰਟਰ ਕਾਲਜ ਫਰੈਂਡਜ਼ ਕਲੋਨੀ ਦੇ ਹਿਊਮੈਨਟੀਜ਼ ਵਿੱਚ ਅੰਕਿਤਾ ਇਕਾ ਨੇ 92 ਫੀਸਦੀ, ਅਭਿਸ਼ੇਕ ਨੇ 85 ਫੀਸਦੀ, ਦਲਵਿੰਦਰ ਸਿੰਘ ਨੇ 84 ਫੀਸਦੀ, ਅੰਕਿਤਾ ਸ਼ਰਮਾ ਨੇ 82 ਫੀਸਦੀ, ਕੋਮਲ ਨੇ 88.4 ਫੀਸਦੀ, ਆਰਟਸ ਵਿੱਚ ਨਿਧੀ ਗੁਪਤਾ ਨੇ 88.2 ਫੀਸਦੀ, ਹਿਮਾਂਸ਼ੀ ਮਹਿਤਾ ਨੇ 84.4 ਫੀਸਦੀ, ਸ੍ਰਿਸ਼ਟੀ ਨੇ 88 ਫੀਸਦੀ, ਕਾਮਰਸ ਵਿੱਚ ਪ੍ਰਿਅੰਕਾ ਨੇ 86 ਫੀਸਦੀ, ਕਸ਼ਿਸ਼ ਸਲੂਜਾ ਨੇ 84 ਫੀਸਦੀ, ਰਾਹੁਲ ਕਲੇਰ ਨੇ 83.4 ਫੀਸਦੀ, ਆਸ਼ਿਮਾ, ਅਰਸ਼, ਰਚਨਾ ਨੇ 83 ਫੀਸਦੀ, ਸਾਇੰਸ 'ਚ ਪਿੰਕੀ ਨੇ 83 ਫੀਸਦੀ, ਕਮਲਪ੍ਰੀਤ ਸਿੰਘ ਨੇ 81.8 ਫੀਸਦੀ, ਪ੍ਰਿਆ ਨੇ 81.2 ਫੀਸਦੀ, ਜੁਝਾਰ ਸਿੰਘ, ਅੰਮ੍ਰਿਤਪਾਲ ਸਿੰਘ ਨੇ 80 ਫੀਸਦੀ, ਸੇਂਟ ਸੋਲਜਰ ਕਾਲਜੀਏਟ ਸਕੂਲ ਹਦੀਆਬਾਦ ਦੇ ਆਰਟਸ 'ਚੋਂ ਰਾਜਵੀਰ ਸਿੰਘ ਨੇ 85 ਫੀਸਦੀ, ਚੰਨਪ੍ਰੀਤ ਸਿੰਘ ਨੇ 84 ਫੀਸਦੀ, ਪ੍ਰਿਆ ਨੇ 83.80 ਫੀਸਦੀ ਅੰਕ ਪ੍ਰਾਪਤ ਕੀਤੇ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਇਸ ਸ਼ਾਨਦਾਰ ਨਤੀਜੇ 'ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਜੋ ਵਿਦਿਆਰਥੀ ਉੱਚ ਸਿੱਖਿਆ ਲਈ ਸੇਂਟ ਸੋਲਜਰ 'ਚ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਮਾਸਟਰ ਰਾਜਕੰਵਰ ਚੋਪੜਾ ਸਕਾਲਰਸ਼ਿਪ ਦਿੱਤੀ ਜਾਵੇਗੀ।

ਹਰੀਪੁਰ ਸਰਕਾਰੀ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

ਆਦਮਪੁਰ (ਪਰਮਜੀਤ ਸਿੰਘ ਸਿੰਘ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਕਲਾਸ ਦੇ ਨਤੀਜਿਆਂ ਵਿੱਚ ਬੱਬਰ ਕਰਮ ਸਿੰਘ ਸ਼ਹੀਦ ਸਰਕਾਰੀ ਕੋ-ਐਜੂਕੇਸ਼ਨ ਹਾਈ ਸਕੂਲ ਹਰੀਪੁਰ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ। ਇੰਚਾਰਜ ਮੈਡਮ ਮਨਦੀਪ ਕੌਰ ਨੇ ਦੱਸਿਆ ਕਿ ਸਕੂਲ ਦੇ ਸਾਰੇ ਹੀ ਵਿਦਿਆਰਥੀ ਬਹੁਤ ਚੰਗੇ ਅੰਕ ਪ੍ਰਾਪਤ ਕਰ ਕੇ ਪਾਸ ਹੋਏ, ਰੀਆ ਨੇ 600 ਵਿੱਚੋਂ 503 ਅੰਕ ਪ੍ਰਾਪਤ ਕਰਕੇ ਪਹਿਲਾ, ਕਿਰਨ ਨੇ 491 ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਕੁਨਾਲ ਪਾਲ ਨੇ 479 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਦਵਿੰਦਰ ਸਿੰਘ, ਅੰਕੁਰ ਅਰੋੜਾ, ਰਜਿੰਦਰ ਢੀਂਡਸਾ, ਪਰਵਿੰਦਰ ਕੌਰ, ਹਰਜਿੰਦਰ ਕੌਰ, ਪੰਜਾਬੀ ਲੋਕ ਗਾਇਕ ਸੁੱਖਾ ਹਰੀਪੁਰੀਆ ਅਤੇ ਹੋਰ ਹਾਜ਼ਰ ਸਨ।

ਭਾਜਪਾ ਜ਼ਿਲ੍ਹਾ ਜਲੰਧਰ ਦਿਹਾਤੀ ਦੀ ਕਾਰਜਕਾਰਨੀ ਵੱਲੋਂ ਅਹਿਮ ਫੈਸਲੇ

ਫਿਲੌਰ, (ਨਿਰਮਲ) ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਭਾਜਪਾ ਜ਼ਿਲ੍ਹਾ ਜਲੰਧਰ ਦਿਹਾਤੀ ਉੱਤਰੀ ਦੇ ਪ੍ਰਧਾਨ ਰਣਜੀਤ ਸਿੰਘ ਪਵਾਰ ਵੱਲੋਂ ਫਿਲੌਰ ਵਿਖੇ ਜ਼ਿਲ੍ਹਾ ਕਾਰਜਕਾਰਨੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੱਤਰ ਪੰਜਾਬ ਅਨਿਲ ਸੱਚਰ,ਸਾਬਕਾ ਡਿਪਟੀ ਸਪੀਕਰ ਦਿਨੇਸ਼ ਬੱਬੂ ਸਮੇਤ ਵੱਡੀ ਗਿਣਤੀ 'ਚ ਭਾਜਪਾ ਦੇ ਆਹੁਦੇਦਾਰ ਹਾਜ਼ਰ ਹੋਏ। ਬਹੁਤ ਸਾਰੇ ਰਾਜਨੀਤਕ ਪ੍ਰਸਤਾਵ ਪਾਸ ਕੀਤੇ ਗਏ। ਜਿਸ ਵਿੱਚ ਬੂਥ ਪੱਧਰ ਤੱਕ ਕੰਮ ਕਰਨਾ, ਮਹਾਂ ਜਨ ਸੰਪਰਕ ਅਭਿਆਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੇ 9 ਸਾਲ ਪੂਰੇ ਹੋਣ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਲੋਕ ਕਲਿਆਣਕਾਰੀ ਯੋਜਨਾਵਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਸ਼ਾਮਲ ਸੀ। ਪਵਾਰ ਨੇ ਸਮੂਹ ਹਾਜ਼ਰ ਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਬੂਥ ਲੈਵਲ ਤੇ ਕਮੇਟੀਆਂ ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਕੰਮ ਕਰਨ ਦੇ ਨੁਕਤੇ ਵੀ ਦਿੱਤੇ। ਇਸ ਮੌਕੇ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਜਨਰਲ ਸਕੱਤਰ ਐਡਵੋਕੇਟ ਕ੍ਰਿਸ਼ਨ ਕੁਮਾਰ, ਸੰਦੀਪ ਵਰਮਾ, ਮਨਮੀਤ ਵਿੱਕੀ, ਉਪ ਪ੍ਰਧਾਨ ਸੁਰਿੰਦਰ ਕਾਲੀਆ,ਵਿਸ਼ਾਲ ਗੁਪਤਾ, ਜ਼ਿਲ੍ਹਾ ਸਕੱਤਰ ਸ਼ੈਲੀ ਮਹਾਜਨ, ਸੁਰਿੰਦਰ ਕਾਲੀਆ, ਗੋਲਡੀ ਨਾਹਰ,ਰਾਜੀਵ ਪਾਂਜਾ ਅਰੁਨ ਸ਼ਰਮਾ,ਮਨਜੀਤ ਬਾਲੀ ,ਚੰਦਰ ਸਸ਼ੇਖਰ ਚੌਹਾਨ , ਸ਼ਾਮ ਲਾਲ ਸ਼ਰਮਾ,ਨਿਧੀ ਤਿਵਾੜੀ,ਵਿਕਰਮ ਵਿੱਕੀ ਜ਼ਿਲ੍ਹਾ ਕਾਰਜਕਾਰਨੀ ਮੈਂਬਰ ਅਤੇ 15 ਮੰਡਲਾਂ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਦਰਜਨਾਂ ਭਾਜਪਾ ਅਧਿਕਾਰੀ ਹਾਜ਼ਰ ਸਨ।

ਰੇਲਵੇ ਅੰਡਰ ਬਰਿਜ 'ਚ ਗੋਡੇ-ਗੋਡੇ ਭਰਿਆ ਪਾਣੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)- ਪਵਿੱਤਰ ਸਹਿਰ ਸੁਲਤਾਨਪੁਰ ਲੋਧੀ ਵਿੱਚ ਅੱਧੇ ਘੰਟੇ ਦੇ ਮੀਂਹ ਨੇ ਸ਼ਹਿਰ ਵਿੱਚ ਪ੍ਰਸ਼ਾਸਨ ਦੇ ਨਿਕਾਸੀ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੁਲਤਾਨਪੁਰ ਲੋਧੀ ਦੇ ਰੇਲਵੇ ਰੋਡ ਤੇ ਬਣੇ ਅੰਡਰ ਬ੍ਰਿਜ ਤੋਂ ਪਾਣੀ ਦੀ ਨਿਕਾਸੀ ਬੰਦ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਡਰ ਬ੍ਰਿਜ ਵਿੱਚ ਪਾਣੀ ਜ਼ਿਆਦਾ ਭਰ ਜਾਣ ਕਾਰਨ ਸ਼ਹਿਰ ਦੇ ਵੱਖ ਵੱਖ ਪਿੰਡਾਂ ਤੋਂ ਰੋਜਾਨਾ ਆ ਰਹੇ ਵਿਦਿਆਰਥੀ ਸਕੂਲ ਅਤੇ ਐਕਡਮੀ ਨੂੰ ਜਾਣ ਸਮੇਂ ਜਾਮ ਵਿੱਚ ਫਸੇ ਰਹੇ ਪਰੰਤੂ ਸਥਾਨਕ ਪ੍ਰਸ਼ਾਸਨ ਵੱਲੋਂ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ ਹਨ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਅੰਡਰਬ੍ਰਿੱਜ 550 ਸਾਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਦੀ ਸਹੂਲਤ ਲਈ ਬਣਾਇਆ ਸੀ, ਪਰ ਸਹੀ ਢੰਗ ਨਾਲ ਨਾ ਬਣਾਉਣ ਕਰਕੇ ਇਹ ਅੰਡਰਬ੍ਰਿਜ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਲੋਕਾਂ ਲਈ ਮੁਸ਼ਕਲ ਬਣਿਆ ਹੋਇਆ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਬਾਰਵ੍ਹੀਂ ਦਾ ਨਤੀਜਾ ਸੌ ਫੀਸਦੀ ਰਿਹਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) :-ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਬਾਰਵ੍ਹੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ। ਅਤੇ ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਸਕੂਲ ਦੇ ਇੰਚਾਰਜ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸਾਬਾਸ਼ ਦਿੱਤੀ ਅਤੇ ਅੱਗੇ ਤੋਂ ਹੋਰ ਵੀ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸੇਵਾ ਸਿੰਘ,

ਬਾਰਵ੍ਹੀਂ ਜਮਾਤ ਵਿੱਚੋਂ ਤਰਨਪ੍ਰੀਤ ਸਿੰਘ ਨੇ ਪਹਿਲਾ, ਜਗਦੀਪ ਸਿੰਘ ਨੇ ਦੂਸਰਾ, ਨਿਸ਼ਾਂਤ ਅਤੇ ਪਾਰਥ ਕ੍ਰਿਸ਼ਨਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ, ਇੰਦਰਜੀਤ ਸਿੰਘ ਨਿਸ਼ਾ ਗਰਗ, ਮਮਤਾ ਦੇਵੀ, ਰਜਿੰਦਰ ਕੌਰ, ਸਤਿੰਦਰ ਕੌਰ, ਕੰਵਲਜੀਤ ਕੌਰ, ਜਸਪ੍ਰੀਤ ਕੌਰ, ਸਪਨਾ ਰਾਣੀ, ਆਂਸ਼ੂ, ਨਰਿੰਦਰ ਕੌਰ, ਸੰਦੀਪ ਕੌਰ, ਸ਼ਾਂਤੀ ਦੇਵੀ, ਹਰਿੰਦਰ ਕੌਰ ਆਦਿ ਹਾਜ਼ਰ ਸਨ।

ਪੰਜਾਬ ਜੂਨੀਅਰ ਲੜਕੀਆਂ ਦੀ ਹਾਕੀ ਟੀਮ ਦੇ ਚੋਣ ਟਰਾਇਲ ਭਲਕੇ

ਜਲੰਧਰ (ਸ਼ੈਲੀ ਐਲਬਰਟ) ਹਾਕੀ ਇੰਡੀਆ ਵਲੋਂ 13ਵੀਂ ਹਾਕੀ ਇੰਡੀਆ ਜੂਨੀਅਰ ਮਹਿਲਾ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ 27 ਜੂਨ ਤੋਂ 7 ਜੁਲਾਈ 2023 ਤੱਕ ਉਡੀਸ਼ਾ ਦੇ ਸ਼ਹਿਰ ਰੋੜਕੇਲਾ ਵਿਖੇ ਕਰਵਾਈ ਜਾ ਰਹੀ ਹੈ। ਇਸ ਵਿੱਚ ਭਾਗ ਲੈਣ ਵਾਲੀ ਪੰਜਾਬ ਜੂਨੀਅਰ ਮਹਿਲਾ ਹਾਕੀ ਟੀਮ ਦੀ ਚੋਣ ਲਈ ਚੋਣ ਟਰਾਇਲ 27 ਮਈ ਨੂੰ ਸਵੇਰੇ 8 ਵਜੇ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕਰਵਾਏ ਜਾਣਗੇ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ 1-1-2004 ਤੋਂ ਬਾਅਦ ਜਨਮੀਆਂ ਪੰਜਾਬ ਨਾਲ ਸਬੰਧਤ ਖਿਡਾਰਨਾਂ ਹੀ ਭਾਗ ਲੈ ਸਕਦੀਆਂ ਹਨ। ਇਨ੍ਹਾਂ ਟਰਾਇਲਾਂ ਵਿੱਚ ਭਾਗ ਲੈਣ ਵਾਲੀਆਂ ਖਿਡਾਰਨਾਂ ਚੋਣ ਟਰਾਇਲਾਂ ਸਮੇਂ ਆਪਣੇ ਅਸਲ ਦਸਤਾਵੇਜ਼ (ਆਧਾਰ ਕਾਰਡ, ਜਨਮ ਸਰਟੀਫਿਕੇਟ, ਸਕੂਲ਼ ਸਰਟੀਫਿਕੇਟ, ਸਕੂਲ/ਕਾਲਜ ਆਈਡੀ ਕਾਰਡ, ਚਾਰ ਪਾਸਪੋਰਟ ਸਾਇਜ਼ ਫੋਟੋ) ਨਾਲ ਲੈ ਕੇ ਆਉਣ। ਚੁਣੀਆਂ ਗਈਆਂ ਖਿਡਾਰਨਾਂ ਦਾ ਕੋਚਿੰਗ ਕੈਂਪ ਵੀ ਲਗਾਇਆ ਜਾਵੇਗਾ।

ਕਿਸਾਨ ਨੂੰ ਖਰੀਦੇ ਬੀਜ ਦਾ ਬਿੱਲ ਜ਼ਰੂਰ ਦਿੱਤਾ ਜਾਵੇ : ਮੁੱਖ ਖੇਤੀਬਾੜੀ ਅਫ਼ਸਰ

ਕੁਰਾਲੀ (ਮੋਹਨ ਅੱਗਰਵਾਲ)-ਸਾਉਣੀ ਦੇ ਸ਼ੀਜਨ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਉੱਚ ਮਿਆਰੀ ਖਾਦ,ਬੀਜ ਅਤੇ ਕੀਟਨਾਸ਼ਕ /ਨਦੀਨਨਾਸ਼ਕ ਦਵਾਈਆਂ ਉਪਲਬੱਧ ਕਰਵਾਉਣ ਲਈ ਕੁਲਦੀਪ ਸਿੰਘ ਧਾਲੀਵਾਲ, ਖੇਤੀਬਾੜੀ ਮੰਤਰੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫਸਰ ਐਸ.ਏ.ਐਸ ਨਗਰ ਦੀ ਅਗਵਾਈ ਹੇਠ ਟੀਮ ਵੱਲੋ ਬਲਾਕ ਖਰੜ ਦੇ ਖਾਦ,ਬੀਜ ਅਤੇ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਦੀ ਚੈੱਕਿਗ ਕੀਤੀ। ਚੈਕਿੰਗ ਦੌਰਾਨ ਡਾ. ਗੁਰਬਚਨ ਸਿੰਘ ਨੇ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਕੋਈ ਵੀ ਡੀਲਰ ਬਿਨਾਂ ਲਾਇਸੈਂਸ/ ਅਡੀਸ਼ਨ ਤੋਂ ਖੇਤੀ ਸਮੱਗਰੀ ਆਪਣੀ ਦੁਕਾਨ ਤੇ ਰੱਖਕੇ ਨਹੀ ਵੇਚੇਗਾ। ਇਸ ਲਈ ਸਾਰੇ ਦਸਤਾਵੇਜ਼ ਮੁਕੰਮਲ ਰੱਖੇ ਜਾਣ ਅਤੇ ਹਰ ਕਿਸਾਨ ਨੂੰ ਖਰੀਦੇ ਸਮਾਨ ਦਾ ਬਿੱਲ ਜਰੂਰ ਦਿੱਤਾ ਜਾਵੇ। ਉਨ੍ਹਾਂ ਡੀਲਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਪੀ.ਏ.ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਤਰਜੀਹ ਦਿੱਤੀ ਜਾਵੇ । ਡਾ. ਚਰਨਜੀਤ ਸਿੰਘ ਏ.ਡੀ.ਉ ਨੇ ਕਿਹਾ ਕਿ ਸਾਰੇ ਦੁਕਾਨਦਾਰ ਆਪਣੀ-ਆਪਣੀ ਦੁਕਾਨ ਤੇ ਖਾਦ, ਬੀਜ ਦੇ ਸਟਾਕ ਅਤੇ ਰੇਟ ਲਿਸਟ ਡਿਸਪਲੇਅ ਕਰਨ ਤਾਂ ਜੋ ਕਿਸਾਨਾਂ ਨੂੰ ਬੀਜਾਂ ਦੇ ਸਹੀ ਰੇਟ ਬਾਰੇ ਜਾਣਕਾਰੀ ਹੋ ਸਕੇ। ਡਾ. ਗੁਰਪ੍ਰੀਤ ਸਿੰਘ ਏ.ਡੀ.ਉ ਨੇ ਡੀਲਰਾਂ ਨੂੰ ਕਿਹਾ ਕਿ ਚੈਕਿੰਗ/ਸੈਪਲਿੰਗ ਦੌਰਾਨ ਅਗਰ ਕਿਸੇ ਵੀ ਕਿਸਮ ਦੀ ਕੋਈ ਉਣਤਾਈ ਫੜੀ ਗਈ ਤਾਂ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਰੀਦੇ ਬੀਜ ਦਾ ਬਿੱਲ ਲਿਆ ਜਾਵੇ,ਅਗਰ ਕੋਈ ਦੁਕਾਨਦਾਰ ਬਿੱਲ ਨਹੀਂ ਦਿੰਦਾ ਤਾਂ ਖੇਤੀਬਾੜੀ ਵਿਭਾਗ ਦੇ ਦਫਤਰ ਵਿੱਚ ਸੰਪਰਕ ਕੀਤਾ ਜਾਵੇ।

ਸਰਕਾਰੀ ਸਕੂਲ ਚੱਕ ਬਿਲਗਾ ਦੀ ਸਾਨੀਆ ਦਾ ਮੈਰਿਟ 'ਚ ਆਉਣ 'ਤੇ ਸਨਮਾਨ

ਬਹਿਰਾਮ (ਅਵਤਾਰ ਕਲੇਰ) ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੱਕ ਬਿਲਗਾਂ ਦੀ ਵਿਦਿਆਰਥਣ ਸਾਨੀਆ ਸਪੁੱਤਰੀ ਜਤਿੰਦਰ ਕੁਮਾਰ/ ਸਰਿਤਾ ਵਾਸੀ ਚੱਕ ਬਿਲਗਾ ਵਲੋਂ 486/500 ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚੋਂ 14ਵਾਂ ਅਤੇ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ, ਅਧਿਆਪਕਾਂ , ਮਾਪਿਆਂ ਅਤੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਮੈਡਮ ਰਾਣੀ ਵਲੋਂ ਵਿਦਿਆਰਥਣ ਸਾਨੀਆਂ ਨੂੰ ਵਧਾਈ ਦਿੱਤੀ ਅਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਮਾਤ ਇੰਚਾਰਜ ਲੈਕ ਮਨਜਿੰਦਰ ਸਿੰਘ, ਲੈਕ. ਸੁਰਜੀਤ ਸੈਂਪਲੇ, ਲੈਕ. ਹਰਦੀਪ ਕੌਰ, ਮੈਡਮ ਬਲਜਿੰਦਰ ਸੈਂਪਲੇ ਹਿੰਦੀ ਮਿਸਟ੍ਰੈਸ, ਮੈਡਮ ਪਰਮਜੀਤ ਕੌਰ, ਮੈਡਮ ਮਨੀਸ਼ ਭਾਰਤੀ, ਅਨੀਤਾ ਭਾਰਤੀ, ਪਰਮਿੰਦਰ ਕੁਮਾਰ, ਰਕੇਸ਼ ਕੁਮਾਰ, ਸੁਰਜੀਤ ਜਗਤਪੁਰ,ਕੁਲਵਿੰਦਰ ਸਿੰਘ, ਕੇਵਲ ਸਿੰਘ, ਰਜਿੰਦਰ ਕੁਮਾਰ, ਦਲਵੀਰ ਸਿੰਘ, ਦਲਵੀਰ ਕੁਮਾਰੀ, ਅਮਨਦੀਪ ਕੌਰ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।

ਅਮਨਦੀਪ ਸਿੰਘ ਮਾਂਗਟ ਅਦਾਲਤ ਵੱਲੋਂ ਬਰੀ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੀ ਸੱਤਾ ਸਮੇਂ ਕਸਬਾ ਚਮਕੌਰ ਸਾਹਿਬ ਦੇ ਲੋਕਾਂ ਤੇ ਆਪਣੇ ਵਿਰੋਧ ਕਾਰਨ ਝੂਠੇ ਕੇਸ ਕਰਵਾਏ ਪ੍ਰੰਤੂ ਅਖੀਰ ਵਿੱਚ ਅਦਾਲਤ ਨੇ ਉਨ੍ਹਾਂ ਨੂੰ ਬਾਇਜਤ ਬਰੀ ਵੀ ਕਰ ਦਿੱਤਾ ਪਰ ਫਿਰ ਚੰਨੀ ਕਿਹੜੇ ਮੂੰਹ ਦੇ ਨਾਲ ਗੁਰੂ ਘਰ ਵਿੱਚ ਜਾ ਕੇ ਝੂਠੀਆਂ ਸੋਹਾਂ ਖਾ ਕੇ ਢੌਂਗ ਰਚਦੇ ਹਨ । ਇਹ ਪ੍ਰਗਟਾਵਾ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਮਾਂਗਟ ਨੇ ਦੱਸਿਆ ਕਿ ਕਰੋਨਾ ਕਾਲ ਦੌਰਾਨ ਉਹ ਆਪਣੇ ਸਾਥੀਆਂ ਨਾਲ ਮਿਲਕੇ ਲੋੜਵੰਦ ਲੋਕਾਂ ਨੂੰ ਰਾਸ਼ਨ ਮੁਹੱਈਆ ਕਰਵਾ ਰਹੇ ਸਨ ਜਦੋਂ ਕਿ ਚੰਨੀ ਅਤੇ ਉਸ ਦੇ ਸਾਥੀ ਸਰਕਾਰੀ ਰਾਸ਼ਨ ਦੀ ਉਡੀਕ ਵਿੱਚ ਸਨ । ਜਿਸ ਕਾਰਨ ਲੋਕਾਂ ਵਿੱਚ ਵਿੱਚ ਉਨ੍ਹਾਂ ਦੀ ਚੰਗੀ ਇਮੇਜ ਬਣ ਰਹੀ ਸੀ ਪਰ ਇਹ ਗੱਲ ਉਸ ਸਮੇਂ ਦੇ ਕੈਬਨਿਟ ਮੰਤਰੀ ਚੰਨੀ ਅਤੇ ਉਸ ਦੇ ਸਾਥੀਆਂ ਨੂੰ ਗਵਾਰਾ ਨਹੀਂ ਹੋ ਰਹੀ ਸੀ । ਉਨ੍ਹਾਂ ਦੱਸਿਆ ਕਿ ਚੰਨੀ ਨੇ ਪ੍ਰਸ਼ਾਸ਼ਨ ਨੂੰ ਮਜਬੂਰ ਕਰਕੇ ਉਨ੍ਹਾਂ 'ਤੇ ਐਫ. ਆਈ. ਆਰ ਨੰਬਰ 69 ਮਿਤੀ 26 ਅਪ੍ਰੈਲ 2020 ਨੂੰ ਦਰਜ ਕਰਾ ਦਿੱਤੀ ਜੋ ਕਿ ਬਿਲਕੁਲ ਝੂਠੀ ਸੀ। ਮਿਤੀ 19 ਮਈ 2023 ਨੂੰ ਅਦਾਲਤ ਰੂਪਨਗਰ ਨੇ ਉਨ੍ਹਾਂ ਨੂੰ ਬਾਇਜਤ ਬਰੀ ਕਰ ਦਿੱਤਾ । ਉਨ੍ਹਾਂ ਕਿਹਾ ਕਿ ਅਜਿਹੇ ਕਾਰਨਾਂ ਕਰਕੇ ਹੀ ਲੋਕਾਂ ਵਿੱਚ ਆਪਣਾ ਵਿਸ਼ਵਾਸ ਲੈਣ ਲਈ ਗੁਰਦਵਾਰਾ ਸਾਹਿਬਾਨ ਵਿੱਚ ਜਾ ਕੇ ਸੌਹਾਂ ਖਾਣੀਆਂ ਪੈ ਰਹੀਆਂ ਹਨ ਪ੍ਰੰਤੂ ਸ਼ਹੀਦਾਂ ਦੀ ਧਰਤੀ ਅਤੇ ਇਸ ਇਲਾਕੇ ਦੇ ਲੋਕਾਂ ਨਾਲ ਧੱਕਾ ਕਰਨ ਕਰਕੇ ਹੀ ਚੰਨੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ । ਇਸ ਮੌਕੇ ਬਾਈ ਪਰਮਿੰਦਰ ਸਿੰਘ ਸੇਖੋਂ, ਗੁਰਦੀਪ ਸਿੰਘ ਭਲਵਾਨ, ਭੁਪਿੰਦਰ ਸਿੰਘ ਭੂਰਾ, ਜਗਤਾਰ ਸਿੰਘ ਕਾਲਾ, ਬਲਦੇਵ ਸਿੰਘ ਹਾਫਿਜਾਬਾਦ ਸਰਪੰਚ ਗੁਰਮੀਤ ਸਿੰਘ ਅਤੇ ਲਖਵੀਰ ਸਿੰਘ ਲੱਖੀ ਆਦਿ ਹਾਜ਼ਰ ਸਨ ।

ਦੋਆਬਾ ਸਕੂਲ ਦੇ ਨੰਨ੍ਹੇ-ਮੁੰਨਿਆਂ ਮਨਾਇਆ ਮਦਰਜ਼ ਡੇ

ਮਾਹਿਲਪੁਰ/(ਸਫਰੀ)-ਇਲਾਕੇ ਦੀ ਨਾਮਵਰ ਵਿਦਿੱਅਕ ਸੰਸਥਾ ਦੋਆਬਾ ਪਬਲਿਕ ਸਕੂਲ ਦੋਹਲਰੋਂ (ਮਾਹਿਲਪੁਰ) ਜੋ ਕਿ ਚੇਅਰਪਰਸਨ ਹਰਪ੍ਰੀਤ ਕੌਰ ਤੇ ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਚਲ ਰਹੀ ਹੈ, ਹਮੇਸ਼ਾ ਹੀ ਵਿੱਦਿਅਕ, ਸਮਾਜਿਕ ਤੇ ਖੇਡਾਂ ਦੀਆਂ ਗਤੀਵਿਧੀਆਂ ਵਿੱਚ ਆਪਣਾ ਨਾਮਣਾ ਖੱਟ ਕੇ ਪਹਿਲੇ ਨੰਬਰ 'ਤੇ ਰਹਿਣ ਲਈ ਪ੍ਰਸਿੱਧ ਹੈ। ਇੱਥੇ ਨਰਸਰੀ, ਐਲ.ਕੇ.ਜੀ ਦੇ ਨੰਨ੍ਹੇ ਮੁੰਨ੍ਹੇ ਬੱਚਿਆਂ ਨੇ ਆਪਣੀ ਮਾਤਾ ਦੇ ਲਈ ਆਪਣੇ ਪਿਆਰ ਦਾ ਇਜ਼ਹਾਰ ਕਰਦਿਆ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਐੱਸ.ਐਮ.ਓ ਜਸਵੰਤ ਸਿੰਘ ਥਿੰਦ ਦੁਆਰਾ ਕੀਤੀ ਗਈ। ਸਭ ਤੋਂ ਪਹਿਲਾਂ ਆਏ ਹੋਏ ਮਹਿਮਾਨਾਂ ਦੁਆਰਾ ਸ਼ਮਾ ਰੌਸ਼ਨ ਕਰਕੇ ਸਰਸਵਤੀ ਮਾਂ ਦਾ ਅਸ਼ੀਰਵਾਦ ਲਿਆ ਗਿਆ। ਪ੍ਰਿੰਸੀਪਲ ਅਰੁਣ ਗੁਪਤਾ ਦੁਆਰਾ ਆਏ ਹੋਏ ਮਹਿਮਾਨਾਂ ਅਤੇ ਸਤਿਕਾਰਤ ਮਾਤਾ ਪਿਤਾ ਦਾ ਨਿੱਘਾ ਸਵਾਗਤ ਕੀਤਾ ਗਿਆ। "ਓ ਮਾਂ, ਮੈਂ ਤੇਰਾ ਲਾਡਲਾ", "ਮੌਮ ਯੂ ਆਰ ਸੁਪਰ ਵੂਮੈਨ" ਗੀਤਾਂ ਤੇ ਨਿੱਕੀਆਂ ਨਿੱਕੀਆਂ ਕਰੂੰਬਲਾਂ ਨੂੰ ਡਾਂਸ ਕਰਦੇ ਹੋਏ ਦੇਖ ਕੇ , ਉਹਨਾਂ ਦੇ ਐਕਸ਼ਨ ਤੇ ਬੋਲਾਂ ਨੂੰ ਸੁਣ ਕੇ ਹਾਲ ਤਾੜੀਆਂ ਨਾਲ ਗੂੰਜ ਉਠਿਆ।। ਮੁੱਖ ਮਹਿਮਾਨ ਨੇ ਮਾਂ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅਸੀਂ ਸਾਰੀ ਉਮਰ ਮਾਂ ਦਾ ਦੇਣਾ ਨਹੀ ਦੇ ਸਕਦੇ। ਉਹਨਾਂ ਨੇ ਬੱਚਿਆਂ ਨੂੰ ਪੌਸ਼ਟਿਕ ਭੋਜਨ ਦੇਣ ਤੇ ਮੋਬਾਇਲ ਤੋਂ ਦੂਰ ਰੱਖਣ ਦੀ ਅਪੀਲ ਕੀਤੀ। ਬੱਚੇ ਦੀ ਸ਼ਖਸ਼ੀਅਤ ਉਪਰ ਸਭ ਤੋਂ ਵੱਧ ਪ੍ਰਭਾਵ ਉਸ ਦੀ ਮਾਂ ਦਾ ਹੀ ਹੁੰਦਾ ਹੈ। ਇਸ ਕਰਕੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਉਣੀਆਂ ਜਰੂਰੀ ਹਨ ਤੇ ਇਸ ਤਰ੍ਹਾਂ ਸਕੂਲ ਵੱਲੋਂ ਅੱਜ ਇਹ ਦਿਨ ਮਨਾ ਕੇ ਬੱਚਿਆਂ ਅੰਦਰ ਮਾਂ ਦੀ ਮਮਤਾ ਨੂੰ ਭਰ ਦਿੱਤਾ ਹੈ। ਹਰਜਿੰਦਰ ਸਿੰਘ ਗਿੱਲ ਅਤੇ ਮੈਡਮ ਸੁਖਵਿੰਦਰ ਕੌਰ ਗਿੱਲ ਵੱਲੋਂ ਸ਼ਲਾਘਾਯੋਗ ਕਾਰਵਾਈ ਲਈ ਅਧਿਆਪਿਕਾਂ ਤੇ ਸਹਿਯੋਗ ਕਰਨ ਲਈ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ। ਇਸ ਮੌਕੇ 'ਤੇ ਮੈਡਮ ਪੂਜਾ ਰਾਣੀ, ਅਜੈ ਕੁਮਾਰੀ, ਮਨਜੀਤ ਕੌਰ, ਮੋਹਿਤ ਸ਼ਰਮਾਂ, ਨਰਿੰਦਰ ਕੌਰ, ਵਿਨੈ ਕੁਮਾਰ, ਸੁਹੇਲ ਗਾਂਧੀ, ਜਸਦੀਪ ਸਿੰਘ, ਪੂਨਮ, ਦੀਪਿਕਾ, ਕੁਲਵੰਤ ਸਿੰਘ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

ਜ਼ਿਲ੍ਹੇ ਦੇ 11 ਵਿਦਿਆਰਥੀ ਮੈਰਿਟ ਸੂਚੀ 'ਚ, ਕੁੜੀਆਂ ਨੇ ਮਾਰੀ ਬਾਜੀ

ਰੋਪੜ (ਬਿੰਦਰਾ) 12ਵੀਂ ਦੇ ਨਤੀਜਿਆਂ ਵਿੱਚ ਫਿਰ ਕੁੜੀਆਂ ਨੇ ਮੁੰਡਿਆਂ ਨੂੰ ਪਛਾੜ ਦਿੱਤਾ ਹੈ। ਜ਼ਿਲ੍ਹੇ ਦੇ 11 ਵਿਦਿਆਰਥੀ ਮੈਰਿਟ ਸੂਚੀ ਵਿੱਚ ਸਾਮਲ ਹਨ। ਇਨ੍ਹਾਂ ਵਿਚੋਂ ਪਹਿਲੀਆਂ 4 ਪੁਜੀਸ਼ਨਾਂ ਕੁੜੀਆਂ ਦੀਆਂ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬਸੀ ਦੀ ਵਿਦਿਆਰਥਣ ਮਨਪ੍ਰੀਤ ਕੌਰ 98.60 % ਅੰਕ ਲੈ ਕੇ ਜ਼ਿਲ੍ਹੇ 'ਚ ਪਹਿਲੇ ਸਥਾਨ 'ਤੇ ਰਹੀ। ਉਸਦਾ ਬੋਰਡ ਵਿੱਚ ਸਤਵਾਂ ਸਥਾਨ ਹੈ। ਬੀ ਜੀ ਐਸ ਪਬਲਿਕ ਸਕੂਲ ਪਬਲਿਕ ਸਕੂਲ ਸਮੁੰਦੜੀਆ ਦੀ ਗੁਰਲੀਨ ਕੌਰ ਨੇ 98.40%ਅੰਕ ਪ੍ਰਾਪਤ ਕਰ ਕੇ ਜ਼ਿਲ੍ਹੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਬੋਰਡ ਵਿੱਚ ਉਹਦਾ ਅਠਵਾਂ ਸਥਾਨ ਹੈ। ਸਰਕਾਰੀ ਸੀਨੀਅਰ ਸਕੂਲ ਚਨੌਲੀ ਬਸੀ ਦੀ ਮਨਪ੍ਰੀਤ ਕੌਰ 97.80% ਅੰਕਾਂ ਨਾਲ ਜ਼ਿਲ੍ਹੇ ਵਿੱਚ ਤੀਜੇ ਸਥਾਨ 'ਤੇ ਰਹੀ। ਬੋਰਡ ਵਿੱਚ 11ਵਾਂ ਸਥਾਨ ਪ੍ਰਾਪਤ ਕੀਤਾ। ਸਰਕਾਰੀ ਸੀਨੀਅਰ ਸਕੂਲ ਦੀ ਪ੍ਰੀਤੀ ਨੇ 97.60%0 ਅੰਕ ਲੈ ਕੇ ਜ਼ਿਲ੍ਹੇ ਵਿੱਚ ਚੌਥਾ ਤੇ ਬੋਰਡ ਵਿੱਚ 12ਵਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਦੀ ਬਿਨੀ ਦੇਵੀ 97.40%, ਸੁਮੀਤ ਕੁਮਾਰ ਡੀ ਏ ਵੀ ਸਕੂਲ ਰੋਪੜ 97.40%, ਅਨਮੋਲ ਸਿੰਘ ਸਸਸਸ ਸਲੇਮਪੁਰ 97.40% ਨੇ ਬੋਰਡ ਵਿੱਚ 13ਵਾਂ , ਨਵਜੋਤ ਕੌਰ ਚਨੌਲੀ ਬਸੀ 97.20%, ਭੁਪਿੰਦਰ ਕੌਰ 97.20% ਅੰਕ ਨੇ ਬੋਰਡ ਵਿੱਚ 14ਵਾਂ ਸਥਾਨ , ਸਰਕਾਰੀ ਸੀਨੀਅਰ ਸਕੂਲ ਤਖਤਗੜ੍ਹ ਦੀ ਤਰਨਜੀਤ ਕੌਰ ਅਤੇ ਭਾਈ ਨੰਦ ਲਾਲ ਖਾਲਸਾ ਸਕੂਲ ਮੋਰਿੰਡਾ ਦੀ ਮਿਲਨਦੀਪ ਕੌਰ 97% ਅੰਕਾਂ ਨਾਲ ਬੋਰਡ ਵਿੱਚ 15ਵੇਂ ਸਥਾਨ 'ਤੇ ਰਹੇ। ਡਿਪਟੀ ਕਮਿਸ਼ਨਰ ਰੂਪਨਗਰ ਅਮਨਦੀਪ ਕੌਰ ਨੇ ਇਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਹੈ।